ਨਗਰ ਨਿਗਮ ਜਲੰਧਰ



ਨਗਰ ਨਿਗਮ ਹਾਊਸ ਦੀ ਮੀਟਿੰਗ ਮਿਤੀ 29.11.2019 ਦੀ ਕਾਰਵਾਈ

(ਮਤਾ ਨੰ: 3 ਤੋਂ 122 ਤੱਕ)

ਨਗਰ ਨਿਗਮ ਜਲੰਧਰ ਹਾਊਸ ਮੀਟਿੰਗ ਮਿਤੀ 29.11.2019 ਨੂੰ ਹੋਈ ਦੀ ਕਾਰਵਾਈ ।

ਮਿਤੀ 29.11.2019 ਨੂੰ ਨਗਰ ਨਿਗਮ ਹਾਊਸ ਦੀ ਮੀਟਿੰਗ ਸਮਾਂ ਬਾਅਦ ਦੁਪਹਿਰ 3:00 ਵਜੇ ਡਾ: ਬੀ.ਆਰ. ਅੰਬੇਦਕਰ ਪ੍ਰਸ਼ਾਸਕੀ ਕੰਪਲੈਕਸ, ਦੂਸਰੀ ਮੰਜਿਲ, ਮੀਟਿੰਗ ਹਾਲ, ਨਗਰ ਨਿਗਮ, ਨਹਿਰੂ ਗਾਰਡਨ ਵਿਖੇ ਹੋਈ, ਜਿਸ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

ਲੜੀ ਨੰ:	ਵਾਰਡ ਨੰ:	ਨਾਮ
1.	48	ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ
2.	39	ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ
3.	44	ਸ਼੍ਰੀ ਹਰਸਿਮਰਨਜੀਤ, ਡਿਪਟੀ ਮੇਅਰ
4.	2	ਸ਼੍ਰੀ ਸੁਸ਼ੀਲ ਕੁਮਾਰ, ਕੌਂਸਲਰ
5.	3	ਸ਼੍ਰੀਮਤੀ ਰਿਸ਼ਾ ਸੈਣੀ, ਕੌਂਸਲਰ
6.	4	ਸ਼੍ਰੀ ਪਰਮਜੀਤ ਸਿੰਘ, ਕੌਂਸਲਰ
7.	6	ਸ਼੍ਰੀ ਨਿਰਮਲ ਸਿੰਘ, ਕੌਂਸਲਰ
8.	8	ਸ਼੍ਰੀ ਜੇ.ਪੀ ਸ਼ਮਸ਼ੇਰ ਖਹਿਰਾ, ਕੌਂਸਲਰ
9.	9	ਸ਼੍ਰੀਮਤੀ ਮਨਦੀਪ ਕੌਰ, ਕੌਂਸਲਰ,
10.	10	ਸ਼੍ਰੀ ਮਨਦੀਪ ਕੁਮਾਰ ਜੱਸਲ, ਕੌਂਸਲਰ
11.	11	ਸ਼੍ਰੀਮਤੀ ਪ੍ਰਵੀਨਾ, ਕੌਂਸਲਰ
12.	12	ਸ਼੍ਰੀ ਜਗਦੀਸ਼ ਕੁਮਾਰ, ਕੌਂਸਲਰ
13.	13	ਸ਼੍ਰੀਮਤੀ ਬਿਮਲਾ ਰਾਨੀ, ਕੌਂਸਲਰ
14.	14	ਸ਼੍ਰੀ ਮਨਜਿੰਦਰ ਸਿੰਘ ਚੱਠਾ, ਕੌਂਸਲਰ
15.	15	ਸ਼੍ਰੀਮਤੀ ਡੋਲੀ, ਕੌਂਸਲਰ
16.	16	ਸ਼੍ਰੀ ਮਨਮੋਹਣ ਸਿੰਘ, ਕੌਂਸਲਰ
17.	17	ਸ਼੍ਰੀਮਤੀ ਸ਼ੈਲੀ ਖੰਨਾਂ, ਕੌਂਸਲਰ
18.	19	ਸ਼੍ਰੀਮਤੀ ਉਮਾ ਬੇਰੀ, ਕੌਂਸਲਰ
19.	20	ਸ਼੍ਰੀਮਤੀ ਜਸਲੀਨ ਸੇਠੀ, ਕੌਂਸਲਰ
20.	21	ਸ਼੍ਰੀਮਤੀ ਮਨਜੀਤ ਕੌਰ, ਕੌਂਸਲਰ
21.	22	ਸ਼੍ਰੀ ਪ੍ਰੱਭਦਿਆਲ, ਕੌਂਸਲਰ
22.	23	ਸ਼੍ਰੀਮਤੀ ਨੀਰਜਾ ਜੈਨ, ਕੌਂਸਲਰ
23.	24	ਸ਼੍ਰੀ ਰਜਿੰਦਰ ਕੁਮਾਰ ਜੁਨੇਜਾ, ਕੌਂਸਲਰ
24.	25	ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ
25.	26	ਸ਼੍ਰੀ ਰੋਹਨ ਸਹਿਗਲ, ਕੌਂਸਲਰ
26.	28	ਸ਼੍ਰੀ ਬਲਰਾਜ ਠਾਕੁਰ, ਕੌਂਸਲਰ
27.	29	ਸ਼੍ਰੀਮਤੀ ਪਰਮਜੀਤ ਕੌਰ ਬਾਗੜੀ, ਕੌਂਸਲਰ
28.	30	ਸ਼੍ਰੀ ਪਵਨ ਕੁਮਾਰ, ਕੌਂਸਲਰ
29.	31	ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ
30.	32	ਸ਼੍ਰੀ ਸੁੱਚਾ ਸਿੰਘ, ਕੌਂਸਲਰ
31.	33	ਸ਼੍ਰੀਮਤੀ ਕਮਲਾ ਰਾਣੀ , ਕੌਂਸਲਰ
32.	34	ਸ਼੍ਰੀ ਤਰਸੇਮ ਸਿੰਘ, ਕੌਂਸਲਰ
33.	35	ਸ਼੍ਰੀਮਤੀ ਗੀਤਾ ਰਾਣੀ, ਕੌਂਸਲਰ
34.	36	ਸ਼੍ਰੀ ਬਚਨ ਲਾਲ, ਕੌਂਸਲਰ
35.	37	ਸ਼੍ਰੀਮਤੀ ਕਮਲੇਸ਼ ਗਰੋਵਰ, ਕੌਂਸਲਰ
36.	38	ਸ਼੍ਰੀ ਓਮਕਾਰ ਰਜੀਵ, ਕੌਂਸਲਰ
37.	40	ਸ਼੍ਰੀ ਵਰੇਸ਼ ਕੁਮਾਰ, ਕੌਂਸਲਰ
38.	41	ਸ਼੍ਰੀਮਤੀ ਅਨੀਤਾ, ਕੌਂਸਲਰ
39.	42	ਸ਼੍ਰੀਮਤੀ ਸੁਨੀਤਾ, ਕੌਂਸਲਰ
40.	43	ਸ਼੍ਰੀਮਤੀ ਬਬੀਤਾ ਰਾਣੀ, ਕੌਂਸਲਰ
41.	45	ਸ਼੍ਰੀਮਤੀ ਜਸਪਾਲ ਕੌਰ, ਕੌਂਸਲਰ
42.	46	ਸ਼੍ਰੀਮਤੀ ਅਨੀਤਾ, ਕੌਂਸਲਰ
43.	47	ਸ਼੍ਰੀਮਤੀ ਬਲਵਿੰਦਰ ਕੌਰ, ਕੌਂਸਲਰ
44.	49	ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ

45.	51	ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ
46.	53	ਸ਼੍ਰੀਮਤੀ ਰਜਨੀ ਬਾਹਰੀ, ਕੌਂਸਲਰ
47.	54	ਸ਼੍ਰੀਮਤੀ ਰੀਟਾ ਸ਼ਰਮਾ, ਕੌਂਸਲਰ
48.	55	ਸ਼੍ਰੀਮਤੀ ਵੰਦਨਾ, ਕੌਂਸਲਰ
49.	56	ਸ਼੍ਰੀ ਪੱਲੀ ਅੱਪਨ, ਕੌਂਸਲਰ
50.	58	ਸ਼੍ਰੀ ਰਾਜਵਿੰਦਰ ਸਿੰਘ ਰਾਜਾ, ਕੌਂਸਲਰ
51.	59	ਸ਼੍ਰੀਮਤੀ ਰੀਨਾ, ਕੌਂਸਲਰ
52.	60	ਸ਼੍ਰੀ ਅਵਤਾਰ ਸਿੰਘ, ਕੌਂਸਲਰ
53.	61	ਸ਼੍ਰੀਮਤੀ ਰਿਸ਼ਮਾ ਖੋਸਲਾ, ਕੌਂਸਲਰ
54.	62	ਸ੍ਰੀ ਦੀਪਕ ਸ਼ਾਰਦਾ, ਕੌਂਸਲਰਰ
55.	64	ਸ਼੍ਰੀ ਸੁਸ਼ੀਲ ਕਾਲੀਆ, ਕੌਂਸਲਰ
56.	65	ਸ਼੍ਰੀਮਤੀ ਅੰਜਲੀ , ਕੌਂਸਲਰ
57.	66	ਸ਼੍ਰੀ ਦਵਿੰਦਰ ਸਿੰਘ, ਕੌਂਸਲਰ
58.	67	ਸ਼੍ਰੀਮਤੀ ਕਵਲਜੀਤ ਕੌਰ ਗੁੱਲੂ, ਕੌਂਸਲਰ
59.	68	ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲ ਕੰਠ, ਕੌਂਸਲਰ
60.	69	ਸ਼੍ਰੀਮਤੀ ਸਰਫੋ ਦੇਵੀ, ਕੌਂਸਲਰ
61.	70	ਸ਼੍ਰੀ ਗਿਆਨ ਚੰਦ, ਕੌਂਸਲਰ
62.	71	ਸ਼੍ਰੀਮਤੀ ਸਤਿੰਦਰਜੀਤ ਕੌਰ, ਕੌਂਸਲਰ
63.	72	ਸ਼੍ਰੀ ਮਿੰਟੂ, ਕੌਂਸਲਰ
64.	73	ਸ਼੍ਰੀਮਤੀ ਚੰਦਰਜੀਤ ਕੌਰ ਸੰਧਾ, ਕੌਂਸਲਰ
65.	75	ਸ਼੍ਰੀਮਤੀ ਅਨੀਤਾ ਰਾਣੀ, ਕੌਂਸਲਰ
66.	76	ਸ਼੍ਰੀ ਲਖਵੀਰ ਸਿੰਘ, ਕੌਂਸਲਰ
67.	77	ਸ਼੍ਰੀਮਤੀ ਸ਼ਵੇਤਾ ਧੀਰ, ਕੌਂਸਲਰ
68.	78	ਸ਼੍ਰੀ ਜਗਦੀਸ਼ ਰਾਮ, ਕੌਂਸਲਰ
69.	80	ਸ੍ਰੀ ਦੇਸ਼ ਰਾਜ ਜੱਸਲ, ਕੌਂਸਲਰ

ਕੁਲ ਹਾਜ਼ਰ ਮੈਂਬਰ: 69

ਸਹੀ/- ਜਗਦੀਸ ਰਾਜ ਰਾਜਾ, ਮੇਅਰ
29.11.2019

ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਸਮੂਹ ਮੈਂਬਰ ਸਾਹਿਬਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਨਗਰ ਨਿਗਮ, ਹਾਊਸ ਦੀ ਮੀਟਿੰਗ ਵਿੱਚ ਮੈਂ ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ, ਕਮਿਸ਼ਨਰ, ਨਗਰ ਨਿਗਮ, ਜਲੰਧਰ ਸਮੂਹ ਕੌਂਸਲਰ ਸਾਥੀ, ਨਿਗਮ ਅਧਿਕਾਰੀ ਅਤੇ ਮੀਡੀਆਂ ਤੋਂ ਆਏ ਹੋਏ ਨੁਮਾਇੰਦਿਆਂ ਨੂੰ ਜੀ ਆਇਆ ਆਖਦਾ ਹਾਂ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਕੁੱਝ ਦੀਵੰਗਤ ਆਤਮਾਵਾਂ ਜ਼ੋ ਪਿੱਛੇ ਜਿਹੇ ਆਕਾਲ ਚਲਾਣਾ ਕਰ ਗਈਆਂ ਹਨ, ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ, ਜਿਹਨਾਂ ਵਿੱਚੋ ਸ੍ਰੀ ਰਜਨੀਸ਼ ਕੁਮਾਰ ਬੱਬੀ, ਐਮ.ਐਲ.ਏ., ਸ੍ਰੀ ਅਵਿਨਾਸ਼ ਚੰਦਰ, ਐਮ.ਐਲ.ਏ. ਜੀ ਦੀ ਮਾਤਾ ਸ੍ਰੀਮਤੀ ਭਾਗ ਦੇਵੀ ਜੀ ਹਨ। ਉਹਨਾਂ ਸਮੂਹ ਹਾਊਸ ਨੂੰ ਬੇਨਤੀ ਕੀਤੀ ਕਿ ਇਹਨਾਂ ਦੀਵੰਗਤ ਆਤਮਾਵਾਂ ਤੋਂ ਇਲਾਵਾਂ ਜੇਕਰ ਕੋਈ ਹੋਰ ਨਾਮ ਸ਼ਾਮਿਲ ਕਰਨਾ ਹੋਵੇ ਤਾਂ ਦੱਸ ਦਿੱਤਾ ਜਾਵੇ।ਸ੍ਰੀ ਸੁਸ਼ੀਲ ਕਾਲੀਆ, ਕੌਂਸਲਰ ਵਲੋਂ ਮੇਅਰ ਜੀ ਦੇ ਮਾਤਾ ਜੀ ਦੇ ਦੇਹਾਂਤ ਤੇ ਉਹਨਾਂ ਪ੍ਰਤੀ ਸ਼ੋਕ ਪ੍ਰਸਤਾਵ ਪੇਸ਼ ਕੀਤਾ ।

ਇਸ ਉਪਰੰਤ ਮੇਅਰ ਜੀ ਨੇ ਦੀਵੰਗਤ ਆਤਮਾਵਾਂ ਪ੍ਰਤੀ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਨ ਲਈ ਕਿਹਾ ਅਤੇ ਸਮੂਹ ਮੈਂਬਰਾਂ ਨੇ ਖੜੇ ਹੋ ਕੇ ਦੋ ਮਿੰਟ ਦਾ ਮੋਨ ਧਾਰਿਆ ।

ਇਸ ਉਪਰੰਤ ਮੇਅਰ ਜੀ ਨੇ 10 ਮਿੰਟਾਂ ਲਈ ਮੀਟਿੰਗ ਨੂੰ ਮੁਲਤਵੀ ਕਰਨ ਦੇ ਆਦੇਸ਼ ਦਿੱਤੇ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ
29.11.2019

ਦੋਬਾਰਾ ਮੀਟਿੰਗ ਸ਼ੁਰੂ ਹੋਣ ਤੇ ਮੇਅਰ ਜੀ ਨੇ ਸਮੂਹ ਹਾਊਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜ਼ੀਰੋ ਆਵਰ ਸ਼ੁਰੂ ਕਰਨ ਤੋਂ ਪਹਿਲਾਂ ਇਸ ਅਜੰਡੇ ਵਿੱਚ ਸਰਕਾਰ ਵਲੋਂ ਭੇਜੀ ਗਈ ਨਵੀਂ ਵਾਟਰ ਪਾਲਿਸੀ ਆਈ ਹੈ ਜ਼ੋ ਕਿ ਮਤਾ ਨੰ: 117 ਤੇ ਹੈ, ਉਸ ਤੇ ਫੈਸਲਾ ਤਾਂ ਉਸ ਨੂੰ ਪੜ੍ਹਣ ਉਪਰੰਤ ਹੀ ਲਿਆ ਜਾਣਾ ਹੈ ਪਰ ਮੈਂ ਇਸ ਦੀ ਮਹੱਤਤਾ ਬਾਰੇ ਸਮੂਹ ਕੌਂਸਲਰਾਂ ਨੂੰ ਦੱਸਣਾ ਚਾਹੁੰਦਾ ਹਾਂ ਤਾਂ ਕਿ ਆਮ ਪਬਲਿਕ ਨੂੰ ਵੀ ਇਸ ਬਾਰੇ ਜਾਣਕਾਰੀ ਹੋ ਸਕੇ । ਇਹ ਸਭ ਨੂੰ ਪਤਾ ਹੈ ਕਿ ਜ਼ਮੀਨੀ ਪਾਣੀ ਦਾ ਪੱਧਰ ਦਿਨ-ਬ-ਦਿਨ ਬਹੁਤ ਥਲ੍ਹੇ ਜਾ ਰਿਹਾ ਹੈ ਅਤੇ ਬਾਕੀ ਰਾਜਾਂ ਦੀ ਤਰ੍ਹਾਂ ਪੰਜਾਬ ਵਿੱਚ ਵੀ ਇਹ ਸੱਮਸਿਆ ਬਹੁਤ ਗੰਭੀਰ ਹੋ ਰਹੀ ਹੈ । ਇਸ ਲਈ ਸਾਨੂੰ ਇਸ ਸੱਮਸਿਆ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ੍ਹ ਹੈ । ਮੇਰੀ ਰਾਏ ਵਿੱਚ ਸਰਕਾਰ ਵਲੋਂ ਸਰਫੇਸ ਵਾਟਰ ਦੀ ਤਜ਼ਵੀਜ਼ ਜ਼ੋ ਕਿ ਹਾਊਸ ਪਹਿਲਾਂ ਹੀ ਮੰਜੂਰ ਕਰ ਚੁੱਕਾ ਹੈ, ਉਸ ਨੂੰ ਲਾਗੂ ਕਰਨ ਲਈ ਯੁਕਤੀਸੰਗਤ ਪਾਣੀ ਦੇ ਰੇਟ ਲਾਗੂ ਕਰਨੇ ਪੈਣਗੇ । ਸਰਕਾਰ ਵਲੋਂ ਸੁਝਾਓ ਦਿੱਤਾ ਗਿਆ ਹੈ ਕਿ ਸਿਰਫ 50 ਵਰਗ ਗਜ ਤੱਕ ਦੇ ਸਿੰਗਲ ਸਟੋਰੀ ਜਾਇਦਾਦਾਂ ਨੂੰ 10 ਕਿਲੋ ਲੀਟਰ ਪਾਣੀ ਮੁਫ਼ਤ ਦਿੱਤਾ ਜਾਵੇ । ਇਸ ਬਾਰੇ ਮੇਰੀ ਰਾਏ ਹੈ ਕਿ ਅਜਿਹੀ ਸੁਵਿਧਾ ਹਰ ਸ਼ਹਿਰੀ ਨੂੰ ਮਿਲਣੀ ਚਾਹੀਦੀ ਹੈ ਕਿਉਂਕਿ ਪਾਣੀ ਇੱਕ ਵੱਡੀ ਸੋਗਾਤ ਹੈ ਅਤੇ ਸਾਡਾ ਫਰਜ਼ ਹੈ ਕਿ ਅਸੀਂ ਸਾਰਿਆਂ ਨੂੰ ਪੀਣ ਵਾਲਾ ਪਾਣੀ ਮੁੱਹਈਆ ਕਰਵਾਈਏ ਪਰ ਇਸ ਦੇ ਨਾਲ ਨਾਲ ਇਹ ਵੇਖਣ ਵਾਲੀ ਗੱਲ ਹੈ ਕਿ ਵਾਟਰ ਸਪਲਾਈ ਸੁਵਿਧਾ ਪ੍ਰਦਾਨ ਕਰਨ ਨਾਲ ਜ਼ੋ ਖ਼ਰਚ ਨਗਰ ਨਿਗਮ ਵਲੋਂ ਕੀਤਾ ਜਾ ਰਿਹਾ ਹੈ ਉਸ ਦੀ ਵਾਪਸੀ, ਮੇਨਟੀਨੈਂਸ ਦੇ ਖ਼ਰਚੇ ਦੇ ਬਰਾਬਰ ਵੀ ਨਹੀਂ ਹੋ ਰਹੀ ਜਿਸ ਨਾਲ ਬਾਕੀ ਸ਼ਹਿਰੀ ਸੁਵਿਧਾਵਾਂ ਦੇਣ ਵਿੱਚ ਵੀ ਦਿੱਕਤ ਪੇਸ਼ ਆ ਰਹੀ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਪਾਣੀ ਦੇ ਰੇਟ ਵੱਧਣੇ ਚਾਹੀਦੇ ਹਨ । ਸਰਕਾਰ ਦੀ ਪਾਲਿਸੀ ਹੈ ਕਿ ਪਾਣੀ ਦੀ ਸਪਲਾਈ ਤੇ ਕੰਟਰੋਲ ਕਰਨ ਲਈ ਮੀਟਰ ਲਗਾਏ ਜਾਣ । ਇਸ ਲਈ ਮੈਂ ਕਾਫੀ ਵਿਚਾਰ ਕੀਤਾ ਹੈ । ਸ਼ਹਿਰ ਵਿੱਚ ਲਗਭੱਗ 2.50 ਲੱਖ ਯੁਨਿਟ ਹਨ ਅਤੇ ਮੀਟਰ ਲੱਗਣ ਨਾਲ ਫਿਰ ਇੰਸਪੈਕਟਰੀ ਰਾਜ ਹੋ ਜਾਵੇਗਾ ਅਤੇ ਜਿਸ ਨਾਲ ਨਗਰ ਨਿਗਮ ਦੀ ਆਮਦਨ ਨੂੰ ਵੀ ਬਹੁਤ ਲਾਭ ਸ਼ਾਇਦ ਨਾ ਹੋ ਸਕੇ ਕਿਉਂਕਿ ਇੰਨੇ ਮੀਟਰਾਂ ਦੀ ਸਾਂਭ-ਸੰਭਾਲ ਕਰਨਾ ਮੁਸ਼ਕਲ ਹੈ। ਪਰ ਪਾਣੀ ਦੀ ਫਿਜ਼ੂਲਖ਼ਰਚੀ ਰੋਕਣ ਲਈ ਮੇਰੀ ਤਾਂ ਰਾਏ ਹੈ ਕਿ ਸਾਨੂੰ ਪਾਣੀ ਦੀ ਸਪਲਾਈ ਦਾ ਸਮਾਂ ਘਟਾ ਕੇ ਇਸ ਸੱਮਸਿਆ ਤੇ ਕਾਬੂ ਕਰਨਾ ਚਾਹੀਦਾ ਹੈ । ਜਿੱਥੇ ਤੱਕ ਪਾਣੀ ਦੀ ਸਪਲਾਈ ਦੇ ਰੇਟ ਹਨ, ਉਹਨਾਂ ਨੂੰ ਯੁਕਤੀਸੰਗਤ ਤਰੀਕੇ ਨਾਲ ਵਧਾਇਆ ਜਾਣਾ ਚਾਹੀਦਾ ਹੈ ਜਿਸ ਨਾਲ ਇਸ ਸੁਵਿਧਾ ਨੂੰ ਮੁੱਹਈਆ ਕਰਵਾਉਣ ਤੇ ਆਮਦਨ ਖ਼ਰਚ ਬਰਾਬਰ ਰਹੇ । ਸਰਕਾਰ ਵਲੋਂ ਆਈ ਤਜ਼ਵੀਜ਼ ਵੇਖ਼ਣ ਤੇ ਮੈਨੂੰ ਤੱਥਾਂ ਵਿੱਚ ਆਪਸੀ ਮਤਭੇਦ ਨਜ਼ਰ ਆਏ ਹਨ ਜਿਨ੍ਹਾਂ ਤੇ ਵਿਚਾਰ ਜ਼ਰੂਰੀ ਹੈ ਅਤੇ ਇਸ ਸਭ ਬਾਰੇ ਮਤਾ ਪੜ੍ਹੇ ਜਾਣ ਉਪਰੰਤ ਵਿਚਾਰ ਕੀਤਾ ਜਾਵੇ ।

ਇਸ ਉਪਰੰਤ ਮੇਅਰ ਜੀ ਨੇ ਆਦੇਸ਼ ਦਿੱਤੇ ਕਿ ਜ਼ੀਰੋ ਆਵਰ ਸ਼ੁਰੂ ਕੀਤਾ ਜਾਵੇ ਅਤੇ ਹਰੇਕ ਕੌਂਸਲਰ ਨੂੰ ਆਪਣੀ ਆਪਣੀ ਗੱਲ ਰੱਖਣ ਦਾ ਮੌਕਾ ਮਿਲੇ ਅਤੇ ਪੂਰੇ ਮਰਿਆਦਾ ਵਿੱਚ ਰਹਿ ਕੇ ਆਪਣੀ ਗੱਲ ਉਠਾਈ ਜਾਵੇ ।

ਸ੍ਰੀ ਪਰਮਜੀਤ ਸਿੰਘ ਰੇਰੂ, ਕੌਂਸਲਰ ਨੇ ਕਿਹਾ ਕਿ ਮੇਅਰ ਜੀ ਤੁਸੀਂ ਜਿਹੜੀ ਵਾਟਰ ਮੀਟਰ ਪਾਲਿਸੀ ਅਜੰਡੇ ਵਿੱਚ ਰੱਖੀ ਹੈ, ਉਸ ਵਿੱਚ 5 ਮਰਲੇ ਤੱਕ ਦੇ ਮਕਾਨ ਜਿਨ੍ਹਾਂ ਨੂੰ ਪਹਿਲਾਂ ਪੀਣ ਵਾਲੇ ਪਾਣੀ ਦੀ ਸਹੂਲਤ ਮੁਫ਼ਤ ਦਿੱਤੀ ਜਾ ਰਹੀ ਸੀ, ਨੂੰ ਵੀ ਬਿਲ ਲਗਾ ਦਿੱਤੇ ਹਨ ਅਤੇ ਬਿਲ ਵੀ ਕਈ ਗੁਣਾਂ ਰੇਟਾਂ ਤੇ ਲਗਾਏ ਜਾ ਰਹੇ ਹਨ । ਇਹ ਹੀ ਨਹੀਂ ਮੀਟਰ ਵੀ ਉਹ ਆਪ ਲਗਾਉਣਗੇ ਜਿਸ ਦਾ ਅਸੀਂ ਵਿਰੋਧ ਕਰਦੇ ਹਾਂ । ਮਹਿਕਮਾਂ ਤਾਂ ਤਿੰਨ-ਤਿੰਨ ਸਾਲ ਲੋਕਾਂ ਨੂੰ ਬਿਲ ਹੀ ਨਹੀਂ ਭੇਜਦਾ । ਇਸ ਤੇ ਮੇਅਰ ਜੀ ਨੇ ਉਹਨਾਂ ਨੂੰ ਦੱਸਿਆ ਕਿ ਸ਼ਾਇਦ ਤੁਸੀਂ ਮੇਰੀ ਗੱਲ ਚੰਗੀ ਤਰ੍ਹਾਂ ਸੁਣੀ ਨਹੀਂ ਹੈ । ਮੈਂ ਜਿਹੜੀਆਂ ਤਜ਼ਵੀਜ਼ਾਂ ਇਸ ਪਾਲਿਸੀ ਲਈ ਦਿੱਤੀਆਂ ਹਨ ਉਹ ਲੋਕਾਂ ਦੇ ਹਿੱਤ ਵਿੱਚ ਹੀ ਦਿੱਤੀਆਂ ਹਨ।ਆਉਣ ਵਾਲੀ ਪੀੜੀ ਲਈ ਗਰਾਉਂਡ ਵਾਟਰ ਦੇ ਬਚਾਓ ਕਾਰਣ ਹੀ ਇਹ ਤਜ਼ਵੀਜ਼ਾਂ ਦਿੱਤੀਆਂ ਹਨ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ, ਨੇ ਮੁੱਦਾ ਉਠਾਇਆ ਕਿ ਐਨ.ਜੀ.ਟੀ. ਦੇ ਆਦੇਸ਼ਾਂ ਨਾਲ ਮਕਸੂਦਾਂ ਡਿਸਪੋਜ਼ਲ ਤੋਂ 90 ਹਾਰਸ ਪਾਵਰ ਦੀ ਮੋਟਰ ਉਤਾਰ ਦਿੱਤੀ ਗਈ ਹੈ ਅਤੇ ਸਾਰਾ ਸੀਵਰੇਜ਼ ਡਰੇਨ ਵਿੱਚ ਸੁੱਟਣਾ ਬੰਦ ਕਰ ਦਿੱਤਾ ਹੈ । ਇਸ ਤੋਂ ਇਲਾਵਾ ਫੋਕਲ ਪੁਆਇੰਟ ਦਾ ਪਾਣੀ ਵੀ ਸੀਵਰੇਜ਼ ਨਾਲ ਜ਼ੋੜ ਦਿੱਤਾ ਗਿਆ ਹੈ ਜਿਸ ਨਾਲ ਭਗਤ ਸਿੰਘ ਕਲੋਨੀ ਅਤੇ ਆਲ੍ਹੇ-ਦੁਆਲ੍ਹੇ ਦੇ ਇਲਾਕਿਆਂ ਵਿੱਚ ਸੀਵਰੇਜ਼ ਦੀ ਬਹੁਤ ਵੱਡੀ ਸੱਮਸਿਆ ਪੈਦਾ ਹੋ ਗਈ ਹੈ । ਇਹ ਦੱਸਿਆ ਜਾਵੇ ਕਿ ਸਾਲ 1992 ਤੋਂ ਲੈ ਕੇ ਹੁਣ ਤੱਕ ਇਹਨਾਂ 600 ਦੇ ਲਗਭਗ ਫੈਕਟਰੀਆਂ ਜਿਨ੍ਹਾਂ ਦੇ ਸੀਵਰ ਕੁਨੈਕਸ਼ਨਾਂ ਨੂੰ ਨਗਰ ਨਿਗਮ ਦੇ ਸੀਵਰੇਜ਼ ਨਾਲ ਜ਼ੋੜਿਆ ਗਿਆ ਹੈ, ਕਿੰਨਾ ਪੈਸਾ ਇੱਕਠਾ ਕੀਤਾ ਗਿਆ ਹੈ । ਫੈਕਟਰੀਆਂ ਦਾ ਕੈਮੀਕਲ ਯੁਕਤ ਪਾਣੀ ਸੀਵਰੇਜ਼ ਨਾਲ ਜ਼ੋੜਣ ਨਾਲ ਪੀਣ ਵਾਲੇ ਪਾਣੀ ਦੀ ਮਿਕਸਿੰਗ ਹੋ ਰਹੀ ਹੈ ਅਤੇ ਲੋਕਾਂ ਨੂੰ ਗੰਦਾ ਪਾਣੀ ਮਿਲ ਰਿਹਾ ਹੈ । ਇਸ ਤੋਂ ਇਲਾਵਾ ਉਹਨਾਂ ਮੁੱਦਾ ਉਠਾਇਆ ਕਿ ਉਹ ਪਹਿਲਾਂ ਵੀ ਕਹਿ ਚੁੱਕੇ ਹਨ ਕਿ ਭਾਂਵੇਂ ਪੰਜਾਬ ਸਰਕਾਰ ਵਲੋਂ ਉਦਘਾਟਨੀ ਪੱਥਰ ਲਗਾਉਣ ਤੇ ਰੋਕ ਲਗਾਈ ਹੋਈ ਹੈ ਪਰ ਫਿਰ ਵੀ ਜਿਹੜੇ ਨਗਰ ਨਿਗਮ ਦੇ ਵਿਕਾਸ ਦੇ ਕੰਮਾਂ ਸਬੰਧੀ ਉਦਘਾਟਨੀ ਪੱਥਰ ਲਗਾਏ ਜਾ ਰਹੇ ਹਨ ਉਹਨਾਂ ਪੱਥਰਾਂ ਤੇ ਚੁੰਣੇ ਹੋਏ ਕੌਂਸਲਰਾਂ ਦੇ ਨਾਮ ਨਾ ਲਿਖ ਕੇ ਹਾਰੇ ਹੋਏ ਕੌਂਸਲਰਾਂ ਦੇ ਨਾਮ ਲਿਖੇ ਜਾ ਰਹੇ ਹਨ ।ਸਲੇਮਪੁਰ ਮੁਸਲਮਾਨਾਂ ਵਿਖੇ ਕੂੜਾ ਨਹੀਂ ਚੁੱਕਿਆ ਜਾ ਰਿਹਾ ਹੈ । ਦੱਸਿਆ ਜਾਵੇ ਕਿ ਸ਼ਹਿਰ ਕਿੰਨਾਂ ਕੁ ਪਲਾਸਟਿਕ ਮੁਕਤ ਹੋਇਆ ਹੈ ।

ਇਸੇ ਦੌਰਾਣ ਸ੍ਰੀ ਦੇਸ ਰਾਜ ਜੱਸਲ, ਕੌਂਸਲਰ ਨੇ ਵਿੱਚ ਬੋਲਦਿਆਂ ਉਹਨਾਂ ਨੂੰ ਟੋਕਿਆ ਅਤੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਤੁਹਾਡੀ ਸਰਕਾਰ ਰਹੀ ਹੈ ਅਤੇ ਮੈਂ ਕੌਂਸਲਰ ਸੀ ਤੇ ਮੇਰਾ ਕਦੇ ਵੀ ਕਿਸੇ ਉਦਘਾਟਨੀ ਪੱਥਰ ਤੇ ਨਾਮ ਨਹੀਂ ਲਿਖਿਆ ਗਿਆ । ਇਸ ਗੱਲ ਤੇ ਸ੍ਰੀ ਦਵਿੰਦਰ ਸਿੰਘ ਰੋਨੀ, ਸ੍ਰੀ ਪਰਮਜੀਤ ਸਿੰਘ ਰੇਰੂ, ਸ੍ਰੀ ਵਰੇਸ਼ ਕੁਮਾਰ ਮਿੰਟੂ, ਸ੍ਰੀ ਗੁਰਵਿੰਦਰ ਪਾਲ ਸਿੰਘ ਬੰਟੀ ਨੀਲਕੰਠ, ਸ੍ਰੀ ਸੁਸ਼ੀਲ ਕਾਲੀਆ ਅਤੇ ਹੋਰ ਕਈ ਕੌਂਸਲਰਾਂ ਨੇ ਖੜੇ ਹੋ ਕੇ ਰੋਲਾ ਰੱਪਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਇੱਕ ਦੂਜੇ ਦੇ ਵਿਰੁੱਧ ਬੋਲਣਾ ਸ਼ੁਰੂ ਕਰ ਦਿੱਤਾ ।

ਮੇਅਰ ਜੀ ਨੇ ਮੁੜ੍ਹ ਸਾਰੇ ਕੌਂਸਲਰਾਂ ਨੂੰ ਹਦਾਇਤ ਕੀਤੀ ਕਿ ਇੰਝ ਰੋਲਾ ਰੱਪਾ ਪਾ ਕੇ ਹਾਊਸ ਦੀ ਮਰਿਆਦਾ ਨਾ ਭੰਗ ਕੀਤੀ ਜਾਵੇ ਅਤੇ ਜ਼ੀਰੋ ਆਵਰ ਜਿੰਨੀ ਦੇਰ ਤੁਸੀਂ ਚਾਹੋ ਲੰਮਾ ਚਲੇਗਾ ਭਾਂਵੇਂ ਤਿੰਨ ਦਿਨ ਚਲੇ ਪਰ ਤੁਸੀਂ ਆਪਣੀ ਆਪਣੀ ਗੱਲ ਮਰਿਆਦਾ ਵਿੱਚ ਰਹਿ ਕੇ ਕਰੋ ।

ਸ੍ਰੀ ਸੁਸ਼ੀਲ ਕੁਮਾਰ, ਕੌਂਸਲਰ ਨੇ ਮੁੜ੍ਹ ਬੋਲਦਿਆਂ ਕਿਹਾ ਕਿ ਸਾਡੀ ਗੱਲ ਨਹੀਂ ਸੁਣੀ ਜਾ ਰਹੀ ਅਤੇ ਧੱਕਾ ਕੀਤਾ ਜਾ ਰਿਹਾ ਹੈ । ਜਿਹੜੇ ਓ ਐਂਡ ਐਮ ਦੇ 3.50-3.50 ਲੱਖ ਦੇ ਅਤੇ ਬੀ ਐਂਡ ਆਰ ਦੇ 10.00-10.00 ਲੱਖ ਦੇ ਮੇਂਟੀਨੈਂਸ ਦੇ ਕੰਮ ਅਲਾਟ ਹਨ, ਉਹ ਕੋਈ ਕੰਮ ਨਹੀਂ ਹੋ ਰਹੇ ਅਤੇ ਠੇਕੇਦਾਰਾਂ ਨੂੰ ਅਦਾਇਗੀਆਂ ਕੀਤੀਆਂ ਜਾ ਰਹੀਆਂ ਹਨ । ਇੱਕ ਬਜਰੀ ਦਾ ਦਾਨਾ ਵੀ ਨਹੀਂ ਲੱਗਾ । ਚੈਕ ਕੀਤਾ ਜਾਵੇ । ਪੈਚ ਵਰਕ ਦਾ ਕੋਈ ਕੰਮ ਨਹੀਂ ਹੋਇਆ । ਜਿਹੜੇ ਕੰਮ ਪਾਸ ਕਰਵਾਏ ਸੀ, ਉਹ ਵੀ ਨਹੀਂ ਹੋਏ । ਇਸੇ ਦੌਰਾਣ ਸ੍ਰੀ ਮਨਦੀਪ ਜੱਸਲ, ਕੌਂਸਲਰ ਨੇ ਮੇਅਰ ਜੀ ਨੂੰ ਕਿਹਾ ਕਿ ਬਾਕੀਆਂ ਨੂੰ ਵੀ ਬੋਲਣ ਦਾ ਟਾਈਮ ਦਿੱਤਾ ਜਾਵੇ ਸਿਰਫ ਵਿਰੋਧੀ ਧਿਰ ਨੂੰ ਹੀ ਟਾਈਮ ਦਿੱਤਾ ਜਾ ਰਿਹਾ ਹੈ ।ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਨੇ ਸਾਰੇ ਕੌਂਸਲਰਾਂ ਨੂੰ ਵਿੱਚੇ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਸੀਨਿਅਰ ਹਾਂ ਤੇ ਬੇਨਤੀ ਕਰਦਾ ਹਾਂ ਕਿ ਇੱਕ ਇੱਕ ਇਸ਼ੂ ਨੂੰ ਲੈ ਕੇ ਬੋਲਿਆ ਜਾਵੇ । ਇਸੇ ਦੌਰਾਣ ਸ੍ਰੀ ਵਰੇਸ਼ ਕੁਮਾਰ ਮਿੰਟੂ, ਕੌਂਸਲਰ ਨੇ ਕਿਹਾ ਕਿ ਤੁਹਾਡੀ ਤਾਂ ਮੇਅਰ ਨਾਲ ਮੀਟਿੰਗ ਹੁੰਦੀ ਰਹਿੰਦੀ ਹੈ, ਸਾਨੂੰ ਗੱਲ ਕਰਨ ਦਿਓ ।

ਸ੍ਰੀ ਬਚਨ ਲਾਲ, ਕੌਂਸਲਰ, ਅਤੇ ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਮੰਗ ਕੀਤੀ ਕਿ ਅਜੰਡੇ ਦੀ ਮੱਦ ਨੰ: 48 ਵਿੱਚ ਦਰਜ ਚੋਂਕਾਂ ਤੋਂ ਇਲਾਵਾ ਇਸ ਵਿੱਚ ਸਤਿਗੁਰੂ ਕਬੀਰ ਚੌਂਕ ਵੀ ਸ਼ਾਮਿਲ ਕੀਤਾ ਜਾਵੇ ।

ਸ੍ਰੀ ਤਰਸੇਮ ਸਿੰਘ ਲਖੋਤਰਾ, ਕੌਂਸਲਰ ਨੇ ਕਿਹਾ ਕਿ ਤੁਸੀਂ 10 ਸਾਲ ਕਰਦੇ ਰਹੇ ਹੋ ਅਸੀਂ ਤਾਂ ਕੋਈ ਓਬਜੈਕਸ਼ਨ ਨਹੀਂ ਕੀਤਾ । ਤੁਸੀਂ ਤਾਂ ਸੁੰਣਦੇ ਵੀ ਨਹੀਂ ਸੀ । ਤੁਸੀਂ 5 ਸਾਲਾਂ ਵਿੱਚ ਸਿਰਫ 4 ਮੀਟਿੰਗਾਂ ਹੀ ਕੀਤੀਆਂ ਸਨ ਅਤੇ ਅਸੀਂ ਹੁਣ ਤੱਕ 7 ਮੀਟਿੰਗਾਂ ਕਰ ਚੁੱਕੇ ਹਾਂ ।

ਸ੍ਰੀ ਦੀਪਕ ਸ਼ਾਰਦਾ, ਕੌਂਸਲਰ ਨੇ ਕਿਹਾ ਕਿ ਸਾਰੇ ਕੰਮ ਹੋ ਰਹੇ ਹਨ । ਆਪੋਜਿਸ਼ਨ ਨੂੰ ਤਾਂ ਸਿਰਫ ਬੋਲਣ ਦਾ ਹੀ ਕੰਮ ਹੈ । ਤੁਸੀਂ ਬਤੌਰ ਕੌਂਸਲਰ ਦੱਸੋ ਕਿ ਕੰਮ ਹੋ ਰਹੇ ਹਨ ਜਾਂ ਨਹੀਂ । ਤੁਹਾਨੂੰ ਤਾਂ ਵਾਰਡ ਵਾਈਜ਼ ਟਰਾਲੀਆਂ ਵੀ ਦਿੱਤੀਆਂ ਹੋਈਆਂ ਹਨ ।

ਸ੍ਰੀ ਮਨਮੋਹਣ ਸਿੰਘ, ਕੌਂਸਲਰ ਨੇ ਮੇਅਰ ਜੀ ਨੂੰ ਬੇਨਤੀ ਕੀਤੀ ਕਿ ਸਾਲ 2016 ਵਿੱਚ 535 ਸਫਾਈ ਸੇਵਕ ਭਰਤੀ ਕਰਨ ਦਾ ਮਤਾ ਪਾਸ ਹੋਇਆ ਸੀ । ਇਸ ਤੋਂ ਇਲਾਵਾ ਹੋਰ 11 ਪਿੰਡ ਨਗਰ ਨਿਗਮ ਵਿੱਚ ਸ਼ਾਮਲ ਹੋ ਗਏ ਹਨ, ਇਸ ਲਈ ਸਾਨੂੰ 700-800 ਸਫਾਈ ਸੇਵਕ ਡੀ.ਸੀ.ਰੇਟ ਤੇ ਰੱਖ ਲੈਣੇ ਚਾਹੀਦੇ ਹਨ ।

ਮੇਅਰ ਜੀ ਨੇ ਹਾਊਸ ਨੂੰ ਦੱਸਿਆ ਕਿ ਸਾਰਾ ਹਾਊਸ ਜੇਕਰ ਪਾਸ ਕਰਦਾ ਹੈ ਤਾਂ ਸਰਕਾਰ ਕੋਲੋਂ ਅਸੀਂ ਸਾਰੇ ਕੌਂਸਲਰ ਅਤੇ ਐਮ.ਐਲ.ਏਜ਼ ਜਾ ਕੇ 700-800 ਸਫਾਈ ਸੇਵਕ ਅਤੇ 160 ਸੀਵਰਮੈਨ ਡੀ.ਸੀ.ਰੇਟ ਤੇ ਰੱਖਣ ਲਈ ਬੇਨਤੀ ਕਰਦੇ ਹਾਂ ਜਿਸ ਤੇ ਸਮੂਹ ਹਾਊਸ ਨੇ ਹਾਮੀ ਭਰੀ ।

ਇਸੇ ਦੌਰਾਣ ਮੁੜ੍ਹ ਵਿਰੋਧੀ ਧਿਰ ਖੜੀ ਹੋ ਗਈ ਅਤੇ ਮੰਗ ਕੀਤੀ ਕਿ ਸਾਡੇ ਸਵਾਲਾਂ ਦੇ ਜਵਾਬ ਦਿੱਤੇ ਜਾਣ ਜਿਸ ਦੇ ਨਾਲ ਹੀ ਸੱਤਾ ਧਿਰ ਦੇ ਕੌਂਸਲਰ ਵੀ ਖੜੇ ਹੋ ਗਏ ਅਤੇ ਮੁੜ੍ਹ ਰੋਲਾ ਰੱਪਾ ਸ਼ੁਰੂ ਹੋ ਗਿਆ ਜਿਸ ਤੇ ਮੇਅਰ ਜੀ ਨੇ ਮੁੜ੍ਹ ਹਦਾਇਤ ਕੀਤੀ ਕਿ ਆਪਣੀਆਂ ਆਪਣੀਆਂ ਸੀਟਾਂ ਤੇ ਬੈਠ ਕੇ ਗੱਲ ਉਠਾਈ ਜਾਵੇ ਪਰ ਕਿਸੇ ਨੇ ਮੇਅਰ ਜੀ ਦੀ ਗੱਲ ਨਹੀਂ ਸੁਣੀ ਅਤੇ ਰੋਲਾ ਰੱਪਾ ਜਾਰੀ ਰੱਖਿਆ । ਜਿਸ ਤੇ ਮੇਅਰ ਜੀ ਨੇ ਅਜੰਡਾ ਪੜ੍ਹਣ ਦੇ ਆਦੇਸ਼ ਦਿੱਤੇ ।

ਇਸ ਉਪਰੰਤ ਅਜੰਡਾ ਪੜ੍ਹਣਾ ਸ਼ੁਰੂ ਕੀਤਾ ਗਿਆ ਅਤੇ ਵਿਰੋਧੀ ਧਿਰ ਪਹਿਲਾਂ ਮੀਟਿੰਗ ਹਾਲ ਦੀ ਫਲੋਰ ਤੇ ਬੈਠ ਕੇ ਨਾਅਰੇ ਬਾਜ਼ੀ ਕਰਨ ਲੱਗ ਪਏ । ਸ੍ਰੀਮਤੀ ਸ਼ਵੇਤਾ ਧੀਰ, ਕੌਂਸਲਰ ਨੇ ਆਪਣੇ ਵਾਰਡ ਦੇ ਕੂੜੇ ਦੇ ਢੇਰਾਂ ਦੀਆਂ ਫੋਟੋਆਂ ਦਿਖਾਈਆਂ । ਸ੍ਰੀਮਤੀ ਸ਼ੈਲੀ ਖੰਨਾ, ਕੌਂਸਲਰ ਨੇ ਵਿਗਿਆਪਣ ਪਾਲਿਸੀ ਸਬੰਧੀ ਫੋਟੋਆਂ ਹਾਊਸ ਵਿੱਚ ਦਿਖਾਈਆਂ ਅਤੇ ਅੰਜਡਾ ਪੜਦੇ ਦੌਰਾਣ ਹੀ ਬਾਈਕਾਟ ਕਰ ਕੇ ਸਦਨ ਵਿੱਚੋਂ ਬਾਹਰ ਚਲੇ ਗਏ ।

ਅਜੰਡਾ ਪੜ੍ਹਿਆ ਗਿਆ ਅਤੇ ਫੈਸਲੇ ਲਏ ਗਏ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ
29.11.2019

ਇਸ ਉਪਰੰਤ ਮੇਅਰ ਜੀ ਨੇ ਸਦਨ ਵਿੱਚ ਬੈਠੇ ਕੌਂਸਲਰਾਂ ਨੂੰ ਆਪਣੀ ਆਪਣੀ ਗੱਲ ਕਰਨ ਦੇ ਆਦੇਸ਼ ਦਿੱਤੇ ।

ਸ੍ਰੀ ਜ਼ਸਲੀਨ ਸੇਠੀ, ਕੌਂਸਲਰ ਨੇ ਕਿਹਾ ਕਿ ਨਿਗਮ ਵਿੱਚ 5 ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਦੀਆਂ ਆਸਾਮੀਆਂ ਪ੍ਰਵਾਨਤ ਹਨ ਪਰ ਇਸ ਵੇਲੇ ਸਿਰਫ ਇੱਕ ਹੀ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕੰਮ ਕਰ ਰਹੇ ਹਨ । ਇਸ ਤੋਂ ਇਲਾਵਾ 22 ਜੂਨੀਅਰ ਇੰਜੀਨਿਅਰ ਦੀ ਥਾਂ ਤੇ ਸਿਰਫ 15 ਜੂਨੀਅਰ ਇੰਜੀਨਿਅਰ ਹਨ ਅਤੇ ਲਗਭਗ 134 ਬੇਲਦਾਰਾਂ ਦੀਆਂ ਆਸਾਮੀਆਂ ਖ਼ਾਲੀ ਪਈਆਂ ਹਨ । ਇਹਨਾਂ ਖ਼ਾਲੀ ਆਸਾਮੀਆਂ ਨੂੰ ਭਰਿਆ ਜਾਵੇ ਤਾਂ ਜ਼ੋ ਵਿਕਾਸ ਦੇ ਕੰਮ ਤੇਜੀ ਨਾਲ ਹੋ ਸਕਣ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹਨਾਂ ਵਲੋਂ ਦੋ ਸਵਾਲ ਪੁੱਛੇ ਗਏ ਸਨ ਜਿਹਨਾਂ ਦਾ ਜਵਾਬ ਨਹੀਂ ਦਿੱਤਾ ਗਿਆ । ਇਸ ਤੇ ਮੇਅਰ ਜੀ ਨੇ ਉਹਨਾਂ ਨੂੰ ਪੁੱਛਿਆ ਕਿ ਉਹਨਾਂ ਦੇ ਕੀ ਸਵਾਲ ਹਨ ਅਤੇ ਦਫ਼ਤਰ ਵਲੋਂ ਉਹਨਾਂ ਨੂੰ ਜਵਾਬ ਦਿੱਤਾ ਜਾਵੇ ।ਇਸ ਤੇ ਐਸ.ਈ. (ਓ ਐਂਡ ਐਮ) ਨੇ ਸਦਨ ਅੱਗੇ ਉਹਨਾਂ ਵਲੋਂ ਪੁੱਛੇ ਗਏ ਸਵਾਲ ਅਤੇ ਜਵਾਬ ਪੜ ਕੇ ਸੁਣਾਏ ਗਏ ਜ਼ੋ ਕਿ ਹੇਠ ਅਨੁਸਾਰ ਹਨ:

ਲੜੀ ਨੰਬਰ	ਪ੍ਰਸ਼ਨ	ਉਤਰ
1	ਅਰਬਨ ਇਸਟੇਟ ਫੇਜ-2 ਵਿੱਚ ਜ਼ੋ ਬਰਸਾਤੀ ਸੀਵਰ ਲਾਈਨ ਦਾ ਪਾਣੀ ਖੁੱਲੇ ਨਾਲੇ ਵਿੱਚ ਗਿਰਦਾ ਹੈ, ਉਸ ਦੀ ਵਿੱਛੀ ਹੋਈ ਪਾਇਪ ਲਾਈਨ ਦਾ ਲੇ-ਆਉਟ ਪਲੈਨ ਦੀ ਜਾਣਕਾਰੀ (ਪਲੈਨ ਦੀ ਕਾਪੀ।)	ਲੇ-ਆਉਟ ਪਲੈਨ ਨਾਲ ਨੱਥੀ ਹਨ।
2	ਉਪਰੋਕਤ ਬਰਸਾਤੀ ਪਾਣੀ ਦੇ ਸੀਵਰ ਵਿੱਚ ਕਿਹੜੇ-ਕਿਹੜੇ ਇਲਾਕਿਆਂ ਦਾ ਬਰਸਾਤੀ ਪਾਣੀ ਪੈਂਦਾ ਹੈ ਅਤੇ ਕਿਹੜੇ-ਕਿਹੜੇ ਇਲਾਕੇ ਦਾ ਬਰਸਾਤੀ ਪਾਣੀ ਇਸ ਵਿੱਚ ਪੈ ਸਕਦਾ ਹੈ।	ਇਸ ਬਰਸਾਤੀ ਸੀਵਰ ਦਾ ਰੂਟ ਹੇਠ ਲਿਖੇ ਅਨੁਸਾਰ ਹੈ:- **ਰੂਟ-1 :-** ਭਗਤ ਸਿੰਘ ਚੌਂਕ ਤੋਂ ਪ੍ਰਤਾਪ ਬਾਗ ਸ਼ਿਵਾ ਜੀ ਪਾਰਕ ਤੋਂ ਮਿਲਾਪ ਚੌਂਕ ਤੋਂ ਸ਼ਾਸ਼ਤਰੀ ਮਾਰਕਿਟ ਚੌਂਕ ਤੋਂ ਬੀ.ਐਮ.ਸੀ ਚੌਂਕ ਤੋਂ ਕੂਲ ਰੋਡ ਤੋਂ ਗੜ੍ਹਾ ਡਿਸਪੋਜਲ ਡਰੇਨ। **ਰੂਟ-2 :-** ਸਕਾਈ ਲਾਰਕ ਚੌਂਕ ਤੋਂ ਗੁਰੂ ਨਾਨਕ ਮਿਸ਼ਨ ਚੌਂਕ ਤੋਂ ਮਿਲਕ ਬਾਰ ਚੌਂਕ ਤੋਂ ਲਿੰਕ ਰੋਡ ਤੋਂ ਕੂਲ ਰੋਡ। **ਰੂਟ-3 :-** ਚੰਦਨ ਨਗਰ ਤੋਂ ਗਾਜੀ ਗੁੱਲਾ ਰੋਡ ਤੋਂ ਵਰਕਸ਼ਾਪ ਚੌਂਕ ਤੋਂ ਕਪੂਰਥਲਾ ਚੌਂਕ ਤੋਂ ਫੁੱਟਬਾਲ ਚੌਂਕ ਤੋਂ ਨਕੋਦਰ ਚੌਂਕ ਤੋਂ ਖਾਲਸਾ ਸਕੂਲ ਟੀ-ਜੰਕਸ਼ਨ ਟੂ ਲਿੰਕ ਰੋਡ ਤੋਂ ਮਿਲਕ ਬਾਰ ਚੌਂਕ। **ਰੂਟ-4 :-** ਸ਼ੇਖਾ ਬਾਜਾਰ ਤੋਂ ਰੈਨਕ ਬਾਜਾਰ ਤੋਂ ਜਯੋਤੀ ਚੌਂਕ ਤੋਂ ਪੀ.ਐਨ.ਬੀ ਚੌਂਕ ਤੋਂ ਨਾਮਦੇਵ ਚੌਂਕ ਤੋਂ ਬੀ.ਐਮ.ਸੀ ਚੌਂਕ। **ਰੂਟ-5 :-** ਗੁੜ ਮੰਡੀ ਚੌਂਕ ਤੋਂ ਜੇਲ ਚੌਂਕ ਤੋਂ ਕਪੂਰਥਲਾ ਰੋਡ ਤੋਂ ਕਪੂਰਥਲਾ ਚੌਂਕ। **ਰੂਟ-6 :-** ਨੀਵੀਂ ਚੱਕੀ ਸਰਕੁਲਰ ਰੋਡ ਤੋਂ ਓਲਡ ਕੋਤਵਾਲੀ ਟਿਊਬਵੈਲ ਤੋਂ ਪੁਰਾਣੀ ਸਬਜੀ ਮੰਡੀ ਤੋਂ ਸਬਜੀ ਮੰਡੀ ਚੌਂਕ ਤੋਂ ਕਪੂਰਥਲਾ ਰੋਡ। ਇਸ ਬਰਸਾਤੀ ਸੀਵਰ ਵਿੱਚ ਉਪਰੋਕਤ ਦਰਸ਼ਾਏ ਰੂਟ ਦੀਆਂ ਮੇਨ ਰੋਡ ਅਤੇ ਇਨ੍ਹਾਂ ਦੇ ਆਲੇ ਦੁਆਲੇ ਦੇ ਇਲਾਕਿਆਂ ਦੇ ਬਰਸਾਤੀ ਪਾਣੀ ਦੀ ਨਿਕਾਸੀ ਕੀਤੀ ਜਾਂਦੀ ਹੈ। ਇਸ ਬਰਸਾਤੀ ਸੀਵਰ ਵਿੱਚ ਸਮਾਰਟ ਸਿਟੀ ਅਧੀਨ ਡੀ.ਏ.ਵੀ ਕਾਲਜ ਤੋਂ ਵਰਕਸ਼ਾਪ ਚੌਂਕ ਤੱਕ ਬਰਸਾਤੀ ਸੀਵਰ ਦੀ ਨਿਕਾਸੀ ਦੀ ਪ੍ਰਪੋਜਲ ਹੈ।
3	ਇਸ ਬਰਸਾਤੀ ਨਾਲੇ ਵਿੱਚ ਕਿਹੜੇ-ਕਿਹੜੇ ਇਲਾਕੇ ਦੀਆਂ ਸੀਵਰ ਦੀਆਂ ਲਾਈਨਾਂ ਜੁੜੀਆਂ ਹੋਈਆਂ ਹਨ।	ਇਸ ਬਰਸਾਤੀ ਸੀਵਰ ਵਿੱਚ ਪ੍ਰਤਾਪ ਬਾਗ ਡਿਸਪੋਜਲ, ਸਾਇਨ ਪੈਲੇਸ ਡਿਸਪੋਜਲ ਅਤੇ ਮਖਦੂਮਪੁਰਾ ਡਿਸਪੋਜਲ ਦਾ ਸੀਵਰ ਕਾਫੀ ਪੁਰਾਣਾ ਜੁੜਿਆ ਹੋਇਆ ਹੈ ਅਤੇ ਕੁੱਝ ਇਲਾਕਿਆਂ ਦੇ ਸੀਵਰ ਦਾ ਪਾਣੀ ਓਵਰ ਫਲੋ ਰਾਹੀਂ ਇਸ ਬਰਸਾਤੀ ਸੀਵਰ ਵਿੱਚ ਕਾਫੀ ਪੁਰਾਣਾ ਜੁੜਿਆ ਹੋਇਆ ਹੈ
4	ਇਸ ਬਰਸਾਤੀ ਸੀਵਰ ਵਿੱਚ ਕਿਹੜੇ-ਕਿਹੜੇ ਇਲਾਕੇ ਦਾ ਬਰਸਾਤੀ ਪਾਣੀ ਪਾਉਣ ਦਾ ਪਲੈਨ ਹੈ।	ਇਸ ਬਰਸਾਤੀ ਸੀਵਰ ਵਿੱਚ ਫਿਲਹਾਲ ਕਿਸੇ ਵੀ ਇਲਾਕੇ ਦਾ ਬਰਸਾਤੀ ਸੀਵਰ ਪਾਉਣ ਦੀ ਪ੍ਰਪੋਜਲ ਨਹੀਂ ਹੈ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਕਿਹਾ ਕਿ ਮੋਤਾ ਸਿੰਘ ਨਗਰ, ਜਯੋਤੀ ਨਗਰ, ਵਰਿਆਮ ਨਗਰ ਏਰੀਏ ਦਾ ਬਰਸਾਤੀ ਪਾਣੀ ਪਾਇਆ ਹੈ ਜਾਂ ਨਹੀਂ ਜਦ ਕਿ ਪੈਣਾ ਚਾਹੀਦਾ ਹੈ । ਇਸ ਤੋਂ ਇਲਾਵਾ ਉਹਨਾਂ ਕਿਹਾ ਕਿ ਬਰਸਾਤੀ ਪਾਣੀ ਦੀਆਂ ਲਾਈਨਾਂ ਵਿੱਚ ਕਈ ਕਲੋਨੀਆਂ ਦੀਆਂ ਸੀਵਰ ਲਾਈਨਾਂ ਜ਼ੋੜ ਦਿੱਤੀਆਂ ਗਈਆਂ ਹਨ ਜਿਸ ਨਾਲ ਆਉਟਲੈਟ ਤੇ ਗੰਦਾ ਪਾਣੀ ਨਿਕਲਦਾ ਹੈ । ਜ਼ਿਆਦਾਤਰ ਅਜਿਹੀਆਂ ਲਾਈਨਾਂ ਕੰਮ ਵੀ ਨਹੀਂ ਕਰ ਰਹੀਆਂ । ਸਾਰਾ ਸੀਵਰੇਜ਼ ਸਿਸਟਮ ਜਲਦ ਠੀਕ ਕੀਤਾ ਜਾਵੇ ।ਇਸ ਤੇ ਮੇਅਰ ਜੀ ਨੇ ਉਹਨਾਂ ਨੂੰ ਹਦਾਇਤ ਕੀਤੀ ਕਿ ਤੁਸੀਂ ਐਸ.ਈ. (ਓ ਐਂਡ ਐਮ) ਨੂੰ ਮਿਲ ਕੇ ਇਸ ਸਬੰਧੀ ਜ਼ੋ ਵੀ ਕਾਰਵਾਈ ਚਾਹੁੰਦੇ ਹੋ

ਕਰ ਸਕਦੇ ਹੋ ਅਤੇ ਐਸ.ਈ.(ਓ ਐਂਡ ਐਮ) ਨੂੰ ਵੀ ਹਦਾਇਤ ਕੀਤੀ ਕਿ ਕੌਂਸਲਰ ਸਾਹਿਬ ਵਲੋਂ ਪੁੱਛੇ ਗਏ ਸਵਾਲਾਂ ਦੇ ਸੰਤੁਸ਼ਟੀ ਨਾਲ ਜਵਾਬ ਦਿੱਤੇ ਜਾਣ ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਵਲੋਂ ਦੱਸਿਆ ਗਿਆ ਕਿ ਉਹਨਾਂ ਵਲੋਂ ਪੁੱਡਾ ਅਪਰੂਵਡ ਕਲੋਨੀਆਂ ਬਾਰੇ ਐਮ.ਟੀ.ਪੀ. ਨੂੰ ਸਵਾਲ ਪੁੱਛੇ ਗਏ ਸਨ ਅਤੇ ਜਿਹੜੇ ਜਵਾਬ ਦਿੱਤੇ ਗਏ ਹਨ ਉਹ ਸਾਰੇ ਦੇ ਸਾਰੇ ਝੂਠੇ ਹਨ ।ਇਸ ਤੇ ਤੇ ਮੇਅਰ ਜੀ ਨੇ ਐਮ.ਟੀ.ਪੀ. ਨੂੰ ਪੁੱਛਿਆ ਕਿ ਕੌਂਸਲਰ ਸਾਹਿਬ ਦੇ ਕਿਹੜੇ ਸਵਾਲ ਸਨ ਅਤੇ ਤੁਸੀਂ ਕੀ ਜਵਾਬ ਦਿੱਤੇ ਹਨ ਦੱਸੇ ਜਾਣ । ਐਮ.ਟੀ.ਪੀ ਵਲੋਂ ਸਦਨ ਨੂੰ ਸ੍ਰੀ ਬਲਰਾਜ ਠਾਕੁਰ ਜੀ ਵਲੋਂ ਪੁੱਛੇ ਗਏ ਸਵਾਲ ਪੜ੍ਹ ਕੇ ਸੁਣਾਏ ਗਏ ਜ਼ੋ ਕਿ ਹੇਠ ਅਨੁਸਾਰ ਹਨ:

ਲੜੀ ਨੰ:	ਪ੍ਰਸ਼ਨ
01	ਨਗਰ ਨਿਗਮ ਜਲੰਧਰ ਦੀ ਹਦੂਦ ਅੰਦਰ ਕਿੰਨੀਆਂ ਪੁੱਡਾ ਅਪਰੂਵਡ ਕਲੌਨੀਆਂ ਹਨ ਅਤੇ ਕਿਹੜੀਆਂ ਕਲੌਨੀਆਂ ਨਗਰ ਨਿਗਮ, ਜਲੰਧਰ ਨੂੰ ਟਰਾਂਸਫਰ ਚੋ ਚੁੱਕੀਆਂ ਹਨ (ਕਲੋਨੀ ਵਾਈਜ਼ ਵੇਰਵਾ)
02	ਇਹਨਾਂ ਕਲੌਨੀਆਂ ਵਿੱਚ ਸੁਵਿਧਾਵਾਂ ਦੀ ਮੌਜੂਦਾ ਸਥਿਤੀ ਕੀ ਹੈ ।
03	ਉਪਰੋਕਤ ਕਲੌਨੀਆਂ ਵਿੱਚ ਕਿੰਨੀ ਰਕਮ ਨਗਰ ਨਿਗਮ ਨੂੰ ਆਈ ਹੈ ਅਤੇ ਕਿੰਨੀ ਰਕਮ ਬਕਾਇਆ ਹੈ ।
04	ਜੇਕਰ ਰਕਮ ਵਸੂਲੀ ਬਕਾਇਆ ਹੈ ਤਾਂ ਉਸ ਬਾਰੇ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਦਿੱਤੀ ਜਾਵੇ ।

ਇਸ ਉਪਰੰਤ ਐਮ.ਟੀ.ਪੀ. ਵਲੋਂ ਹੇਠ ਅਨੁਸਾਰ ਸਵਾਲਾਂ ਦੇ ਜਵਾਬ ਪੜ ਕੇ ਸੁਣਾਏ ਗਏ:

ਹਵਾਲਾ:- ਪੱਤਰ ਨੰ: ਸੀ/282/ਮੇਅਰ ਮਿਤੀ 03.10.2019 ਅਤੇ ਪੀ.ਏ/6 ਮਿਤੀ 04.10.2019.

ਉਪਰੋਕਤ ਵਿਸ਼ੇ ਤਹਿਤ ਸ੍ਰੀ ਬਲਰਾਜ ਠਾਕੁਰ ਕੌਂਸਲਰ, ਵਾਰਡ ਨੰ: 28 ਜੀ ਵਲੋਂ ਹਵਾਲੇ ਅਧੀਨ ਪੁੱਡਾ ਵਿਭਾਗ, ਜਲੰਧਰ ਨੇ ਜੋ 37 ਪੁੱਡਾ ਅਪਰੂਵਡ ਕਲੋਨੀਆਂ, ਨਗਰ ਨਿਗਮ, ਜਲੰਧਰ ਨੂੰ ਟਰਾਂਸਫਰ ਕੀਤੀਆਂ ਸਨ, ਉਨ੍ਹਾਂ ਸਬੰਧੀ ਜਾਣਕਾਰੀ ਮੰਗੀ ਸੀ। ਉਨ੍ਹਾਂ ਕਲੋਨੀਆਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ:-

(1) ਜਲੰਧਰ ਟਾਊਨ ਵਿਲਾਜ, ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(2) ਜਲੰਧਰ ਪ੍ਰਾਈਮ ਇਨਕਲੇਵ, ਬਸਤੀ ਬਾਵਾ ਖੇਲ ਅਤੇ ਬਸਤੀ ਪੀਰਦਾਦ, ਤਹਿਸੀਲ ਵਾ ਜਿਲ੍ਹਾ ਜਲੰਧਰ।
(3) ਜਲੰਧਰ ਵਿਹਾਰ ਐਕਸਟੈਂਸ਼ਨ-2, ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(4) ਜਲੰਧਰ ਰੈਜੀਡੈਂਸ ਵਿਲਾਜ (ਹੱਦਬਸਤ ਨੰ: 315), ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(5) ਜਲੰਧਰ ਕੁੰਜ ਵਿਲਾਜ, ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(6) ਰਾਜਨ ਇੰਨਕਲੇਵ, ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(7) ਜਲੰਧਰ ਕੁੰਜ ਐਕਸਟੈਂਸ਼ਨ-2, ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(8) ਪ੍ਰਿੰਸ ਇਨਕਲੇਵ, ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(9) ਜਲੰਧਰ ਵਿਹਾਰ ਐਕਸਟੈਂਸ਼ਨ-1, ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(10) ਜਲੰਧਰ ਕੁੰਜ, ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(11) ਜਲੰਧਰ ਵਿਹਾਰ ਵਿਲਾ (ਹੱਦਬਸਤ ਨੰ: 315), ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(12) ਜਲੰਧਰ ਪਲਾਜਾ, ਪਿੰਡ ਵਰਿਆਣਾ ਤਹਿਸੀਲ ਵਾ ਜਿਲ੍ਹਾ ਜਲੰਧਰ।
(13) ਜਲੰਧਰ ਵਿਹਾਰ, ਤਹਿਸੀਲ ਵਾ ਜਿਲ੍ਹਾ ਜਲੰਧਰ।
(14) ਜਲੰਧਰ ਵਿਹਾਰ ਐਕਸਟੈਂਸਨ-3, ਤਹਿਸੀਲ ਵਾ ਜਿਲ੍ਹਾ ਜਲੰਧਰ।
(15) ਪ੍ਰਿੰਸ ਪ੍ਰਾਈਮ ਪਲਾਜਾ (ਹੱਦਬਸਤ ਨੰ: 301) ਪਿੰਡ ਕਿੰਗਰਾ, ਤਹਿਸੀਲ ਵਾ ਜਿਲ੍ਹਾ ਜਲੰਧਰ।
(16) ਪ੍ਰਿੰਸ ਪਲਾਜਾ (ਹੱਦਬਸਤ ਨੰ: 301) ਪਿੰਡ ਕਿੰਗਰਾ, ਤਹਿਸੀਲ ਵਾ ਜਿਲ੍ਹਾ ਜਲੰਧਰ।
(17) ਗੀਤਾ ਕਲੋਨੀ, ਬਸਤੀ ਸ਼ੇਖ, ਤਹਿਸੀਲ ਵਾ ਜਿਲ੍ਹਾ ਜਲੰਧਰ।
(18) ਪੈਸੀਫਿਕ ਗਾਰਡਨ, ਪਿੰਡ ਧੰਨੋਵਾਲੀ ਤਹਿਸੀਲ ਵਾ ਜਿਲ੍ਹਾ ਜਲੰਧਰ।
(19) ਰੋਇਲ ਇਨਕਲੇਵ, ਨੇੜੇ ਸੂਰਿਆ ਇਨਕਲੇਵ, ਤਹਿਸੀਲ ਵਾ ਜਿਲ੍ਹਾ ਜਲੰਧਰ।
(20) ਗੁਲਮੋਹਰ ਸਿਟੀ ਕਲੋਨੀ, ਚੱਕ ਹੁਸੈਨਾ ਲੰਮਾ ਪਿੰਡ, ਹੱਦਬਸਤ ਨੰ: 214, ਤਹਿਸੀਲ ਵਾ ਜਿਲ੍ਹਾ ਜਲੰਧਰ।
(21) ਕਿੰਗਜ ਸਿਟੀ, ਪਿੰਡ ਢੱਡਾ, ਹੱਦਬਸਤ ਨੰ: 216 ਤਹਿਸੀਲ ਵਾ ਜਿਲ੍ਹਾ ਜਲੰਧਰ।
(22) ਸਟਾਰ ਪੈਰਾਡਾਈਜ, ਕੋਟਲਾ ਰੋਡ, ਹੱਦਬਸਤ ਨੰ: 307, ਤਹਿਸੀਲ ਵਾ ਜਿਲ੍ਹਾ ਜਲੰਧਰ।
(23) ਰਮਨੀਕ ਐਵੀਨਿਊ, ਪਿੰਡ ਨੂਰਪੁਰ, ਤਹਿਸੀਲ ਵਾ ਜਿਲ੍ਹਾ ਜਲੰਧਰ।
(24) ਡਾਇਮੰਡ ਸਿਟੀ, ਪਿੰਡ ਢਿਲਵਾਂ, ਤਹਿਸੀਲ ਵਾ ਜਿਲ੍ਹਾ ਜਲੰਧਰ।
(25) ਸਿਲਵਰ ਇਨਕਲੇਵ, ਸੂਚੀ ਪਿੰਡ, ਹੱਦਬਸਤ ਨੰ: 215, ਤਹਿਸੀਲ ਵਾ ਜਿਲ੍ਹਾ ਜਲੰਧਰ।
(26) ਬਸੰਤ ਹਿਲਜ ਕਲੋਨੀ, ਪਿੰਡ ਚੋਹਕ, ਹੁਸ਼ਿਆਰਪੁਰ ਰੋਡ, ਤਹਿਸੀਲ ਵਾ ਜਿਲ੍ਹਾ ਜਲੰਧਰ।
(27) ਗਰੀਨ ਇਨਕਲੇਵ, ਨੇੜੇ ਸੂਰਿਆ ਇਨਕਲੇਵ, ਤਹਿਸੀਲ ਵਾ ਜਿਲ੍ਹਾ ਜਲੰਧਰ।
(28) ਸਿਲਵਰ ਸਿਟੀ, ਸੂਚੀ ਪਿੰਡ, ਹੱਦਬਸਤ ਨੰ: 215, ਤਹਿਸੀਲ ਵਾ ਜਿਲ੍ਹਾ ਜਲੰਧਰ।

(29) ਸੋਰਿਆ ਗਰੀਨਜ ਕਲੋਨੀ ਨੇੜੇ ਕਮਲ ਵਿਹਾਰ, ਤਹਿਸੀਲ ਵਾ ਜਿਲ੍ਹਾ ਜਲੰਧਰ।
(30) ਸੰਨੀ ਪ੍ਰਾਈਮ ਕਲੋਨੀ, ਪਿੰਡ ਢਿਲਵਾਂ, ਹੱਦਬਸਤ ਨੰ: 191, ਤਹਿਸੀਲ ਵਾ ਜਿਲ੍ਹਾ ਜਲੰਧਰ।
(31) ਪਾਰਕ ਐਵੀਨਿਊ ਕਲੋਨੀ, ਪਿੰਡ ਲੱਧੇਵਾਲੀ ਹੱਦਬਸਤ ਨੰ: 220, ਸੂਚੀ ਪਿੰਡ ਹੱਦਬਸਤ ਨੰ: 215 ਅਤੇ ਪਿੰਡ ਚੋਹਕਾਂ ਹੱਦਬਸਤ ਨੰ: 218, ਤਹਿਸੀਲ ਵਾ ਜਿਲ੍ਹਾ ਜਲੰਧਰ।
(32) ਰੈਡੀਸਨ ਇਨਕਲੇਵ, ਨੇੜੇ ਫਰੈਂਡਜ ਕਲੋਨੀ, ਸਾਹਮਣੇ ਡੀ.ਏ.ਵੀ. ਕਾਲਜ, ਤਹਿਸੀਲ ਵਾ ਜਿਲ੍ਹਾ ਜਲੰਧਰ।
(33) ਸ਼ਾਲੀਮਾਰ ਗਾਰਡਨ ਕਲੋਨੀ, ਪਿੰਡ ਚੋਹਕ, ਤਹਿਸੀਲ ਵਾ ਜਿਲ੍ਹਾ ਜਲੰਧਰ।
(34) ਕ੍ਰਿਸ਼ਨਾ ਕਲੋਨੀ, ਨੇੜੇ ਸੋਰਿਆ ਗਰੀਨਜ ਨੇੜੇ ਕਮਲ ਵਿਹਾਰ, ਤਹਿਸੀਲ ਵਾ ਜਿਲ੍ਹਾ ਜਲੰਧਰ।
(35) ਨਿਊ ਸੰਨ ਸਿਟੀ, ਬਸਤੀ ਦਾਨਿਸਮੰਦਾ, ਤਹਿਸੀਲ ਵਾ ਜਿਲ੍ਹਾ ਜਲੰਧਰ।
(36) ਸੰਨ ਸਿਟੀ, ਬਸਤੀ ਦਾਨਿਸਮੰਦਾ, ਤਹਿਸੀਲ ਵਾ ਜਿਲ੍ਹਾ ਜਲੰਧਰ।
(37) ਗਰੀਨ ਪਾਰਕ, ਬਸਤੀ ਦਾਨਿਸਮੰਦਾ ਤਹਿਸੀਲ ਵਾ ਜਿਲ੍ਹਾ ਜਲੰਧਰ।

ਇਨ੍ਹਾਂ ਕਲੋਨੀਆਂ ਦੇ ਸਬੰਧ ਵਿੱਚ ਮੰਗੀ ਗਈ ਜਾਣਕਾਰੀ ਦਾ ਲੜੀਵਾਰ ਜਵਾਬ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ: 1 ਸਬੰਧੀ ਦੱਸਿਆ ਜਾਂਦਾ ਹੈ ਕਿ ਪੁੱਡਾ ਵਿਭਾਗ, ਜਲੰਧਰ ਵਲੋਂ 37 ਪੁੱਡਾ ਅਪਰੂਵਡ ਕਲੋਨੀਆਂ ਨਗਰ ਨਿਗਮ, ਜਲੰਧਰ ਨੂੰ ਟਰਾਂਸਫਰ ਹੋਈਆਂ ਸਨ, ਜਿਨ੍ਹਾਂ ਦੇ ਨਾਮ ਉਕਤ ਅਨੁਸਾਰ ਹਨ।

ਲੜੀ ਨੰ: 2 ਸਬੰਧੀ ਦੱਸਿਆ ਜਾਂਦਾ ਹੈ ਕਿ ਇਨ੍ਹਾਂ ਕਲੋਨੀਆਂ ਵਿੱਚ ਸੜਕਾਂ (ਜੋ ਕਿ ਮੋਕੇ ਤੇ ਹੁਣ ਟੁੱਟ ਚੁੱਕੀਆਂ ਹਨ) ਅਤੇ ਪਾਰਕ ਬਣੇ ਹੋਏ ਹਨ (ਜੋ ਕਿ ਮੌਕੇ ਤੇ ਸਿਰਫ ਚਾਰ ਦੀਵਾਰੀ ਹਨ ਅਤੇ ਵਿਕਸਿਤ ਨਹੀਂ ਹਨ) ਇਸ ਤੋਂ ਇਲਾਵਾ ਇੱਥੇ ਸਟਰੀਟ ਲਾਈਟਾਂ ਦੇ ਖੰਬੇ ਲੱਗੇ ਹੋਏ ਹਨ, ਇਹ ਸਟਰੀਟ ਲਾਈਟਾਂ ਚਾਲੂ ਅਵਸਥਾ ਵਿੱਚ ਹੈ ਜਾਂ ਨਹੀਂ ਅਤੇ ਇਸ ਤੋਂ ਇਲਾਵਾ ਵਾਟਰ ਸਪਲਾਈ ਅਤੇ ਸਿਵਰੇਜ ਆਦਿ ਮੋਕੇ ਤੇ ਚਾਲੂ ਅਵਸਥਾ ਵਿੱਚ ਹੈ ਜਾਂ ਨਹੀਂ ਇਸ ਬਾਰੇ ਰਿਪੋਰਟ ਸਬੰਧਤ ਸ਼ਾਖਾ ਵਲੋਂ ਲੈਣੀ ਯੋਗ ਹੋਵੇਗੀ।

ਲੜੀ ਨੰ: 3 ਸਬੰਧੀ ਦੱਸਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਕਲੋਨੀਆਂ ਦਾ ਜੋ ਰਿਕਾਰਡ ਟਰਾਂਸਫਰ ਹੋਈਆਂ ਹਨ, ਉਸ ਵਿੱਚ ਕਿਸੇ ਵੀ ਜਗ੍ਹਾ ਇਹ ਸਪੱਸ਼ਟ ਨਹੀਂ ਹੈ ਕਿ ਪੁੱਡਾ ਵਿਭਾਗ ਵਲੋਂ ਇਨ੍ਹਾਂ ਕਲੋਨੀਆਂ ਦੀ ਰਕਮ ਨਗਰ ਨਿਗਮ, ਜਲੰਧਰ ਦੇ ਖਜਾਨੇ ਵਿੱਚ ਤਬਦੀਲ ਕੀਤੀ ਹੈ ਜਾਂ ਨਹੀਂ।

ਲੜੀ ਨੰ: 4 ਸਬੰਧੀ ਦੱਸਿਆ ਜਾਂਦਾ ਹੈ ਕਿ ਵਿਸ਼ੇ ਅਧੀਨ ਕਲੋਨੀਆਂ ਦਾ ਕਲੋਨਾਈਜਰ ਨੇ ਪੁੱਡਾ ਵਿਭਾਗ, ਜਲੰਧਰ ਤੋਂ ਕੰਪਲੀਸ਼ਨ ਪ੍ਰਾਪਤ ਨਹੀਂ ਕੀਤਾ ਹੈ ਅਤੇ ਇਹ ਫਾਈਲਾਂ ਨਗਰ ਨਿਗਮ, ਜਲੰਧਰ ਨੂੰ ਟਰਾਂਸਫਰ ਹੋਣ ਉਪਰੰਤ ਵੀ ਇਨ੍ਹਾਂ ਕਲੋਨੀਆਂ ਦੇ ਕਲੋਨਾਈਜਰ ਵਲੋਂ ਕੰਪਲੀਸ਼ਨ ਲੈਣ ਲਈ ਕੋਈ ਪ੍ਰਤੀ ਬੇਨਤੀ ਇਸ ਦਫਤਰ ਵਿੱਚ ਨਹੀਂ ਦਿੱਤੀ ਹੈ ਅਤੇ ਇਸ ਤੋਂ ਇਲਾਵਾ ਇਨ੍ਹਾਂ ਕਲੋਨੀਆਂ ਦੀਆਂ ਫਾਈਲਾਂ ਵਿੱਚ ਜੋ ਹੋਰ ਕਮੀਆਂ ਪਾਈਆਂ ਗਈਆਂ ਹਨ, ਉਸ ਸਬੰਧੀ ਇਨ੍ਹਾਂ ਕਲੋਨੀਆਂ ਦੇ ਕਲੋਨਾਈਜਰਾਂ ਨੂੰ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ।

ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਮੇਅਰ ਜੀ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਜਿਹੜੇ ਜਵਾਬ ਦਿੱਤੇ ਗਏ ਹਨ ਉਹ ਝੂਠੇ ਹਨ । ਕਿਉਂ ਜ਼ੋ ਇਸ ਸਬੰਧੀ ਉਹਨਾਂ ਵਲੋਂ ਆਰ.ਟੀ.ਆਈ. ਐਕਟ ਅਧੀਨ ਜਾਣਕਾਰੀ ਪ੍ਰਾਪਤ ਕੀਤੀ ਗਈ ਸੀ ਅਤੇ ਮਹਿਕਮੇਂ ਨੇ ਮੰਨਿਆਂ ਸੀ ਕਿ ਕੁਝ ਰਕਮ ਪ੍ਰਾਪਤ ਹੋਈ ਸੀ । ਇਸ ਤੇ ਮੇਅਰ ਜੀ ਨੇ ਦੱਸਿਆ ਕਿ 10 ਦਿਨਾਂ ਬਾਅਦ ਫਿਰ ਮੀਟਿੰਗ ਕਰਨ ਜਾ ਰਹੇ ਹਾਂ ਤੁਹਾਨੂੰ ਪੂਰਾ ਜਵਾਬ ਐਮ.ਟੀ.ਪੀ. ਉਸ ਮੀਟਿੰਗ ਵਿੱਚ ਦੇਣਗੇ ।ਇਸ ਤੋਂ ਇਲਾਵਾ ਸ੍ਰੀ ਬਲਰਾਜ ਠਾਕੁਰ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਇਲਾਕੇ ਦੀ 120 ਫੁਟੀ ਰੋਡ ਤੇ ਕੋਰਟ ਵਲੋਂ ਸਟੇਅ ਦਿੱਤਾ ਗਿਆ ਹੈ, ਜ਼ਮੀਨ ਉਜਾੜ ਪਈ ਹੋਈ ਹੈ ਅਤੇ ਪੁੱਡਾ ਨੂੰ ਟਰਾਂਸਫਰ ਹੋਈ ਹੈ, ਕਾਰਪੋਰੇਸ਼ਨ ਵਕੀਲ ਕਰਕੇ ਸਟੇਅ ਤੁੜਵਾਉਣ ਲਈ ਐਪਲੀਕੇਸ਼ਨ ਦੇਵੇ ਕਿਉਂ ਜ਼ੋ ਇਸ ਜ਼ਮੀਨ ਦਾ ਕਬਜਾ ਨਗਰ ਨਿਗਮ ਕੋਲ ਆ ਚੁੱਕਾ ਹੈ ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਮੁੱਦਾ ਉਠਾਇਆ ਕਿ ਇੱਕ ਸਾਲ ਪਹਿਲਾਂ ਹਾਊਸ ਦੀ ਮੀਟਿੰਗ ਵਿੱਚ ਸ੍ਰੀ ਨਿਰਮਲਜੀਤ ਵਰਮਾ, ਬਿਲਡਿੰਗ ਇੰਸਪੈਕਟਰ ਨੂੰ ਸਸਪੈਂਡ ਕਰਵਾਇਆ ਸੀ । ਪ੍ਰੰਤੂ ਇਹ ਕਰਮਚਾਰੀ ਫਿਰ ਕਿਸ ਤਰ੍ਹਾ ਬਹਾਲ ਹੋ ਗਿਆ । ਕੀ ਇਸ ਦੀ ਕੋਈ ਇਨਕੁਆਰੀ ਹੋਈ ਸੀ ।ਮੈਨੂੰ ਪੁੱਛਿਆ ਵੀ ਨਹੀਂ ਗਿਆ । ਜਿਸ ਤੇ ਕਮਿਸ਼ਨਰ ਜੀ ਨੇ ਦੱਸਿਆ ਕਿ ਹਾਊਸ ਦੀ ਪਰੋਸੀਡਿੰਗ ਸਰਕਾਰ ਨੂੰ ਭੇਜੀ ਜਾਂਦੀ ਹੈ ਅਤੇ ਸਰਕਾਰ ਵਲੋਂ ਇਸ ਕਰਮਚਾਰੀ ਨੂੰ ਸਸਪੈਂਡ ਨਹੀਂ ਕੀਤਾ ਗਿਆ ਸੀ।

ਸ੍ਰੀ ਓਮਕਾਰ ਰਾਜੀਵ ਟਿੱਕਾ, ਕੌਂਸਲਰ ਨੇ ਇਹ ਵੀ ਮੁੱਦਾ ਉਠਾਇਆ ਕਿ ਦੱਸਿਆ ਜਾਵੇ ਕਿ ਸ਼ਹਿਰ ਅੰਦਰੋਂ ਕੂੜਾ ਚੁੱਕਵਾਉਣ ਦੀ ਡਿਊਟੀ ਕੀ ਸਿਰਫ ਕੌਂਸਲਰ ਜਾਂ ਡਿਪਟੀ ਮੇਅਰ ਦੀ ਹੈ । ਕਮਿਸ਼ਨਰ ਦੀ ਨਹੀਂ । ਉਹਨਾਂ ਵਲੋਂ ਕਈ ਵਾਰੀ ਫੋਟੋਆਂ ਵਹਟਸਅੱਪ ਤੇ ਕਮਿਸ਼ਨਰ ਜੀ ਨੂੰ ਭੇਜੀਆਂ ਗਈਆਂ ਪ੍ਰੰਤੂ ਕੋਈ ਕਾਰਵਾਈ ਨਹੀਂ ਹੁੰਦੀ ।

ਸ੍ਰੀਮਤੀ ਰਿਸ਼ਾ ਸੈਣੀ, ਕੌਂਸਲਰ ਨੇ ਮੁੱਦਾ ਉਠਾਇਆ ਕਿ ਗਦਈਪੁਰ ਵਿਖੇ ਸੀਵਰੇਜ਼ ਦੀ ਬਹੁਤ ਸੱਮਸਿਆ ਹੈ ਜਿਸ ਤੇ ਮੇਅਰ ਜੀ ਨੇ ਸ੍ਰੀ ਹਰਮੇਸ਼ ਲਾਲ, ਕਾ:ਇੰ: ਨੂੰ ਜਵਾਬ ਦੇਣ ਲਈ ਕਿਹਾ । ਸ੍ਰੀ ਹਰਮੇਸ਼ ਲਾਲ, ਕਾ:ਇੰ: ਨੇ ਦੱਸਿਆ ਕਿ ਉਹਨਾਂ ਨੂੰ

ਪਹਿਲਾਂ ਇਸ ਸਬੰਧੀ ਕੋਈ ਸ਼ਿਕਾਇਤ ਨਹੀਂ ਪ੍ਰਾਪਤ ਹੋਈ ਹੈ । ਉਹ ਕਲ੍ਹ ਸਵੇਰੇ ਹੀ ਇਸ ਦਾ ਮੋਕਾ ਦੇਖਣਗੇ ਅਤੇ ਸੱਮਸਿਆ ਦੂਰ ਕਰਵਾਉਣਗੇ ।

ਸ੍ਰੀਮਤੀ ਕੰਵਲਜੀਤ ਕੌਰ ਗੁੱਲੂ, ਕੋਂਸਲਰ ਨੇ ਕਿਹਾ ਕਿ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਵਰਕਸ਼ਾਪ ਚੋਂਕ ਵਿਖੇ 4 ਕਰੋੜ ਰੁਪਏ ਨਾਲ ਕੰਮ ਹੋ ਰਿਹਾ ਹੈ ਪਰ ਫੁਟਪਾਥਾਂ ਨਾਲ ਰੋਡ ਗਲੀਆਂ ਨਹੀਂ ਬਣਾਈਆਂ ਗਈਆਂ ਹਨ ਜਿਸ ਕਰਕੇ ਪਾਣੀ ਦੀ ਨਿਕਾਸੀ ਨਹੀਂ ਹੋ ਰਹੀ ਹੈ ।ਇਸ ਤੋਂ ਇਲਾਵਾ ਇਸ ਜਗ੍ਹਾ ਤੇ ਅਤੇ ਉਹਨਾਂ ਦੇ ਵਾਰਡ ਵਿੱਚ ਕਈ ਸੀਵਰੇਜ਼ ਦੇ ਢੱਕਣ ਟੁੱਟੇ ਹੋਏ ਹਨ ਨੂੰ ਬਦਲਵਾਇਆ ਜਾਵੇ ।ਇਸ ਤੋਂ ਇਲਾਵਾ ਪੁਰਾਣੀ ਮੰਡੀ ਏਰੀਆ ਨੂੰ ਵੀ ਸਮਾਰਟ ਸਿਟੀ ਮਿਸ਼ਨ ਅਧੀਨ ਡਿਵੈਲਪ ਕਰਵਾਇਆ ਜਾਵੇ ।ਇਸ ਤੇ ਮੇਅਰ ਜੀ ਨੇ ਸਬੰਧਤ ਜੇ.ਈ. ਨੂੰ ਖੁਦ ਕੋਂਸਲਰ ਕੋਲ ਜਾ ਕੇ ਸੱਮਸਿਆ ਦੂਰ ਕਰਨ ਦੀ ਹਦਾਇਤ ਕੀਤੀ ।

ਸ੍ਰੀਮਤੀ ਰੀਨਾ ਕੌਰ, ਕੋਂਸਲਰ ਨੇ ਕਿਹਾ ਕਿ ਐਸ.ਡੀ.ਪਬਲਿਕ ਸਕੂਲ ਦੇ ਨਾਲ ਸਮਾਰਟ ਸਿਟੀ ਪ੍ਰੋਜੈਕਟ ਤਹਿਤ ਫੰਡ ਮੰਜ਼ੂਰ ਕਰਵਾਏ ਗਏ ਸਨ ਪਰ ਕੋਈ ਕੰਮ ਸ਼ੁਰੂ ਨਹੀਂ ਹੋਇਆ । ਇਸ ਤੋਂ ਇਲਾਵਾ 25-25 ਦਿਨ ਸਟਰੀਟ ਲਾਈਟਾਂ ਠੀਕ ਨਹੀਂ ਹੁੰਦੀਆਂ । ਨਵਾਂ ਠੇਕੇਦਾਰ ਹੈ ਅਤੇ ਕੋਈ ਸੁਣਵਾਈ ਨਹੀਂ ਕਰ ਰਿਹਾ । ਮੇਅਰ ਜੀ ਨੇ ਜਵਾਬ ਦਿੰਦਿਆ ਕਿਹਾ ਕਿ ਮੈਂ ਤੁਹਾਨੂੰ ਸਾਰੇ ਕੋਂਸਲਰਾਂ ਨੂੰ ਵਾਰ ਵਾਰ ਕਹਿ ਚੁੱਕਾ ਹਾਂ ਕਿ ਤੁਸੀਂ ਅਜਿਹੀ ਸ਼ਿਕਾਇਤ ਦੇ ਕੇ ਅਤੇ ਹਫ਼ਤੇ ਬਾਅਦ ਦੂਸਰਾ ਰਿਮਾਈਂਡਰ ਦੇ ਕੇ ਉਸਦੀ ਕਾਪੀ ਮੇਰੇ ਦਫ਼ਤਰ ਪਹੁੰਚਾਓ । ਕਈ ਠੇਕੇਦਾਰਾਂ ਨੂੰ ਇੰਝ ਕਰਨ ਨਾਲ ਜੁਰਮਾਨੇ ਲਗਾਏ ਗਏ ਹਨ ਅਤੇ ਕਈ ਵਾਰਡਾਂ ਵਿੱਚੋਂ ਹੁਣ ਅਜਿਹੀਆਂ ਸ਼ਕਾਇਤਾਂ ਨਾਲੋਂ ਨਾਲ ਦੂਰ ਹੋ ਰਹੀਆਂ ਹਨ ।ਜਿੱਥੇ ਤੱਕ ਪਾਰਕ ਦੀ ਗੱਲ ਹੈ ਉਹਨਾਂ ਕੋਂਸਲਰ ਨੂੰ ਹਦਾਇਤ ਕੀਤੀ ਕਿ ਤੁਸੀਂ ਕਮਿਸ਼ਨਰ ਜੀ ਨੂੰ ਨਿੱਜੀ ਤੌਰ ਤੇ ਮਿਲੋ ।

ਸ੍ਰੀਮਤੀ ਕਮਲੇਸ਼ ਗਰੋਵਰ, ਕੋਂਸਲਰ ਵਲੋਂ ਮੁੱਦਾ ਉਠਾਇਆ ਗਿਆ ਕਿ ਉਹਨਾਂ ਦੇ ਵਾਰਡ ਵਿੱਚ ਕੁੱਤਿਆਂ ਅਤੇ ਕੂੜੇ ਦੀ ਸੱਮਸਿਆ ਹੈ । ਕੂੜੇ ਦੀ ਲਿਫਟਿੰਗ ਲਈ ਨਾ ਤਾਂ ਰੇਹੜੇ ਹਨ ਤੇ ਨਾ ਹੀ ਟਰਾਲੀ ਹੈ । ਉਹਨਾਂ ਨੂੰ ਨਾਲ ਦੇ ਵਾਰਡਾਂ ਵਿੱਚੋਂ ਮੰਗ ਕਰਕੇ ਕੂੜੇ ਦੀ ਲਿਫਟਿੰਗ ਕਰਵਾਉਣੀ ਪੈਂਦੀ ਹੈ । ਇਸ ਤੋ ਇਲਾਵਾ ਉਹਨਾਂ ਮੰਗ ਕੀਤੀ ਕਿ ਝੰਡੀਆਂ ਵਾਲਾ ਪੀਰ ਚੋਂਕ ਤੋਂ ਗੁਜਰਾਲ ਨਗਰ ਸੜਕ ਦਾ ਨਾਮ ਉਹਨਾਂ ਦੇ ਪਤੀ ਸਾਬਕਾ ਕੋਂਸਲਰ ਸ੍ਰੀ ਸ਼ਰਵਨ ਗਰੋਵਰ ਦੇ ਨਾਂ ਤੇ ਰੱਖਿਆ ਜਾਵੇ ਜਿਸ ਤੇ ਮੇਅਰ ਜੀ ਨੇ ਉਹਨਾਂ ਨੂੰ ਲਿਖ ਕੇ ਤਜ਼ਵੀਜ਼ ਦੇਣ ਲਈ ਹਦਾਇਤ ਕੀਤੀ ਅਤੇ ਹਾਊਸ ਨੇ ਵੀ ਪ੍ਰਵਾਨ ਕੀਤਾ ।ਇਸ ਤੋਂ ਇਲਾਵਾ ਉਹਨਾਂ ਫਾਗਿੰਗ ਕਰਵਾਉਣ ਦੀ ਮੰਗ ਕੀਤੀ ਅਤੇ ਮੇਅਰ ਜੀ ਨੇ ਦੱਸਿਆ ਕਿ ਹਾਲ੍ਹੇ ਫਾਗਿੰਗ ਸ਼ੁਰੂ ਨਹੀਂ ਹੋਈ ਹੈ ।

ਸ੍ਰੀਮਤੀ ਨੀਰਜਾ ਜੈਨ, ਕੋਂਸਲਰ ਨੇ ਮੁੱਦਾ ਉਠਾਇਆ ਕਿ ਅਰਬਨ ਅਸਟੇਟ ਫੇਸ-1 ਦੇ ਪੈਟਰੋਲ ਪੰਪ ਦੇ ਨੇੜੇ ਰੇਤਾ ਬਜਰੀ ਦੇ ਢੇਰਾਂ ਕਾਰਣ ਬਹੁਤ ਪਰੇਸ਼ਾਨੀ ਹੋ ਰਹੀ ਹੈ ਅਤੇ ਪਾਣੀ ਖੜਾ ਰਹਿੰਦਾ ਹੈ । ਕਈ ਵਾਰ ਸੁਪਰਡੰਟ ਤਹਿਬਜ਼ਾਰੀ ਨੂੰ ਸ਼ਕਾਇਤ ਕੀਤੀ ਹੈ ਪਰ ਉਹ ਕੋਈ ਕਾਰਵਾਈ ਨਹੀਂ ਕਰਦੇ ਸਗੋਂ ਇੱਕ ਗਰੀਬ ਦਾ ਖੋਖਾ ਚੁੱਕ ਕੇ ਲੈ ਗਏ ਸਨ । ਇਸ ਤੇ ਮੇਅਰ ਜੀ ਨੇ ਸੁਪਰਡੰਟ ਤਹਿਬਜ਼ਾਰੀ ਨੂੰ ਹਦਾਇਤ ਕੀਤੀ ਕਿ ਕੋਂਸਲਰ ਨੂੰ ਮਿਲ ਕੇ ਸ਼ਿਕਾਇਤ ਦੂਰ ਕਰਵਾਈ ਜਾਵੇ ।

ਸ੍ਰੀ ਮਨਦੀਪ ਜੱਸਲ, ਕੋਂਸਲਰ ਨੇ ਮੁੱਦਾ ਉਠਾਇਆ ਕਿ ਬੜੀ ਚੰਗੀ ਗੱਲ ਹੈ ਕਿ ਕੋਂਸਲਰਾਂ ਦੀਆਂ ਸ਼ਕਾਇਤਾਂ ਨੂੰ ਧਿਆਨ ਨਾਲ ਸੁੰਣਿਆ ਜਾ ਰਿਹਾ ਹੈ । ਪਰ ਉਹਨਾਂ ਦੇ ਇਲਾਕੇ ਧੰਨੋਵਾਲੀ ਵਿਖੇ ਇੱਕ ਕਰੋੜ ਰੁਪਏ ਦੀ ਲਾਗਤ ਨਾਲ ਡਿਸਪੋਜ਼ਲ ਬਨਵਾਇਆ ਗਿਆ ਸੀ ਜਿਸ ਨਾਲ ਜਿਹੜੀ ਸੱਮਸਿਆ 10 ਸਾਲ ਪਹਿਲਾਂ ਸੀ ਉਹੀ ਹੁਣ ਵੀ ਹੈ ।ਇਸ ਵਿੱਚ ਜੇਕਰ ਉਹਨਾਂ ਦਾ ਕਸੂਰ ਹੈ ਤਾਂ ਦੱਸਿਆ ਜਾਵੇ, ਜੇਕਰ ਪਬਲਿਕ ਦਾ ਕਸੂਰ ਹੈ ਤਾਂ ਵੀ ਦੱਸਿਆ ਜਾਵੇ ਅਤੇ ਜੇਕਰ ਅਧਿਕਾਰੀਆਂ ਦੀ ਨਲਾਇਕੀ ਕਾਰਣ ਹੈ ਤਾਂ ਅਜਿਹੇ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਇਸ ਪੈਸੇ ਦੀ ਵੀ ਭਰਪਾਈ ਕੀਤੀ ਜਾਵੇ।ਕਿਉਂਜੋ ਗੰਦਾ ਪਾਣੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ।

ਇਸੇ ਦੌਰਾਣ ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੋਂਸਲਰ ਨੇ ਸ੍ਰੀ ਮਨਦੀਪ ਜੱਸਲ ਦਾ ਸਾਥ ਦਿੰਦੇ ਹੋਏ ਕਿਹਾ ਕਿ ਮੈਂ ਸ੍ਰੀ ਰਜਿੰਦਰ ਬੇਰੀ ਜੀ, ਹਲਕਾ ਐਮ.ਐਲ.ਏ. ਸਾਹਿਬ ਦੇ ਕਹਿਣ ਤੇ ਧੰਨੋਵਾਲੀ ਦਾ ਸੀਵਰੇਜ਼ ਆਪਣੇ ਪਿੰਡ ਦੇ ਪਾਣੀ ਨਾਲ ਜੁੜਵਾਇਆ ਕਿ ਸ਼ਾਇਦ ਸੱਮਸਿਆ ਦਾ ਹੱਲ ਨਿਕਲ ਆਵੇਗਾ ਪ੍ਰੰਤੂ ਇੰਝ ਕਰਨ ਨਾਲ ਉਹਨਾਂ ਦੇ ਇਲਾਕੇ ਵਿੱਚ ਵੀ ਇਹ ਸੱਮਸਿਆ ਪੈਦਾ ਹੋ ਗਈ ਹੈ । ਮੈਨਹੋਲਾਂ ਵਿੱਚੋਂ ਪਾਣੀ ਬਾਹਰ ਆ ਰਿਹਾ ਹੈ । ਜੇਕਰ ਧੰਨੋਵਾਲੀ ਦੇ ਡਿਸਪੋਜ਼ਲ ਦਾ ਕੰਮ ਗ਼ਲਤ ਹੋਇਆ ਹੈ ਤਾਂ ਇਸ ਨੂੰ ਕਿਉਂ ਨਹੀਂ ਰੋਕਿਆ ਗਿਆ । ਕੋਈ ਡਿਸਿਲਟਿੰਗ ਨਹੀਂ ਹੋ ਰਹੀ । ਇਸ ਦੀ ਇਨਕੁਆਰੀ ਹੋਣੀ ਚਾਹੀਦੀ ਹੈ । ਸ੍ਰੀ ਮਨਦੀਪ ਜੱਸਲ ਨੇ ਕਿਹਾ ਸੀਵਰੇਜ਼ ਕਾਰਣ ਧੰਨੋਵਾਲੀ ਦੀਆਂ ਸੜਕਾਂ ਬੈਹਿ ਗਈਆਂ ਹਨ । ਟੀਮ ਗਠਤ ਕੀਤੀ ਜਾਵੇ ਜਿਹੜੀ ਇਸ ਦੀ ਇਨਕੁਆਰੀ ਕਰੇ ਅਤੇ ਦੋਸ਼ੀਆਂ ਨੂੰ ਸਸਪੈਂਡ ਕੀਤਾ ਜਾਵੇ ।ਮੇਅਰ ਜੀ ਨੇ ਐਸ.ਈ. (ਓ ਐਂਡ ਐਮ) ਨੂੰ ਇਸ ਬਾਰੇ ਜਵਾਬ ਦੇਣ ਲਈ ਕਿਹਾ ।

ਐਸ.ਈ. (ਓ ਐਂਡ ਐਮ) ਨੇ ਜਵਾਬ ਦਿੱਤਾ ਕਿ ਧੰਨੋਵਾਲੀ ਦੇ ਸੀਵਰ ਦਾ ਕੰਮ 7-8 ਸਾਲ ਪਹਿਲਾਂ ਸੀਵਰੇਜ਼ ਬੋਰਡ ਨੇ ਕੀਤਾ ਸੀ । ਇਸ ਨੂੰ ਬੰਬੀਆਵਾਲਾ ਡਿਸਪੋਜ਼ਲ ਨਾਲ ਜ਼ੋੜਿਆ ਜਾਣਾ ਸੀ ਅਤੇ ਪੰਪਿਗ ਸਟੇਸ਼ਨ ਨਾਲ ਰੇਲਵੇ ਪਾਰ ਲਾਈਨਾਂ ਸੀਵਰੇਜ਼ ਨਾਲ ਜ਼ੋੜਿਆ ਜਾਣਾ ਸੀ । ਡਿਸਪੋਜ਼ਲ ਸਿਲਟ ਅਪ ਹੋ ਚੁੱਕਾ ਹੈ । ਗਾਰ ਦੀ ਸਫਾਈ ਕਰਨੀ ਪਵੇਗੀ ।

ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੋਸਲਰ ਨੇ ਕਿਹਾ ਕਿ ਸਾਲ 2007 ਵਿੱਚ ਦਕੋਹਾ ਤੋਂ ਧੰਨੋਵਾਲੀ ਤੱਕ 24" ਡਾਰਟ ਸੀਵਰ ਪੈਣਾ ਸੀ ਅਤੇ ਪੁਲ ਤੱਕ ਜਾਣਾ ਸੀ । ਦੂਜੀ ਸਰਕਾਰ ਆਈ ਤਾਂ ਸਤਲੁਜ਼ ਐਕਸ਼ਨ ਪਲੈਨ ਤਹਿਤ ਇਸ ਨੂੰ ਖ਼ਤਮ ਕੀਤਾ ਗਿਆ । ਡਾਰਟ ਸੀਵਰ ਕੈਂਸਲ ਕਰਕੇ ਪਾਈਪਡ ਸੀਵਰ ਪਾ ਦਿੱਤਾ ਗਿਆ । ਧੰਨੋਵਾਲੀ ਦੀ ਸੀਵਰੇਜ਼ ਦਬਾ ਦਿੱਤਾ ਗਿਆ ਅਤੇ 10 ਸਾਲਾਂ ਤੋਂ ਪਾਣੀ ਦੀ ਨਿਕਾਸੀ ਨਹੀਂ ਹੋਈ ਕਿਉਂਜੋ ਡਿਸਪੋਜ਼ਲ ਨੇ ਕੰਮ ਹੀ ਨਹੀਂ ਕੀਤਾ ।

ਐਸ.ਈ. (ਓ ਐਂਡ ਐਮ) ਨੇ ਦੱਸਿਆ ਕਿ ਸੀਵਰੇਜ਼ ਬੋਰਡ ਵਲੋਂ ਵੀ ਇਹ ਕੰਮ ਕੀਤਾ ਜਾਣਾ ਚਾਹੀਦਾ ਸੀ ਪਰ ਮੇਅਰ ਜੀ ਨੇ ਉਹਨਾਂ ਨੂੰ ਹਦਾਇਤ ਕੀਤੀ ਕਿ ਤੁਸੀਂ ਤੁਰੰਤ ਇਸ ਦੀ ਸਫਾਈ ਸੁਪਰ ਸਕਸ਼ਨ ਮਸ਼ੀਨਾਂ ਰਾਹੀਂ ਕਰਵਾਉਣ ਦਾ ਤਖ਼ਮੀਨਾ ਤਿਆਰ ਕਰੋ ਅਤੇ ਉਹਨਾਂ ਪਾਸੋਂ ਇਨ ਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਲੈ ਕੇ ਕੰਮ ਸ਼ੁਰੂ ਕਰਵਾਓ ਅਤੇ ਲੋਕਾਂ ਨੂੰ ਇਸ ਸੱਮਸਿਆ ਪਾਸੋਂ ਨਿਜਾਤ ਦਵਾਓ ।

ਸ੍ਰੀ ਮਨਦੀਪ ਜੱਸਲ, ਕੋਂਸਲਰ ਨੇ ਕਿਹਾ ਕਿ ਓ ਐਂਡ ਐਮ ਦੇ 3.50-3.50 ਲੱਖ ਦੇ ਅਤੇ ਬੀ ਐਂਡ ਆਰ ਦੇ 10.00-10.00 ਲੱਖ ਦੇ ਮੇਂਟੀਨੈਂਸ ਦੇ ਕੰਮ ਪੂਰੇ ਨਹੀਂ ਹੋਏ ਅਤੇ ਠੇਕੇਦਾਰ ਨੂੰ ਅਦਾਇਗੀ ਹੋ ਗਈ ਹੈ ਜਿਸ ਤੇ ਮੇਅਰ ਜੀ ਨੇ ਕਮਿਸ਼ਨਰ ਜੀ ਨੂੰ ਕਿਹਾ ਕਿ ਹਰੇਕ ਵਾਰਡ ਦੇ ਅਜਿਹੇ ਮੇਂਨਟੀਨੈਂਸ ਦੇ ਬਿਲਾਂ ਦੀ ਇੱਕ ਇੱਕ ਕਾਪੀ ਸਬੰਧਤ ਕੋਂਸਲਰਾਂ ਨੂੰ ਮੁੱਹਈਆ ਕਰਵਾਈ ਜਾਵੇ ਤਾਂ ਜ਼ੋ ਉਹ ਦੇਖ ਸਕਣ ਕਿ ਕੰਮ ਕਿੱਥੇ-ਕਿੱਥੇ ਹੋਏ ਹਨ ।ਇਸ ਦੇ ਨਾਲ ਹੀ ਮੇਅਰ ਜੀ ਨੇ ਕਿਹਾ ਕਿ ਜਿਹਨਾਂ ਕੋਂਸਲਰਾਂ ਦੇ ਐਸਟੀਮੇਟ ਇਸ ਮੀਟਿੰਗ ਵਿੱਚ ਨਹੀਂ ਆਏ ਉਹ 10 ਦਿਨਾਂ ਬਾਅਦ ਹੋਣ ਵਾਲੀ ਮੀਟਿੰਗ ਵਿੱਚ ਆ ਜਾਣਗੇ ਅਤੇ ਜ਼ੀਰੋ ਆਵਰ ਵੀ ਪੂਰਾ ਦਿੱਤਾ ਜਾਵੇਗਾ ।

ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੋਂਸਲਰ ਨੇ ਮੰਗ ਕੀਤੀ ਕਿ 3.50-3.50 ਲੱਖ ਰੁਪਏ ਦੇ ਮੇਂਨਟੀਨੈਂਸ ਦਾ ਸਮਾਨ ਸਾਰੇ ਜ਼ੋਨਾਂ ਵਿੱਚ ਹੀ ਰੱਖਵਾਇਆ ਜਾਵੇ ਤਾਂ ਜ਼ੋ ਕੋਂਸਲਰ ਆਪਣੇ ਪੱਧਰ ਤੇ ਜ਼ੋਨਾਂ ਤੋਂ ਇਹ ਸਮਾਨ ਲੈ ਕੇ ਵਾਰਡ ਵਿੱਚ ਲਗਵਾ ਸਕਣ ਕਿਉਂ ਜ਼ੋ ਠੇਕੇਦਾਰ ਆਪਣੀਆਂ ਮਰਜੀਆਂ ਕਰਦੇ ਹਨ ।

ਸ੍ਰੀਮਤੀ ਹਰਸ਼ਰਨ ਕੌਰ ਹੈਪੀ, ਕੋਂਸਲਰ ਨੇ ਆਪਣੇ ਵਾਰਡ ਵਿੱਚ ਗੰਦੇ ਪੀਣ ਵਾਲੇ ਪਾਣੀ ਦਾ ਮੁੱਦਾ ਉਠਾਇਆ ਅਤੇ ਦੱਸਿਆ ਕਿ ਲੋਕ ਗੰਦੇ ਪਾਣੀ ਦੀਆਂ ਬੋਤਲਾਂ ਲੈ ਕੇ ਉਹਨਾਂ ਪਾਸ ਆਉਂਦੇ ਹਨ ਅਤੇ ਪੀਣ ਨੂੰ ਕਹਿੰਦੇ ਹਨ ।ਜਿਸ ਤੇ ਮੇਅਰ ਜੀ ਨੇ ਸਬੰਧਤ ਕਾਰਜਕਾਰੀ ਇੰਜੀਨਿਅਰ ਨੂੰ ਤੁਰੰਤ ਸੱਮਸਿਆ ਦੂਰ ਕਰਨ ਦੀ ਹਦਾਇਤ ਕੀਤੀ ।

ਸ੍ਰੀ ਰਜਿੰਦਰ ਕੁਮਾਰ ਜੁਨੇਜਾ, ਕੋਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਕੰਨਿਆਵਾਲੀ ਦੀਆਂ ਛੇ ਗਲੀਆਂ ਵਿੱਚ ਗੰਦਾ ਪਾਣੀ ਆ ਰਿਹਾ ਹੈ ਜਿਸ ਤੇ ਮੇਅਰ ਜੀ ਨੇ ਸ੍ਰੀ ਹਰਮੇਸ਼ ਲਾਲ, ਕਾ:ਇੰ: ਨੂੰ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ।

ਸ੍ਰੀ ਸੁਸ਼ੀਲ ਕਾਲੀਆ, ਕੋਂਸਲਰ ਨੇ ਮੁੱਦਾ ਉਠਾਇਆ ਕਿ ਐਨ.ਜੀ.ਟੀ. ਦੇ ਹੁਕਮਾਂ ਨਾਲ ਕਾਲਾ ਸੰਘਿਆ ਡਰੇਨ ਵਿੱਚ ਪੈਂਦੇ ਸੀਵਰੇਜ਼ ਨੂੰ ਬੰਦ ਕਰਕੇ ਵਡੇ ਸੀਵਰੇਜ਼ ਨਾਲ ਜ਼ੋੜ ਦਿੱਤਾ ਹੈ ਜਿਸ ਨਾਲ ਭਗਤ ਸਿੰਘ ਕਲੋਨੀ ਅਤੇ ਇੰਡਸਟਰੀਅਲ ਏਰੀਆ ਵਿਖੇ ਸੀਵਰੇਜ਼ ਦੀ ਵੱਡੀ ਸੱਮਸਿਆ ਪੈਦਾ ਹੋ ਗਈ ਹੈ । ਇਸ ਦੇ ਹੱਲ ਲਈ ਇੱਕ ਹੋਰ ਪੈਰਲਲ ਪਾਈਪ ਲਾਈਨ ਪਾਈ ਜਾਵੇ ।ਇਸ ਤੋਂ ਇਲਾਵਾ ਉਹਨਾਂ ਮੰਗ ਕੀਤੀ ਕਿ ਛੋਟੀਆਂ ਸੁਪਰ ਸਕਸ਼ਨ ਮਸ਼ੀਨਾਂ ਨਾਲ ਮੁੱਹਲਿਆਂ ਦੀਆਂ ਸੀਵਰ ਲਾਈਨਾਂ ਦੀ ਸਫਾਈ ਕਰਵਾਈ ਜਾਵੇ ।

ਇਸ ਤੇ ਸ੍ਰੀ ਹਰਮੇਸ਼ ਨਾਲ, ਕਾ:ਇੰ: ਨੇ ਦੱਸਿਆ ਕਿ ਐਨ.ਜ਼ੀ.ਟੀ. ਦੇ ਹੁਕਮਾਂ ਦੀ ਪਾਲਣਾ ਤਾਂ ਕਰਨੀ ਪਵੇਗੀ ਅਤੇ ਜਿੱਥੋਂ ਤੱਕ ਸੀਵਰੇਜ਼ ਦੀ ਸੱਮਸਿਆ ਦੀ ਗੱਲ ਹੈ ਤਾਂ ਐਸ.ਟੀ.ਪੀ. ਦੀ ਕਪੈਸਿਟੀ ਵਧਾਉਣੀ ਪਵੇਗੀ ।

ਇਸ ਉਪਰੰਤ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਮੀਟਿੰਗ ਖ਼ਤਮ ਕੀਤੀ ਗਈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ
29.11.2019

ਮਤਾ ਨੰ: 3

ਵਿਸ਼ਾ:- ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 5.03.2019 ਦੀ ਕਾਰਵਾਈ ਦੀ ਪੁਸ਼ਟੀ ਬਾਰੇ।

ਨਗਰ ਨਿਗਮ ਜਲੰਧਰ ਹਾਊਸ ਦੀ ਮੀਟਿੰਗ ਮਿਤੀ 5.03.2019 ਨੂੰ "ਡਾ. ਬੀ. ਆਰ. ਅੰਬੇਦਕਰ ਪ੍ਰਸ਼ਾਸ਼ਨਿਕ ਕੰਪਲੈਕਸ, ਨਗਰ ਨਿਗਮ ਜਲੰਧਰ" ਵਿਖੇ ਹੋਈ, ਦੀ ਕਾਰਵਾਈ ਜੋ ਕੋਂਸਲਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ ਅਤੇ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੀ ਅਪਲੋਡ ਕੀਤੀ ਜਾ ਚੁੱਕੀ ਹੈ, ਹਾਊਸ ਵਿਚ ਸੂਚਨਾ ਅਤੇ ਪੁਸ਼ਟੀ ਹਿਤ ਪੇਸ਼ ਹੈ ।

ਫੈਸਲਾ:

ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 4

ਵਿਸ਼ਾ : - ਨਗਰ ਸੁਧਾਰ ਟਰੱਸਟ ਜਲੰਧਰ ਦੀ ਵਿਕਾਸ ਸਕੀਮ 79.00 ਏਕੜ ਅਦਰਸ਼ ਨਗਰ ਵਿੱਚ ਸੜਕ ਦੇ ਇੱਕ ਹਿੱਸੇ ਨੂੰ ਰੀ-ਮੋਡੂਲੇਸ਼ਨ ਕਰਨ ਸਬੰਧੀ।

ਹਵਾਲਾ: ਸਰਕਾਰ ਦਾ ਪੱਤਰ ਨੰ: ਸ5-ਡਸਸ-ਮਸਸ-18/12507 ਮਿਤੀ 23.2.2018 ਦੇ ਸਬੰਧ ਵਿੱਚ।

ਪੜ੍ਹਿਆ ਦਫਤਰੀ ਨੋਟ ਡਰਾਇੰਗ ਸ਼ਾਖਾ ਜਿਸ ਨਾਲ ਸਹਾਇਕ ਟਾਊਨ ਪਲੈਨਰ ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਵਲੋਂ ਆਪਣੇ ਪੱਤਰ ਨੰ: 1209/ਐਮ.ਟੀ.ਪੀ. ਮਿਤੀ 19.01.2017 ਰਾਹੀਂ ਕੇਸ ਸਰਕਾਰ ਤੋਂ ਤਕਨੀਕੀ ਰਾਏ ਲੈਣ ਲਈ ਭੇਜਿਆ ਗਿਆ ਸੀ। ਜਿਸ ਦੇ ਸਬੰਧ ਵਿੱਚ ਸਰਕਾਰ ਵਲੋਂ ਹਵਾਲੇ ਤਹਿਤ ਪੱਤਰ ਰਾਹੀਂ ਕੇਸ ਦਾ ਲੀਗਲ ਪ੍ਰੋਸੀਜਰ ਕਰਨ ਉਪਰੰਤ ਕੇਸ ਮੁੜ ਸਰਕਾਰ ਨੂੰ ਭੇਜਣ ਸਬੰਧੀ ਲਿਖਿਆ ਸੀ, ਜਿਸ ਸਬੰਧੀ ਇਸ ਕੇਸ ਦੀ ਇਲਾਕਾ ਡਰਾਫਟਸਮੈਨ ਵਲੋਂ ਵਿਸਥਾਰਪੂਰਵਕ ਰਿਪੋਰਟ ਮਿਤੀ 27.2.2017 ਦੇ ਅਨੁਸਾਰ ਅਤੇ ਮਿਉਂਸਪਲ ਟਾਉਨ ਪਲੈਨਰ ਜੀ ਨੇ ਮਿਤੀ 17.3.2017 ਰਾਹੀਂ ਤਜਵੀਜ਼ ਹਾਊਸ ਵਿੱਚ ਵਿਚਾਰਨ ਹਿੱਤ ਲਿਖਿਆ ਹੈ ਅਤੇ ਇਸ ਉਪਰੰਤ ਕਮਿਸ਼ਨਰ ਜੀ ਨੇ ਮਿਤੀ 7.03.2017 ਰਾਹੀਂ ਤਜਵੀਜ਼ ਹਾਊਸ ਵਿੱਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮਾਣਯੋਗ ਮੇਅਰ ਜੀ ਦੇ ਆਦੇਸ਼ਾ ਨਾਲ ਮਿਤੀ 06.09.2017 ਰਾਹੀਂ ਤਜ਼ਵੀਜ਼ ਹਾਊਸ ਵਿੱਚ ਮਤਾ ਬਹੁਮਤ ਨਾਲ ਪ੍ਰਵਾਨ ਕੀਤਾ ਹੈ। ਇਸ ਉਪਰੰਤ ਇਹ ਕੇਸ ਮਤਾ ਨੰ :11 ਮਿਤੀ 06.09.2017 ਰਾਹੀਂ ਦਫ਼ਤਰ ਦੇ ਪੱਤਰ ਨੰ: 544/ਅਜੰਡਾ/ਗੋਰਮਿੰਟ ਮਿਤੀ 08.09.2017 ਦੇ ਹਵਾਲੇ ਅਧੀਨ ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ ਜੀ ਨੂੰ ਭੇਜਿਆ ਗਿਆ ਸੀ। ਜਿਸ ਦੇ ਸਬੰਧ ਵਿੱਚ ਸਰਕਾਰ ਦਾ ਪੱਤਰ ਨੰ: ਸ5-ਡਸਸ-ਮਸਸ-18/12507 ਮਿਤੀ 23.2.2018 ਰਾਹੀਂ ਲਿਖਿਆ ਹੈ ਕਿ ਮਤਾ ਨੰ: 11 ਮਿਤੀ 06.09.2017 ਇਸ ਸ਼ਰਤ ਤੇ ਪ੍ਰਵਾਨ ਕੀਤਾ ਜਾਂਦਾ ਹੈ ਕਿ ਨਗਰ ਸੁਧਾਰ ਟਰੱਸਟ, ਜਲੰਧਰ ਦੀ ਵਿਕਾਸ ਸਕੀਮ 79 ਏਕੜ ਦੇ ਪਲਾਟ ਨੰ: 424 ਨੂੰ ਰਿਹਾਇਸ਼ੀ ਤੋਂ ਕਾਰੋਬਾਰੀ ਕਰਨ ਲਈ ਸਾਈਟ ਦੇ ਅਗੇ ਲੱਗਦੀ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਸਕੀਮ ਦੀ ਰੀ-ਮੋਡੂਲੇਸ਼ਨ ਕਰਨ ਸਬੰਧੀ ਆਮ ਜਨਤਾ ਤੋਂ ਇਤਰਾਜ/ ਸੁਝਾਅ ਪ੍ਰਾਪਤ ਕਰਨ ਉਪਰੰਤ ਲੋੜੀਂਦਾ ਲੀਗਲ ਪ੍ਰੋਸੀਜਰ ਪੂਰਾ ਕਰਕੇ ਤਜਵੀਜ਼ ਸਬੰਧੀ ਨਗਰ ਨਿਗਮ ਪੱਧਰ ਤੇ ਫੈਸਲਾ ਕਰਨ ਉਪਰੰਤ ਮੁਕੰਮਲ ਦਸਤਾਵੇਜਾਂ ਸਹਿਤ ਸਵੈ-ਸਪਸ਼ੱਟ ਤਜਵੀਜ਼ ਪ੍ਰਵਾਨਗੀ ਲਈ ਸਰਕਾਰ ਨੂੰ ਭੇਜੀ ਜਾਵੇ।

ਇਸ ਉਪਰੰਤ ਹੁਣ ਪੰਜਾਬ ਮਿਉਂਸੀਪਲ ਕਾਰਪੋਰੇਸ਼ਨ ਐਕਟ ਦੀਆਂ ਧਾਰਾਵਾ ਅਨੁਸਾਰ ਵਿਸ਼ੇ ਅਧੀਨ ਸਾਈਟਾ ਬਾਰੇ ਆਮ ਜਨਤਾ ਪਾਸੋਂ 30 ਦਿਨਾਂ ਦੇ ਅੰਦਰ-ਅੰਦਰ ਇਤਰਾਜ/ ਸੁਝਾਅ ਲੈਣ ਲਈ ਮਿਤੀ : 29.08.2018 ਨੂੰ ਪੰਜਾਬ ਕੇਸਰੀ ਅਤੇ ਅਜੀਤ ਅਖਬਾਰ ਵਿੱਚ ਪਬਲਿਕ ਨੋਟਿਸ ਪ੍ਰਕਾਸ਼ਿਤ ਕੀਤਾ ਗਿਆ ਸੀ। ਅਮਲਾ ਸ਼ਾਖਾ ਦੇ ਰਸੀਟ ਕਲਰਕ ਦੀ ਰਿਪੋਰਟ ਮਿਤੀ : 18.10.2018 ਅਨੁਸਾਰ ਅਤੇ ਬਿਲਡਿੰਗ ਸ਼ਾਖਾ ਦੇ ਰਸੀਟ ਕਲਰਕ ਦੀ ਰਿਪੋਰਟ ਮਿਤੀ : 17.10.2018 ਅਨੁਸਾਰ ਵਿਸ਼ੇ ਅਧੀਨ ਸਾਈਟ ਦਾ ਆਮ ਪਬਲਿਕ ਪਾਸੋਂ ਕੋਈ ਵੀ ਇਤਰਾਜ/ ਸੁਝਾਵ ਪ੍ਰਾਪਤ ਨਹੀਂ ਹੋਇਆ ਹੈ। ਇਸ ਲਈ ਇਸ ਕੇਸ ਤੇ ਹੁਣ ਅਗਲੀ ਕਾਰਵਾਈ ਕਰਨ ਲਈ ਤਜਵੀਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪੇਸ਼ ਕਰਨ ਲਈ ਹੁਕਮਾਂ ਹਿੱਤ ਪੇਸ਼ ਹੈ।ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 30.10.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਲਈ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 5.12.2018 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 6.12.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 5

ਵਿਸ਼ਾ:- ਵਿਕਾਸ ਸਕੀਮ ਗੁਰੂ ਤੇਗ ਬਹਾਦਰ ਨਗਰ, 112.5 ਏਕੜ ਜਲੰਧਰ ਪਲਾਟ ਨੰ: 810 ਨੇੜੇ (ਬੀ.ਐਸ.ਐਨ.ਐਲ ਦਫਤਰ ਚੌਂਕ) ਤੋਂ ਲੈ ਕੇ ਪਲਾਟ ਨੰ: 801 ਤੱਕ ਕੇਸ਼ਵ ਨਗਰ ਨੂੰ ਜਾਂਦੇ ਹੋਏ (ਸੱਜੇ ਹੱਥ ਵਾਲੇ ਪਾਸੇ) ਪੈਂਦੀ ਸੜਕ ਕਾਰੋਬਾਰੀ ਘੋਸ਼ਿਤ ਕਰਨ ਬਾਰੇ।

ਹਵਾਲਾ:- ਪੱਤਰ ਨੰ: 371/ਐਮ.ਟੀ.ਪੀ. ਮਿਤੀ 29.04.2019 ਦੇ ਸਬੰਧ ਵਿੱਚ।

ਪੜ੍ਹਿਆ ਨੋਟ ਡਰਾਇੰਗ ਸ਼ਾਖਾ ਮਿਤੀ 26.6.2019 ਜਿਸ ਤੇ ਸਹਾਇਕ ਟਾਊਨ ਪਲੈਨਰ ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਤੇ ਹਵਾਲੇ ਤਹਿਤ ਦੱਸਿਆ ਜਾਂਦਾ ਹੈ ਕਿ ਵਿਕਾਸ ਸਕੀਮ ਗੁਰੂ ਤੇਗ ਬਹਾਦਰ ਨਗਰ, ਜਲੰਧਰ ਪਲਾਟ ਨੰ: 810 ਨੇੜੇ (ਬੀ.ਐਸ.ਐਨ.ਐਲ ਦਫਤਰ ਚੌਂਕ) ਤੋਂ ਲੈ ਕੇ ਪਲਾਟ ਨੰ: 801 ਤੱਕ ਕੇਸ਼ਵ ਨਗਰ ਨੂੰ ਜਾਂਦੇ ਹੋਏ (ਸੱਜੇ ਹੱਥ ਵਾਲੇ ਪਾਸੇ) ਪੈਂਦੀ ਸੜਕ ਕਾਰੋਬਾਰੀ ਘੋਸ਼ਿਤ ਕਰਨ ਬਾਰੇ ਇਸ ਦਫਤਰ ਵਿਖੇ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ, ਜਿਸ ਉਪਰ ਇਸ ਸੜਕ ਉਪਰ ਪੈਂਦੇ ਵਸਨੀਕਾਂ ਵਲੋਂ ਹਸਤਾਖਰ ਕੀਤੇ ਹੋਏ ਹਨ ਅਤੇ ਇਸ ਬੇਨਤੀ ਪੱਤਰ ਉਪਰ ਕੌਂਸਲਰ ਸ਼੍ਰੀਮਤੀ ਸਰਬਜੀਤ ਕੌਰ, ਸ਼੍ਰੀ ਬਲਰਾਜ ਠਾਕੁਰ ਅਤੇ ਸ਼੍ਰੀਮਤੀ ਹਰਸ਼ਰਨ ਕੌਰ ਵਲੋਂ ਵੀ ਹਸਤਾਖਰ ਕੀਤੇ ਹੋਏ ਹਨ। ਉਸ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਸੜਕ ਅਬਾਦੀ ਗੁਰੂ ਤੇਗ ਬਹਾਦਰ ਨਗਰ, ਜਲੰਧਰ ਦੀ ਵਿਕਾਸ ਸਕੀਮ ਅਧੀਨ ਪੈਂਦੀ ਹੈ। ਸਕੀਮ ਪਲੈਨ ਅਨੁਸਾਰ 120'-0" ਸੜਕ ਨਕੋਦਰ ਰੋਡ ਗੁਰੂ ਰਵਿਦਾਸ ਚੌਕ ਤੋਂ ਲੈ ਕੇ ਮੈਨਬਰੋ ਚੌਕ ਤੱਕ ਪਹਿਲਾਂ ਹੀ ਸਰਕਾਰ ਵਲੋਂ 14 ਕਾਰੋਬਾਰੀ ਘੋਸ਼ਿਤ ਕੀਤੀਆਂ ਸੜਕਾਂ ਦੀ ਲਿਸਟ ਵਿੱਚ ਸ਼ਾਮਿਲ ਹੈ।

ਹੁਣ ਇਹ ਸੜਕ ਨੂੰ ਬੀ.ਐਸ.ਐਨ.ਐਲ ਦਫਤਰ ਦੇ ਲਾਗੇ ਗੁਰੂ ਤੇਗ ਬਹਾਦਰ ਨਗਰ ਦੇ ਪਲਾਟ ਨੰ: 810 ਤੋਂ ਪਲਾਟ ਨੰ: 801 ਤੱਕ ਕਾਰੋਬਾਰੀ ਘੋਸ਼ਿਤ ਕੀਤੀ ਜਾਣੀ ਹੈ, ਇਹ ਸੜਕ ਜੋ ਕਿ 120'-0" ਰੋਡ ਦੇ ਨਾਮ ਤੇ ਜਾਣੀ ਜਾਂਦੀ ਹੈ ਅਤੇ ਜਿਸ ਨੂੰ ਡੈਅਰੀਆਂ ਵਾਲੀ ਸੜਕ ਵੀ ਆਖਿਆ ਜਾਂਦਾ ਹੈ। ਗੁਰੂ ਤੇਗ ਬਹਾਦਰ ਨਗਰ, ਜਲੰਧਰ ਨਗਰ ਸੁਧਾਰ ਟਰੱਸਟ, ਜਲੰਧਰ ਦੀ ਵਿਕਾਸ ਸਕੀਮ ਹੈ ਅਤੇ ਸਕੀਮ ਪਲੈਨ ਅਨੁਸਾਰ ਇਸ ਸੜਕ ਦੇ ਸੱਜੇ ਪਾਸੇ (ਪਲਾਟ ਨੰ: 810 ਤੋਂ ਲੈ ਕੇ ਪਲਾਟ ਨੰ: 801 ਤੱਕ ਕੁੱਲ 10 ਪਲਾਟ ਪੈਂਦੇ ਹਨ) ਜੋ ਕਿ ਰਿਹਾਇਸ਼ੀ ਮੰਤਵ ਲਈ ਹਨ। ਕਾਰੋਬਾਰੀ ਘੋਸ਼ਿਤ ਕੀਤੇ ਜਾਣੇ ਵਾਲੇ ਪਾਸੇ ਵੱਲ ਪਹਿਲਾਂ ਵੀ ਸਕੀਮ ਪਲੈਨ ਅਨੁਸਾਰ ਕੁੱਝ ਕਾਰੋਬਾਰੀ ਉਸਾਰੀਆਂ ਚੱਲ ਰਹੀਆਂ ਹਨ, ਜਿਨ੍ਹਾਂ ਨੂੰ ਸਕੀਮ ਪਲੈਨ ਵਿੱਚ ਨੀਲੇ ਰੰਗ ਨਾਲ ਮਾਰਕ ਕੀਤਾ ਗਿਆ ਹੈ, ਖਾਲੀ ਪਏ ਪਲਾਟਾਂ ਨੂੰ ਪੀਲੇ ਰੰਗ ਨਾਲ ਮਾਰਕ ਕਰ ਦਿੱਤਾ ਗਿਆ ਹੈ ਅਤੇ ਰਿਹਾਇਸ਼ੀ ਉਸਾਰੀ ਨੂੰ ਲਾਲ ਰੰਗ ਨਾਲ ਮਾਰਕ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਜਿਹੜੇ ਪਲਾਟਾਂ ਵਿੱਚ ਰਿਹਾਇਸ਼ੀ -ਕਮ- ਕਾਰੋਬਾਰੀ ਕੰਮ ਚੱਲ ਰਿਹਾ ਹੈ, ਉਨ੍ਹਾਂ ਪਲਾਟਾਂ ਨੂੰ ਲਾਲ/ਨੀਲੇ ਰੰਗ ਨਾਲ ਮਾਰਕ ਕਰ ਦਿੱਤਾ ਗਿਆ ਹੈ। ਸਕੀਮ ਪਲੈਨ ਅਨੁਸਾਰ ਇਹ ਸੜਕ ਜਿਸ ਨੂੰ ਹੁਣ ਕਾਰੋਬਾਰੀ ਘੋਸ਼ਿਤ ਕਰਨ ਲਈ ਬਿਨੈ ਪੱਤਰ ਇਸ ਦਫਤਰ ਵਿਖੇ ਪ੍ਰਾਪਤ ਹੋਇਆ ਹੈ, ਉਸ ਦੀ ਚੋੜਾਈ 120'-0" ਹੈ। ਮੌਕੇ ਤੇ ਇਸ ਸੜਕ ਦੇ ਖੱਬੇ ਹੱਥ ਵਾਲੇ ਪਾਸੇ (ਭਾਵ ਪਲਾਟ ਨੰ: 810 ਤੋਂ ਲੈ ਕੇ ਪਲਾਟ ਨੰ: 801 ਤੱਕ ਦੇ ਸਾਹਮਣੇ ਵਾਲੇ ਪਾਸੇ) ਮੁਦਾਖਲਤਾਂ ਹਨ। ਜਲੰਧਰ ਦੇ ਮਾਸਟਰ ਪਲੈਨ ਅਨੁਸਾਰ ਦੋ ਮੰਜਿਲਾਂ ਤੱਕ ਕਾਰੋਬਾਰੀ ਉਸਾਰੀ ਦੀ ਆਗਿਆ ਦੇਣ ਲਈ ਘੱਟੋ-ਘੱਟ ਸੜਕ ਦੀ ਚੋੜਾਈ 60'-0" ਲੋੜੀਂਦੀ ਹੈ ਅਤੇ ਦੋ ਮੰਜਿਲਾਂ ਤੋਂ ਵੱਧ ਦੀ ਕਾਰੋਬਾਰੀ ਉਸਾਰੀ ਲਈ ਸੜਕ ਦੀ ਚੋੜਾਈ 80'-0" ਲੋੜੀਂਦੀ ਹੈ। ਇਹ ਸੜਕ ਕਾਰੋਬਾਰੀ ਘੋਸ਼ਿਤ ਕਰਨ ਨਾਲ ਨਗਰ ਨਿਗਮ ਨੂੰ ਕਾਫੀ ਵਿੱਤੀ ਲਾਭ ਹੋਵੇਗਾ।

ਉਪਰੋਕਤ ਰਿਪੋਰਟ ਵਿੱਚ ਦਰਸਾਏ ਗਏ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਸ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਸਬੰਧੀ ਲੋੜੀਂਦਾ ਮਤਾ ਨਗਰ ਨਿਗਮ, ਜਲੰਧਰ ਤੋਂ ਪ੍ਰਵਾਨ ਕਰਵਾਉਣਾ ਜਰੂਰੀ ਹੈ। ਇਸ ਲਈ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਲਈ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਸਹਾਇਕ ਟਾਊਨ ਪਲੈਨਰ (ਹੈਡਕਵਾਟਰ) ਨੇ ਮਿਤੀ 27.6.2019 ਰਾਹੀਂ ਲਿਖਿਆ ਹੈ ਕਿ ਉਕਤ ਅਨੁਸਾਰ ਸਕੀਮ ਦੀ ਰੀਮੋਡੂਲੇਸ਼ਨ ਕੀਤੀ ਜਾਣੀ ਹੈ। ਇਸ ਸਬੰਧੀ ਮੰਜੂਰੀ ਸਰਕਾਰ ਪੱਧਰ ਤੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਉਪਰੰਤ ਕੀਤੀ ਜਾਣੀ ਹੈ।ਜਿਸ ਨਾਲ ਸੰਯੁਕਤ ਕਮਿਸ਼ਨਰ (ਏ) ਅਤੇ ਕਮਿਸ਼ਨਰ ਜੀ ਨੇ ਮਿਤੀ 2.7.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.7.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ ਅਤੇ ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ ਵਲੋਂ ਇਸ ਤਜਵੀਜ ਦਾ ਵਿਰੋਧ ਕੀਤਾ ਗਿਆ ਅਤੇ ਹਾਊਸ ਵਲੋਂ ਵਿਚਾਰਣ ਉਪਰੰਤ ਇਹ ਮੱਦ ਰੱਦ ਕੀਤੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 6

ਵਿਸ਼ਾ:- ਵਿਕਾਸ ਸਕੀਮ 120'-0" ਰੋਡ 143.5 ਏਕੜ ਰਿਸ਼ੀ ਨਗਰ, ਨਗਰ ਸੁਧਾਰ ਟਰੱਸਟ, ਜਲੰਧਰ ਵਿਖੇ ਮਿਠਾਪੁਰ ਰੋਡ ਤੋਂ ਪੀ.ਪੀ.ਆਰ. ਕੰਪਲੈਕਸ ਨੂੰ ਜਾਂਦੇ ਹੋਏ ਪਲਾਟ ਨੰ: 833 ਤੋਂ ਲੈ ਕੇ 816 ਤੱਕ (ਖੱਬੇ ਹੱਥ ਵਾਲੇ ਪਾਸੇ) ਅਤੇ ਪਲਾਟ ਨੰ: 815 ਤੋਂ ਲੈ ਕੇ 812 ਤੱਕ (ਸੱਜੇ ਹੱਥ ਵਾਲੇ ਪਾਸੇ) ਨੂੰ ਕਾਰੋਬਾਰੀ ਘੋਸ਼ਿਤ ਕਰਨ ਬਾਰੇ।

ਹਵਾਲਾ:- ਪੱਤਰ ਨੰ: 372/ਐਮ.ਟੀ.ਪੀ. ਮਿਤੀ 29.04.2019 ਦੇ ਸਬੰਧ ਵਿੱਚ।

ਪੜ੍ਹਿਆ ਨੋਟ ਡਰਾਇੰਗ ਸ਼ਾਖਾ ਮਿਤੀ 26.6.2019 ਜਿਸ ਤੇ ਸਹਾਇਕ ਟਾਊਨ ਪਲੈਨਰ ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਤੇ ਹਵਾਲੇ ਤਹਿਤ ਦੱਸਿਆ ਜਾਂਦਾ ਹੈ ਕਿ ਵਿਕਾਸ ਸਕੀਮ 120'-0" ਰੋਡ 143.5 ਏਕੜ ਰਿਸ਼ੀ ਨਗਰ, ਨਗਰ ਸੁਧਾਰ ਟਰੱਸਟ, ਜਲੰਧਰ ਵਿਖੇ ਪਲਾਟ ਨੰ: 833 ਤੋਂ ਲੈ ਕੇ 816 ਤੱਕ (ਖੱਬੇ ਹੱਥ ਵਾਲੇ ਪਾਸੇ) ਅਤੇ ਪਲਾਟ ਨੰ: 815 ਤੋਂ ਲੈ ਕੇ 812 ਤੱਕ (ਸੱਜੇ ਹੱਥ ਵਾਲੇ ਪਾਸੇ) ਨੂੰ ਕਾਰੋਬਾਰੀ ਘੋਸ਼ਿਤ ਕਰਨ ਬਾਰੇ ਇਸ ਦਫਤਰ ਵਿਖੇ ਬੇਨਤੀ ਪੱਤਰ ਪ੍ਰਾਪਤ ਹੋਇਆ ਹੈ, ਜਿਸ ਉਪਰ ਇਸ ਸੜਕ ਉਪਰ ਪੈਂਦੇ ਪਲਾਟ ਦੇ ਮਾਲਕਾਂ ਵਲੋਂ ਹਸਤਾਖਰ ਕੀਤੇ ਹੋਏ ਹਨ ਅਤੇ ਇਸ ਬੇਨਤੀ ਪੱਤਰ ਉਪਰ ਕੌਂਸਲਰ ਸ਼੍ਰੀਮਤੀ ਸਰਬਜੀਤ ਕੌਰ ਅਤੇ ਸ਼੍ਰੀ ਬਲਰਾਜ ਠਾਕੁਰ ਜੀ ਦੇ ਵੀ ਹਸਤਾਖਰ ਹਨ। ਉਸ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਸੜਕ ਆਬਾਦੀ ਰਿਸ਼ੀ ਨਗਰ, ਜਲੰਧਰ ਦੇ ਸਕੀਮ ਪਲੈਨ ਵਿੱਚ ਪੈਂਦੀ ਹੈ ਅਤੇ ਇਹ 120'-0" ਸੜਕ ਮਿਠਾਪੁਰ ਰੋਡ ਤੋਂ ਪੀ.ਪੀ.ਆਰ. ਕੰਪਲੈਕਸ ਨੂੰ ਜਾਂਦੇ ਹੋਏ ਪੈਂਦੀ ਹੈ। ਇਸ ਸੜਕ ਦੇ ਖੱਬੇ ਹੱਥ ਵਾਲੇ ਪਾਸੇ ਪਲਾਟ ਨੰ: 833 ਤੋਂ ਲੈ ਕੇ 816 ਤੱਕ ਕੁੱਲ 18 ਪਲਾਟ ਪੈਂਦੇ ਹਨ ਅਤੇ ਇਸੇ ਸੜਕ ਦੇ ਸੱਜੇ ਹੱਥ ਵਾਲੇ ਪਾਸੇ ਪਲਾਟ ਨੰ: 815 ਤੋਂ ਲੈ ਕੇ 812 ਤੱਕ ਕੁੱਲ 4 ਪਲਾਟ ਪੈਂਦੇ ਹਨ, ਜੋ ਕਿ ਰਿਹਾਇਸ਼ੀ ਮੰਤਵ ਲਈ ਹੈ। ਸਕੀਮ ਪਲੈਨ ਵਿੱਚ ਇਸ ਜਗ੍ਹਾ ਦੀ ਮੋਕੇ ਦੀ ਸਥਿਤੀ ਨੂੰ ਦਰਸਾ ਦਿੱਤਾ ਹੈ। ਸਕੀਮ ਪਲੈਨ ਵਿੱਚ ਕਾਰੋਬਾਰੀ ਉਸਾਰੀਆਂ ਨੂੰ ਨੀਲੇ ਰੰਗ ਨਾਲ ਮਾਰਕ ਕਰ ਦਿੱਤਾ ਗਿਆ ਹੈ, ਖਾਲੀ ਪਏ ਪਲਾਟਾਂ ਨੂੰ ਪੀਲੇ ਰੰਗ ਨਾਲ ਮਾਰਕ ਕਰ ਦਿੱਤਾ ਗਿਆ ਹੈ ਅਤੇ ਰਿਹਾਇਸ਼ੀ ਉਸਾਰੀ ਨੂੰ ਲਾਲ ਰੰਗ ਨਾਲ ਮਾਰਕ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਜਿਹੜੇ ਪਲਾਟਾਂ ਵਿੱਚ ਰਿਹਾਇਸ਼ੀ -ਕਮ- ਕਾਰੋਬਾਰੀ ਕੰਮ ਚੱਲ ਰਿਹਾ ਹੈ, ਉਨ੍ਹਾਂ ਪਲਾਟਾਂ ਨੂੰ ਲਾਲ/ਨੀਲੇ ਰੰਗ ਨਾਲ ਮਾਰਕ ਕਰ ਦਿੱਤਾ ਗਿਆ ਹੈ। ਸਕੀਮ ਪਲੈਨ ਅਨੁਸਾਰ ਇਹ ਸੜਕ ਜਿਸ ਨੂੰ ਹੁਣ ਕਾਰੋਬਾਰੀ ਘੋਸ਼ਿਤ ਕਰਨ ਲਈ ਬਿਨੈ ਪੱਤਰ ਪ੍ਰਾਪਤ ਹੋਇਆ ਹੈ, ਉਸ ਦੀ ਚੋੜਾਈ 120'-0" ਹੈ। ਜਲੰਧਰ ਦੇ ਮਾਸਟਰ ਪਲੈਨ ਅਨੁਸਾਰ ਦੋ ਮੰਜਿਲਾਂ ਤੱਕ ਕਾਰੋਬਾਰੀ ਉਸਾਰੀ ਦੀ ਆਗਿਆ ਦੇਣ ਲਈ ਘੱਟੋ-ਘੱਟ ਸੜਕ ਦੀ ਚੋੜਾਈ 60'-0" ਲੋੜੀਂਦੀ ਹੈ ਅਤੇ ਦੋ ਮੰਜਿਲਾਂ ਤੋਂ ਵੱਧ ਦੀ ਕਾਰੋਬਾਰੀ ਉਸਾਰੀ ਲਈ ਸੜਕ ਦੀ ਚੋੜਾਈ 80'-0" ਲੋੜੀਂਦੀ ਹੈ। ਇਸ ਤਰ੍ਹਾਂ ਇਹ ਸੜਕ ਮਾਸਟਰ ਪਲੈਨ ਅਨੁਸਾਰ ਨਿਰਧਾਰਤ ਸੜਕ ਦੀ ਚੋੜਾਈ ਦੇ ਉਪਬੰਧਾਂ ਨੂੰ ਪੂਰਾ ਕਰਦੀ ਹੈ। ਇਹ ਸੜਕ ਕਾਰੋਬਾਰੀ ਘੋਸ਼ਿਤ ਕਰਨ ਨਾਲ ਨਗਰ ਨਿਗਮ ਨੂੰ ਕਾਫੀ ਵਿੱਤੀ ਲਾਭ ਹੋਵੇਗਾ।

ਉਪਰੋਕਤ ਰਿਪੋਰਟ ਵਿੱਚ ਦਰਸਾਏ ਗਏ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਸ ਸੜਕ ਨੂੰ ਕਾਰੋਬਾਰੀ ਘੋਸ਼ਿਤ ਕਰਨ ਸਬੰਧੀ ਲੋੜੀਂਦਾ ਮਤਾ ਨਗਰ ਨਿਗਮ, ਜਲੰਧਰ ਤੋਂ ਪ੍ਰਵਾਨ ਕਰਵਾਉਣਾ ਜਰੂਰੀ ਹੈ। ਸਹਾਇਕ ਟਾਊਨ ਪਲੈਨਰ (ਹੈਡਕਵਾਟਰ) ਨੇ ਮਿਤੀ 27.6.2019 ਰਾਹੀਂ ਲਿਖਿਆ ਹੈ ਕਿ ਉਕਤ ਅਨੁਸਾਰ ਸਕੀਮ ਦੀ ਰੀਮੋਡਾਲੇਸ਼ਨ ਕੀਤੀ ਜਾਣੀ ਹੈ। ਇਸ ਸਬੰਧੀ ਮੰਜੂਰੀ ਸਰਕਾਰ ਪੱਧਰ ਤੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਉਪਰੰਤ ਕੀਤੀ ਜਾਣੀ ਹੈ। ਜਿਸ ਨਾਲ ਸੰਯੁਕਤ ਕਮਿਸ਼ਨਰ (ਏ) ਅਤੇ ਕਮਿਸ਼ਨਰ ਜੀ ਨੇ ਮਿਤੀ 2.7.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 10.7.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰ ਵਟਾਂਦਰੇ ਦੌਰਾਨ ਸ੍ਰੀ ਰੋਹਣ ਸਹਿਗਲ, ਕੌਂਸਲਰ ਵਲੋਂ ਇਸ ਤਜਵੀਜ ਦਾ ਵਿਰੋਧ ਕਰਦੇ ਹੋਏ ਇਤਰਾਜ ਕੀਤਾ ਗਿਆ ਕਿ ਉਹਨਾਂ ਦੇ ਇਲਾਕੇ ਦੇ ਏਰੀਏ ਸਬੰਧੀ ਇਸ ਤਜਵੀਜ ਨੂੰ ਪੇਸ਼ ਕਰਨ ਤੋਂ ਪਹਿਲਾਂ ਉਹਨਾਂ ਨੂੰ ਪੁੱਛਿਆ ਤੱਕ ਨਹੀਂ ਗਿਆ ਜਿਸ ਤੇ ਹਾਊਸ ਵਲੋਂ ਵਿਚਾਰਣ ਉਪਰੰਤ ਇਹ ਮੱਦ ਲੰਬਿਤ ਕੀਤੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 7

ਵਿਸ਼ਾ:– ਵਾਟਰ ਰੇਟ ਬਿਲਿੰਗ ਸ਼ਾਖਾ ਲਈ ਕਲਾਉਡ ਸਰਵਰ ਆਦਿ ਦੀ ਸੁਵਿਧਾ ਅਤੇ ਕੰਮਪਿਉਟਰ ਐਕਸਪਰਟ ਸਟਾਫ ਦੀ ਆਉਟ ਸੋਰਸ ਰਾਹੀਂ ਭਰਤੀ ਕਰਨ ਬਾਰੇ।

ਪੜ੍ਹਿਆ ਨੋਟ ਸਿਸਟਮ ਮੈਨੇਜਰ ਮਿਤੀ 21.11.2018 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਾਟਰ ਰੇਟ ਬਿਲਿੰਗ ਸ਼ਾਖਾ ਵਿੱਚ ਕੰਮਪਿਉਟਰਾਇਜਡ ਈ–ਬਿਲਿੰਗ ਸਿਸਟਮ ਨੂੰ ਲਾਗੂ ਕੀਤਾ ਗਿਆ ਹੈ। ਨਗਰ ਨਿਗਮ ਜਲੰਧਰ ਦੀ ਵਾਟਰ ਰੇਟ ਸ਼ਾਖਾ ਵਿੱਚ ਸ਼ੁਰੂ ਤੋਂ ਚਲੀ ਆ ਰਹੀ ਮੈਨੁਅਲ ਜੀ–8 ਰਸੀਦ ਸਿਸਟਮ ਨੂੰ ਖਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ।ਕਿਉਜ਼ੋ ਮੈਨੁਅਲ ਜੀ–8 ਦੀ ਐਂਟਰੀ ਅਤੇ ਡੁਪਲੀਕੇਸੀ ਦੀਆਂ ਸ਼ਿਕਾਇਤਾਂ ਆ ਰਹੀਆ ਸਨ। ਜਿਸ ਲਈ ਵਾਟਰ ਰੇਟ ਸ਼ਾਖਾ ਦੇ ਰਿਕਵਰੀ ਸਟਾਫ ਨੂੰ ਪਾਣੀ ਅਤੇ ਸੀਵਰੇਜ਼ ਬਿੱਲ ਦੀ ਡੋਰ ਟੂ ਡੋਰ ਕੁਲੇਕਸ਼ਨ ਕਰਨ ਹਿੱਤ 20 ਪੀ.ਓ.ਐਸ ਮਸ਼ੀਨ (ਇਲੈਕਟ੍ਰੋਨਿਕ ਡਾਟਾ ਕੈਪਚਰ ਮਸ਼ੀਨ) ਦਿੱਤੀਆਂ ਗਈਆਂ ਹਨ। ਇਹ ਸਿਸਟਮ Real Time ਹੈ ਅਤੇ ਇਲੈਕਟ੍ਰੋਨਿਕ ਡਾਟਾ ਕੈਪਚਰ ਮਸ਼ੀਨ ਨਗਰ ਨਿਗਮ ਦੇ ਵਾਟਰ ਰੇਟ ਬਿਲਿੰਗ ਕਲਾਉਡ ਸਰਵਰ ਨਾਲ ਜੁੜੀ ਹੋਈ ਹੈ, ਜਿਸ ਵਿੱਚ ਖਪਤਕਾਰ ਦਾ ਨਾਮ, ਮਕਾਨ ਨੰ: ਅਤੇ ਪੈਂਡਿੰਗ ਬਿੱਲ ਦਾ ਵੇਰਵਾ ਆ ਜਾਂਦਾ ਹੈ।ਬਿੱਲ ਕੁਲੇਕਟਰ ਵੱਲੋ ਸਿਰਫ ਖਪਤਕਾਰ ਦਾ ਪਾਣੀ ਤੇ ਸੀਵਰੇਜ਼ ਆਈ.ਡੀ ਨੰਬਰ ਪਾ ਕੇ ਮੋਕੇ ਤੇ ਬਿੱਲ ਦੀ ਵਸੂਲੀ ਕਰ ਸਕਦਾ ਹੈ।ਇਸ ਤੋਂ ਇਲਾਵਾ ਇਹਨ੍ਹਾਂ ਮਸ਼ੀਨਾਂ ਵਿੱਚ ਮੀਟਰ ਕੁਨੇਕਸ਼ਨ ਬਿੱਲਾਂ ਦੀ ਮੋਕੇ ਤੇ ਮੀਟਰ ਦੀ ਰਿਡਿੰਗ ਭਰ ਕੇ ਉਸੇ ਸਮੇਂ ਖਪਤਕਾਰ ਨੂੰ ਬਿੱਲ ਜਨਰੇਟ ਕਰਨ ਦੀ ਸੁਵਿਧਾ ਸ਼ੁਰੂ ਕੀਤੀ ਜਾ ਰਹੀ ਹੈ।ਖਪਤਕਾਰ ਚਾਹੇ ਤਾਂ ਉਸੇ ਸਮੇਂ ਮੀਟਰ ਬਿੱਲ ਰਿਡਿੰਗ ਦੀ ਰਿਕਵਰੀ ਸਟਾਫ ਨੂੰ ਅਦਾਇਗੀ ਕਰ ਸਕਦਾ ਹੈ।ਇਹਨਾਂ ਸੇਵਾਵਾਂ ਨਾਲ ਭਾਰਤ ਸਰਕਾਰ ਦੁਆਰਾ ਚਲਾਈ ਜਾ ਰਹੀਂ Digital India ਮਿਸ਼ਨ ਅਧੀਨ Digital Payment/ Cash Less ਅਤੇ Plastic Money ਦੀ ਵੱਧ ਤੋਂ ਵੱਧ ਵਰਤੋਂ ਹੋ ਰਹੀ ਹੈ ਅਤੇ ਇਸ ਦੇ ਨਾਲ ਪਾਣੀ ਤੇ ਸੀਵਰੇਜ਼ ਦੇ ਬਿੱਲਾਂ ਦੀ ਰਿਕਵਰੀ ਵਿੱਚ ਵੀ ਵਾਧਾ ਹੋ ਰਿਹਾ ਹੈ।ਇਸ ਤੋਂ ਇਲਾਵਾ ਵਾਟਰ ਰੇਟ ਸ਼ਾਖਾ ਵੱਲੋ ਈ–ਬਿਲਿੰਗ ਸਿਸਟਮ ਅਤੇ ਐਸ.ਐਮ.ਐਸ ਦੀ ਸੁਵਿਧਾ ਵੀ ਆਮ ਜਨਤਾ ਨੂੰ ਦਿੱਤੀ ਜਾ ਰਹੀ ਹੈ।ਜਿਸ ਦੇ ਨਾਲ ਆਮ ਜਨਤਾ ਨੂੰ ਪਾਣੀ ਦੇ ਬਿੱਲ ਸਮੇਂ ਸਿਰ ਨਾ ਮਿਲਣ ਦੀ ਆਉਣ ਵਾਲੀਆਂ ਸ਼ਿਕਾਇਤਾਂ ਵਿੱਚ ਕਮੀ ਆਈ ਹੈ ਅਤੇ ਆਮ ਜਨਤਾ ਵੱਲੋ ਈ–ਬਿਲਿੰਗ ਸਿਸਟਮ ਨੂੰ ਪਸੰਦ ਕੀਤਾ ਗਿਆ ਹੈ।

ਵਾਟਰ ਰੇਟ ਸ਼ਾਖਾ ਦੇ ਸੁਪਰਡੰਟ ਦੇ ਨੋਟ ਮਿਤੀ: 20.11.2018 ਰਾਹੀਂ ਲਿਖਿਆ ਗਿਆ ਹੈ ਕਿ ਵਾਟਰ ਰੇਟ ਸ਼ਾਖਾ ਬਿਲਿੰਗ ਨੂੰ ਕੰਮਪਿਉਟਰਾਇਜਡ ਕਰ ਦਿੱਤਾ ਗਿਆ ਹੈ ਪਰ ਵਿਭਾਗ ਨੂੰ ਕੋਈ ਵੀ ਕੰਮਪਿਉਟਰ ਐਕਸਪਰਟ ਨਹੀਂ ਦਿੱਤਾ ਗਿਆ। ਜਿਸ ਨਾਲ ਇਸ ਵਿਭਾਗ ਨੂੰ ਹੋਰ ਵੀ ਬੇਹਤਰ ਕਰਨ ਵਿੱਚ ਬਹੁਤ ਹੀ ਮੁਸ਼ਕਲ ਆ ਰਹੀ ਹੈ। ਕੰਮਪਿਉਟਰ ਸਟਾਫ ਦੀ ਘਾਟ ਕਾਰਨ ਬਿਲਿੰਗ ਕਰਨ ਵਿੱਚ ਕਈ ਬਾਰ ਤਕਨੀਕੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਇਥੇ ਇਹ ਵੀ ਦੱਸਣਯੋਗ ਹੈ ਕਿ ਵਾਟਰ ਰੇਟ ਈ–ਬਿਲਿੰਗ ਦਾ ਕਲਾਉਡ ਬੇਸਡ ਕੰਮ ਕੰਮਪਿਉਟਰਾਇਜਡ ਕਰਨ ਲਈ ਕਿਸੇ ਕੰਪਨੀ ਨੂੰ ਠੇਕਾ ਦਿੱਤਾ ਹੋਇਆ ਸੀ। ਜ਼ੋ ਕਿ ਹੁਣ ਖਤਮ ਹੋ ਗਿਆ ਹੈ।ਉਹਨ੍ਹਾਂ ਵੱਲੋ ਸਿਸਟਮ ਮੈਨੇਜਰ ਨੂੰ ਸ਼ਾਖਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪਿਛਲੇ ਕੰਮ ਦੀ ਲਗਾਤਾਰਤਾ ਵਿੱਚ ਉਕਤ ਕੰਮ ਦੀ ਤਜਵੀਜ ਬਣਾਉਣ ਅਤੇ ਇਸ ਦੇ ਨਵੇਂ ਤਖਮੀਨੇ ਵਿੱਚ ਇੱਕ ਐਮ.ਆਈ.ਐਸ ਅਤੇ ਇੱਕ ਕੰਮਪਿਉਟਰ ਅਸੀਸਟੈਂਟ ਰੱਖਣ ਦਾ ਉਪਬੰਧ ਕਰਨ ਲਈ ਲਿਖਿਆ ਗਿਆ ਹੈ ਤਾਂ ਜ਼ੋ ਵਿਭਾਗ ਦਾ ਕੰਮ ਬੇਹਤਰ ਢੰਗ ਨਾਲ ਚਲਾਇਆ ਜਾ ਸਕੇ।

ਸੰਯੁਕਤ ਕਮਿਸ਼ਨਰ ਜੀ ਵੱਲੋ ਮਿਤੀ: 21.11.2018 ਰਾਹੀਂ ਸਿਸਟਮ ਮੈਨੇਜਰ ਨੂੰ ਉਕਤ ਸਬੰਧੀ ਤਜਵੀਜ ਪੇਸ਼ ਕਰਨ ਲਈ ਕਿਹਾ ਗਿਆ। ਵਾਟਰ ਰੇਟ ਸ਼ਾਖਾ ਦੀ ਬਿਲਿੰਗ ਦਾ ਕੰਮ ਅਤਿ ਮਹੱਤਵਪੂਰਨ ਹੈ ਅਤੇ ਇਹ ਇੱਕ Emergerncy/ Urgent-nature ਕੰਮ ਹੈ।ਉਪਰੋਕਤ ਦਿੱਤੇ ਵੇਰਵੇ ਅਨੁਸਾਰ ਉਕਤ ਸਿਸਟਮ ਨੂੰ ਲਾਗੂ ਕਰਨ ਲਈ ਦਿੱਤੇ ਗਏ ਪ੍ਰਸਤਾਵ ਦੇ **Key Points** ਹੇਠ ਲਿਖੇ ਅਨੁਸਾਰ ਹੈ:–

Key points:

Sr. No	Subject	Mode	Description
A	**Manpower Management**	Per Month	1 MIS Expert
			1 Computer Assistant
B	**Infrastructure Management**		Cloud Server
			E-Mail Gateway SMS Gateway Billing Cycle = Quarterly No. of connections=80000 approx.
			High Speed Internet Connection for Billing Server
C	**Operation & Management**		Electronic Data Capture Machine (POS Machine) integrated Real time server Customization, Maintenance, Backup, Security & Updations of Software

Total (A+B+C) = 841400/- GST @ 18% Inclusive

NOTE: The services /arrangement will be initially for the one year which can be extended upto two more years after one year with the consent of both the parties with same estimate /T&C. excluding Sr. No. 'A' which can be revised upto 10% annually as per the guidelines issued by Labour Department GoP.

Advantage of System:

1. Billing System, New Connection entry, demand generation will be based on centralized cloud server.
2. Availability of Just in time billing and collection system to save time and will remove late reconciliation system. The MCJ will have much more efficient reporting system.
3. The billing and pending amount information will be SMS integrated with smart technology.
4. The same system will be connected via mobile Apps. The citizen would be able to pay the amount via their mobile phones. They can also track their payment history also.
5. E-billing system will be introduced to save the paper and the environment. Hence lots of manpower will be saved.

SCOPE OF WORK:

(1) **Online Water & Sewerage Application:** Billing System, New Connection entry, demands generation will be based on centralized cloud server. Availability of Just in time billing and collection system to save time and will remove late reconciliation system. The billing and pending amount information will be SMS integrated with smart technology. The same system will be connected via mobile Apps. There will be online payment facilities like net banking, debit card, credit card etc.. This software will also be connected with the **EDC** terminals for taking payments. For this purpose the secure software panel will be provided to the bank for just in time posting. **E-billing system** will be introduced to save the paper and the environment. Hence lots of manpower will be saved. The application will also connect citizen facilitation centers and banks for the operations.

(2) **Demand and collection Registers:** Demand and collection registers and water sewerage will be printed.

(3) **Service Support Center:** For Attending Calls from citizens, Bank officials, Data Entry Operators, Supervisors and Municipal Officials regarding Help/Support for Softwares /Applications of Municipal Corporation Jalandhar. Also managing Emails regarding Updations /Modifications of entries (Data entry operation, Spelling Mistake, Wrong Payment Mode selected etc.) after proper authentication.

(4) **Reconciliation Process:** Reconciliations of Pending Online Payments/Chargeback (When User paid online payment but doesn't receive Water Rate Bill payment receipt or relative service) and Success Payment. These payments need to reconcile on daily bases.

(5) **Audit of Online Payments:** To provide relevant reports G-8 wise, service wise to account and audit branch on daily/weekly basis, to ensure required satisfaction of the department. The Audit objection (if any), it will be entire responsibility of the service provider.

(6) **Customize Reports:** will provide various customize reports time to time as per requirements by Municipal Corporation Officials.

(7) **Security of the Data:** We have the first priority to keep the data secure and highly confidential.

(8) **Server Traffic:** Monitoring Server Traffic / Load Sharing & providing 24x7 hours availability of server without any problem.

(9) **Backups and Recovery:** Managing Backup of Contents, Databases of all Softwares and Services from server & keep them highly confidential.

(10) **Manpower Management:** One MIS Expert & One Computer Assistant

(11) **Cloud Server** will be provided by firm from BSNL.

(12) **Payment** will be made through MCJ to the Vendor Monthly basis

ਇਹ ਇੱਕ Emergerncy/ Urgent-nature ਕੰਮ ਹੈ। ਉਪਰੋਕਤ ਸਾਲਾਨਾ ਤਖਮੀਨਾ ਰੁਪਏ: 8,41,400/– ਦਾ ਬਣਾਇਆ ਗਿਆ ਹੈ। ਇਸ ਕੰਮ ਤੇ ਲਗਭਗ **8.41 ਲੱਖ ਰੁਪਏ ਖਰਚਾ** ਆਉਣ ਦੀ ਸੰਭਾਵਨਾ ਹੈ। ਇਥੇ ਇਹ ਵੀ ਦੱਸਣਯੋਗ ਹੋਵੇਗਾ ਕਿ ਨਗਰ ਨਿਗਮ ਦੇ ਬਜਟ ਸਾਲ 2018–19 ਵਿੱਚ ਵੀ ਕੰਮਪਿਊਟਰਾਈਜੇਸ਼ਨ ਤੇ ਖਰਚਾ ਕਰਨ ਦਾ ਉਪਬੰਧ ਕੀਤਾ ਹੋਇਆ ਹੈ। ਉਕਤ ਕੰਮ ਈ–ਟੈਂਡਰ ਪ੍ਰਕੀਰਿਆ ਅਪਣਾਉਂਦੇ ਹੋਏ ਕਿਸੇ ਇੰਨਫਰਮੇਸ਼ਨ ਟੈਕਨਾਲਜੀ ਨਾਲ ਸਬੰਧਤ ਕੰਪਨੀ ਪਾਸੋਂ ਹੀ ਕਰਵਾਇਆ ਜਾਵੇਗਾ। ਇਸ ਲਈ ਉਕਤ ਕੰਮ ਕਰਨ ਲਈ ਜਿਸ ਤੇ ਖਰਚਾ ਲਗਭਗ 8,41,400/- ਰੁਪਏ ਦੀ ਤਜਵੀਜ ਨਗਰ ਨਿਗਮ ਹਾਊਸ ਦੀ ਬੈਠਕ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। ਸੰਯੁਕਤ ਕਮਿਸ਼ਨਰ(ਆਰ) ਨੇ ਮਿਤੀ: 22.11.2018 ਅਨੁਸਾਰ ਉਪਰੋਕਤ ਦੀ ਪ੍ਰਵਾਨਗੀ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਭੇਜਣ ਲਈ ਸ਼ਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 07.12.2018 ਰਾਹੀ ਤਜਵੀਜ ਹਾਊਸ ਵਿੱਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 07.12.2018 ਰਾਹੀਂ ਮਾਮਲਾ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/– ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 8

ਵਿਸ਼ਾ:- ਜੀ-8 ਰਸੀਦ ਬੁੱਕ ਨੂੰ ਕੰਮਪਿਉਟਰਾਇਜਡ ਕਰਕੇ Online Receipt System ਨੂੰ ਲਾਗੂ ਕਰਨ ਸਬੰਧੀ।

ਪੜਿਆ ਨੋਟ ਸਿਸਟਮ ਮੈਨੇਜਰ ਮਿਤੀ: 17.01.2019 ਕਿ ਉਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਕਮਿਸ਼ਨਰ ਜੀ ਦੇ ਹੁੱਕਮ ਨੰ: ਪੀ.ਏ/2018/439-42 ਮਿਤੀ: 20.12.2018 ਰਾਹੀਂ ਆਦੇਸ਼ ਦਿੱਤੇ ਗਏ ਸੀ ਕਿ ਨਗਰ ਨਿਗਮ ਜਲੰਧਰ ਦੀਆਂ ਵੱਖ-ਵੱਖ ਸ਼ਾਖਾਂਵਾਂ ਵਿੱਚ ਜੀ-8 ਰਸੀਦ ਬੁੱਕ ਰਾਹੀਂ ਮੈਨੁਅਲ ਰਸੀਦਾ ਕਟੀਆਂ ਜਾ ਰਹੀਆਂ ਹਨ। ਜਿਸ ਨਾਲ ਇਹ ਅੰਦੇਸ਼ਾਂ ਰਹਿੰਦਾ ਹੈ ਕਿ ਕਿਸੇ ਵੀ ਸਮੇਂ ਕਿਸੇ ਤਰ੍ਹਾਂ ਡੁਪਲੀਕੇਸੀ ਹੋ ਸਕਦੀ ਹੈ।ਇਸ ਸਿਸਟਮ ਨੂੰ ਕੰਮਪਿਉਟਰਾਇਜਡ ਕੀਤਾ ਜਾਣਾ ਹੈ ਅਤੇ ਇਸ ਸਿਸਟਮ ਦਾ ਫਲੋ ਚਾਰਟ ਬਣਾਉਣ ਲਈ ਅਤੇ ਇਸ ਕੰਮ ਵਿੱਚ ਪਾਰਦਰਸ਼ਿਤਾ ਲਿਆਉਣ ਲਈ ਇੱਕ ਸਬ ਕਮੇਟੀ ਦਾ ਗਠਨ ਕੀਤਾ ਗਿਆ ਹੈ। ਜਿਸ ਵਿੱਚ ਸ਼੍ਰੀ ਸੰਦੀਪ ਕੁਮਾਰ, ਡੀ.ਸੀ.ਐਫ.ਏ, ਸ਼੍ਰੀ ਦਲੀਪ ਸਿੰਘ, ਆਡਿਟਰ, ਸੁਪਰਡੰਟ ਸਟੋਰ ਅਤੇ ਸਿਸਟਮ ਮੈਨੇਜਰ ਨੂੰ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ। ਕਮੇਟੀ ਵੱਲੋ ਉਕਤ ਕੰਮ ਲਈ ਕਿਸੇ ਆਈ.ਟੀ ਕੰਪਨੀ ਨਾਲ ਸਲਾਹ ਕਰਨ ਲਈ ਸਿਸਟਮ ਮੈਨੇਜਰ ਨੂੰ ਕਿਹਾ ਗਿਆ। ਸਿਸਟਮ ਮੈਨੇਜਰ ਵੱਲੋ ਇੱਕ ਆਈ.ਟੀ ਕੰਪਨੀ ਤੋਂ ਵਿਸ਼ੇ ਅਧੀਨ ਕੰਮ ਸਬੰਧੀ ਤਜਵੀਜ ਲਿਤੀ ਗਈ ਹੈ, ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:- **Online Receipt System**.

The scope of the project is to implement a complete solution which will digitalize the Receipt system, through which municipal inspectors can generate fine/recovery amt. receipts from mobile phone and all details can be tracked in real-time.

There will be 3 types of users.

1. **Super Admin**: will create department supervisor logins and issue booklet to departments
2. **Departments**: will create the department inspector logins and issue booklet to inspectors
3. **Inspectors**: access the mobile app, fill their G-8 form and generate report print out

Mobile App:- The mobile app is for issuing Receipts on field through inspector-logins. Dept inspector will use mobile app using his/her login credentials. In mobile app, following functionality must be involved for receipt inspector.

1. Inspector Login using credentials as generated by department
2. Integration of G-8 form to generate/cut the Receipt
3. Print the Receipt from mobile app
4. Automatic SMS to the person who will face the Receipt.
5. Track the location where Receipt is generated
6. Be able to change password from mobile app as well.

It is expected that the new **Online Receipt System** shall result in the following:

- **Increased revenues**, as it'll result in better tracking of Receipts
- **Faster adoption to new UX trends**, as the solution will result in a paperless system
- **Better business outcomes**, as with an intuitive solution the users will be able to get all the information quickly and more effectively

- **Key Point**

S. No.	Item	Description
1	Domain Purchase	mcjalandhar.co.in
2	SMS Pack	1 Lakh SMS with 1 year validity
3	Hosting	Shared Hosting
4	Website with APK	10 working days
5	Hardware	BIS Certified 58mm Bluetooth + USB Thermal Printer

ਕਮੇਟੀ ਮੈਂਬਰ ਡੀ.ਸੀ.ਐਲ.ਏ ਆਡਿਟ ਸ਼ਾਖਾ ਵੱਲੋ ਮਿਤੀ: 03.01.2019 ਰਾਹੀਂ ਲਿਖਿਆ ਗਿਆ ਹੈ ਕਿ ਉਕਤ ਤੋਂ ਇਲਾਵਾ ਰਸੀਦ ਬੁੱਕ ਦਾ ਰਿਕਾਰਡ ਮੈਨੁਅਲ ਵੀ ਰੱਖਿਆ ਜਾਵੇ ਅਤੇ ਡਿਮਾਂਡ ਅਤੇ ਕੁਲੇਕਸ਼ਨ ਰਜਿਸਟਰ ਮੈਨਟੇਨ ਕੀਤਾ ਜਾਵੇ। ਬਾਕੀ ਮੈਂਬਰਾਂ ਨੇ ਉਕਤ ਤਜਵੀਜ ਤੇ ਮਿਤੀ: 16.01.2019 ਰਾਹੀਂ ਸਹਿਮਤੀ ਪ੍ਰਗਟਾਈ ਗਈ ਹੈ।**ਲੜੀ ਨੰ: 5** ਵਿੱਚ ਲਿਖੀ ਆਇਟਮ ਭਾਰਤ ਸਰਕਾਰ ਦੇ ਮਾਨਤਾ ਪ੍ਰਾਪਤ ਜੈਮ ਪੋਰਟਲ ਤੇ ਉਪਲੱਬਧ ਹੈ ਅਤੇ ਇਸ ਦੀ ਖਰੀਦ ਜੈਮ ਪੋਰਟਲ ਰਾਹੀਂ ਕੀਤੀ ਜਾਵੇਗੀ। ਇਸ ਕੰਮ ਤੇ ਲਗਭਗ **7.00 ਲੱਖ** ਰੁਪਏ ਖਰਚਾ ਆਵੇਗਾ।ਉਪਰੋਕਤ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਵਿੱਚ ਜੀ-8 ਰਸੀਦ ਬੁੱਕ ਨੂੰ ਕੰਮਪਿਉਟਰਾਇਜਡ ਕਰਕੇ Online Receipt System ਨੂੰ ਲਾਗੂ ਕਰਨ ਲਈ ਇਹ ਤਜਵੀਜ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਸੰਯੁਕਤ ਕਮਿਸ਼ਨਰ(ਆਰ) ਨੇ ਮਿਤੀ: 17.1.2019 ਅਨੁਸਾਰ ਉਪਰੋਕਤ ਦੀ ਪ੍ਰਵਾਨਗੀ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਭੇਜਣ ਲਈ ਸ਼ਿਫਾਰਸ਼ ਕੀਤੀ ਹੈ।ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 17.1.2019 ਰਾਹੀ ਤਜਵੀਜ ਹਾਊਸ ਵਿੱਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 18.1.2019 ਰਾਹੀਂ ਤਜਵੀਜ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 9

ਵਿਸ਼ਾ:- Operation & Management of Corporation Facilitation Centre (CFC) in Zonal Offices and Suvidha Centre of Municipal Corporation Jalandhar.

ਪੜਿਆ ਨੋਟ ਸਿਸਟਮ ਮੈਨੇਜਰ ਮਿਤੀ: 04.01.2019 ਕਿ ਉਕਤ ਵਿਸ਼ੇ ਅਧੀਨ ਕੰਮ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਜਲੰਧਰ ਵੱਲੋ 6 ਜੋਨਾਂ ਜਿਵੇ ਕਿ ਮਾਡਲ ਟਾਉਨ, ਦਾਦਾ ਕਲੋਨੀ, ਬਸਤੀ ਸ਼ੇਖ, ਲਾਲ ਰਤਨ, ਗੜ੍ਹਾਂ ਜ਼ੋਨ ਅਤੇ ਨਗਰ ਨਿਗਮ ਦੇ ਸੁਵਿਧਾ ਸੈਂਟਰ ਵਿੱਚ Operation & Management of Corporation Facilitation Centre ਦਾ ਕੰਮ ਚੱਲ ਰਿਹਾ ਹੈ, ਜਿਸ ਦੀ ਨਗਰ ਨਿਗਮ ਜਲੰਧਰ ਵੱਲੋਂ ਹਾਊਸ ਦੇ ਮਤਾ ਨੰ: 26 ਮਿਤੀ: 1-2-2016 ਰਾਹੀਂ ਮਤਾ ਪ੍ਰਵਾਨ ਕੀਤਾ ਗਿਆ ਸੀ। ਜਿਸ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: ਸ5-ਡਸਸ-ਮਸਸ-16/13725 ਮਿਤੀ: 22-03-2016 ਰਾਹੀਂ ਦਿੱਤੀ ਗਈ ਸੀ।ਇਹਨਾਂ ਸੀ.ਐਫ.ਸੀ. ਵਿੱਚ ਪ੍ਰਾਪਰਟੀ ਟੈਕਸ, ਵਾਟਰ ਰੇਟ ਅਤੇ ਸ਼ਿਕਾਇਤ ਸ਼ਾਖਾ ਦਾ ਕੰਮ ਕੀਤਾ ਜਾ ਰਿਹਾ ਹੈ। ਇਹਨਾਂ ਸੀ.ਐਫ.ਸੀ. ਬਣਨ ਨਾਲ ਆਮ ਜਨਤਾ ਨੂੰ ਕਾਫੀ ਸਹੂਲਤ ਮਿਲੀ ਹੈ। ਇਹਨ੍ਹਾਂ ਸੀ.ਐਫ.ਸੀ ਬਣਨ ਨਾਲ ਪ੍ਰਾਪਰਟੀ ਟੈਕਸ ਵਿਭਾਗ ਅਤੇ ਵਾਟਰ ਰੇਟ ਸ਼ਾਖਾ ਦੇ ਡਾਟਾਬੇਸ ਨੂੰ ਆਨ-ਲਾਈਨ ਅਤੇ ਕੰਮਪਿਉਟਰਾਇਜਡ ਕੀਤਾ ਗਿਆ ਅਤੇ ਇਹਨਾਂ ਵਿਭਾਗਾਂ ਦੀ ਆਮਦਨ ਵਿੱਚ ਵਾਧਾ ਕਰਨ ਦਾ ਯੋਗਦਾਨ ਪਾਇਆ ਗਿਆ ਹੈ। ਇਹ ਕੰਮ ਅਤਿ ਮਹੱਤਵਪੂਰਨ ਹੈ ਅਤੇ ਇਹ ਇੱਕ Emergerncy/ Urgent-nature ਕੰਮ ਹੈ।ਉਕਤ ਕੰਮ ਦਾ ਠੇਕਾ ਮਿਤੀ: 28.02.2019 ਨੂੰ ਖਤਮ ਹੋ ਰਿਹਾ ਹੈ।

ਆਮ ਜਨਤਾ ਵੱਲੋ ਉਕਤ 6 ਜੋਨਾਂ ਤੋਂ ਇਲਾਵਾ ਰਾਮਾ ਮੰਡੀ ਸਬ ਜੋਨ ਦਫਤਰ ਅਤੇ ਪਰਤਾਪ ਬਾਗ ਜੋਨ ਦਫਤਰ ਵਿੱਚ ਵੀ ਸੀ.ਐਫ.ਸੀ ਸੈਂਟਰ ਖੋਲਣ ਦੀ ਮੰਗ ਕੀਤੀ ਜਾ ਰਹੀ ਹੈ ਕਿਉਜੋ ਪ੍ਰਾਪਰਟੀ ਟੈਕਸ ਦਾ ਰਾਮਾ ਮੰਡੀ ਦੀ ਹੱਦ ਤੱਕ ਲਗਭਗ 6 ਕਿਲੋਮੀਟਰ ਦਾਇਰੇ ਤੱਕ ਕੋਈ ਵੀ ਕੁਲੈਕਸ਼ਨ ਸੈਟਰ ਨਹੀਂ ਹੈ। ਇਸ ਲਈ ਉਥੋ ਦੇ ਵਸਨੀਕਾਂ ਨੂੰ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ ਗੜ੍ਹਾਂ ਜੋਨ ਜਾਂ ਨਗਰ ਨਿਗਮ ਦੇ ਸੁਵਿਧਾ ਸੈਟਰ ਆਉਣਾ ਪੈਂਦਾ ਹੈ।ਜਨਤਾ ਦੀ ਮੰਗ ਨੂੰ ਮੁੱਖ ਰੱਖਦੇ ਹੋਏ ਇਹਨ੍ਹਾਂ ਦੋ ਜੋਨਾਂ ਵਿੱਚ ਸੀ.ਐਫ.ਸੀ ਸੈਂਟਰ ਖੋਲਿਆ ਜਾਵੇ ਤਾਂ ਜੋ ਉਥੋ ਦੇ ਵਸਨੀਕਾਂ ਨੂੰ ਵੀ ਇਹ ਸਹੂਲਤ ਮਿਲ ਸਕੇ ਇਸ ਨਾਲ ਟੈਕਸ ਕੁਲੈਕਸ਼ਨ ਵਿੱਚ ਵੀ ਵਾਧਾ ਹੋਵੇਗਾ।

ਨਗਰ ਨਿਗਮ ਜਲੰਧਰ ਵਿੱਚ ਚੱਲ ਰਹੇ ਸੀ.ਐਫ.ਸੀ ਸੈਂਟਰਾਂ ਵਿੱਚ ਮਿਤੀ: **01.03.2016 ਤੋਂ 31.12.2018** ਤੱਕ ਹੇਠ ਲਿਖੇ ਅਨੁਸਾਰ :-

- **ਲੱਗਭੱਗ 583374 ਲੋਕ ਬਿੱਲ/ਟੈਕਸ ਦੇਣ ਲਈ ਆਏ**
- **ਨਗਰ ਨਿਗਮ ਜਲੰਧਰ ਨੂੰ ਕੁੱਲ ਰੁਪਏ: 98.46 ਕਰੋੜ ਇਹਨਾਂ ਸੈਂਟਰਾਂ ਰਾਹੀਂ ਇਕੱਠਾ ਕਰ ਕੇ ਦਿੱਤਾ ਗਿਆ।**
- **ਪ੍ਰਾਪਰਟੀ ਟੈਕਸ ਅਤੇ ਵਾਟਰ ਰੇਟ ਸ਼ਾਖਾ ਦੀ ਆਫ-ਲਾਈਨ ਐਂਟਰੀ (ਜੀ-8 ਰਾਹੀਂ) ਅਤੇ ਆਨ-ਲਾਈਨ ਐਂਟਰੀ ਜੋ ਕਿ ਲੱਗਭਗ 455842 ਦਾ ਅੰਦਰਾਜ ਕੀਤਾ ਗਿਆ**
- **ਜਿਸ ਤੋਂ ਨਗਰ ਨਿਗਮ ਜਲੰਧਰ ਨੂੰ ਲੱਗਭਗ 110 ਕਰੋੜ ਰੁਪਏ ਪ੍ਰਾਪਤ ਹੋਏ।**

ਪਿਛਲੇ ਪ੍ਰਸਤਾਵ ਦੀ ਲਗਾਤਾਰਤਾਂ ਵਿੱਚ ਅਗਲੀ ਤਜਵੀਜ ਤਿਆਰ ਕੀਤੀ ਗਈ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:-

Key Points in the Proposal

1. MANPOWER MANAGEMENT (Per Month)

I. Manpower (1 Project Manager, 1Technical Assistant/MIS , 10 Computer Operators & 1 Customer Care Executive)

2. INFRASTRUCTURE & HARDWARE MANAGEMENT (Per Month)

I. Indian Data Cloud Server/ BSNL Cloud server for hosting
II. 8 Internet Connections with 8 mbps speed + 1 or 2 dongles
III. Instant SMS and Email Gateway
IV. 10 PC, UPS, 10 Printers, Cartages/Toners, (alongwith provision of standby) Stationery and its maintenance

3. OPERATION & MANAGEMENT (Per Month)

I. Data Security
II. Data Backups & Recovery Management
III. Server Monitoring & Security
IV. Server Maintenance
V. Server Upgradation
VI. Software Updates
VII. Customized Reports & Data Comparison
VIII. Technical Support
IX. Reconciliation of Online Payments
X. Handling Chargeback Cases

XI. Audit of G8
XII. POS Machine Monitoring & Syncing
XIII. Customer Care / Service Support
XIV. Onsite Engineer Visits
XV. Manpower Management

NOTE: The services /arrangement will be initially for the one year which can be extended upto two more years after one year with the consent of both the parties with same estimate /T&C. excluding Sr. No. 'A' which can be revised upto 10% annually as per the guidelines issued by Labour Department GoP.

ਇਸ ਤੋਂ ਇਲਾਵਾ ਉਕਤ ਦੇ ਸਬੰਧ ਵਿੱਚ ਇੱਕ DNIT/BOQ ਤਿਆਰ ਕੀਤਾ ਗਿਆ ਹੈ, ਜਿਸ ਦੀ ਤਕਨੀਕੀ ਤੋਰ ਤੇ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਵੱਲੋ ਮਿਤੀ: 02.01.2019 ਰਾਹੀਂ ਪ੍ਰਵਾਨਗੀ ਦਿੱਤੀ ਗਈ ਹੈ।ਇਸ ਕੰਮ ਤੇ ਸਾਲਾਨਾ ਲਗਭਗ 47.75 ਲੱਖ ਰੁਪਏ ਖਰਚਾ ਆਵੇਗਾ। ਇਹ ਕੰਮ ਈ-ਟੈਂਡਰਿੰਗ ਰਾਹੀ ਕਰਵਾਇਆ ਜਾਵੇਗਾ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਦੀਆਂ 7 ਜੋਨਾਂ ਅਤੇ ਨਗਰ ਨਿਗਮ ਦੇ ਸੁਵਿਧਾ ਸੈਂਟਰ ਵਿੱਚ Operation & Management of Corporation Facilitation Centre ਨੂੰ ਲਾਗੂ ਕਰਨ ਲਈ ਇਹ ਤਜਵੀਜ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ।

ਸੰਯੁਕਤ ਕਮਿਸ਼ਨਰ ਜੀ ਨੇ ਮਿਤੀ: 03.01.2019 ਨੂੰ ਇਹ ਮਾਮਲਾ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 03.01.2019 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 04.01.2019 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 10

ਵਿਸ਼ਾ:- ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਨਿਗਮ ਜਲੰਧਰ ਵਿੱਚ AAdhar Enabled Biometric Attendance System (AEBAS) ਨੂੰ ਲਾਗੂ ਕਰਨ ਸਬੰਧੀ।

ਪੜਿਆ ਨੋਟ ਸਿਸਟਮ ਮੈਨੇਜਰ ਮਿਤੀ: 2.01.2019 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ, ਦੇ ਪੱਤਰ ਨੰ: ਈ.ਆਈ.ਸੀ-2017/53279-94 ਮਿਤੀ: 11.09.2017 ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਜੀ ਵੱਲੋ ਮਾਨਯੋਗ ਵਧੀਕ ਮੁੱਖ ਸਕੱਤਰ ਪੰਜਾਬ ਜੀ ਦੇ ਆਦੇਸ਼ਾਂ ਅਨੁਸਾਰ ਸਾਰੇ ਨਗਰ ਨਿਗਮਾਂ ਵਿੱਚ AAdhar Enabled Biometric Attendance System ਨੂੰ ਲਾਗੂ ਕਰਨ ਦੀ ਹਦਾਇਤ ਕੀਤੀ ਗਈ ਸੀ ।ਇਥੇ ਇਹ ਵੀ ਦਸੱਣਯੋਗ ਹੈ ਕਿ ਇਸ ਸਿਸਟਮ ਨੂੰ ਲਾਗੂ ਕਰਨਾ ਅਮਰੂਤ ਪ੍ਰੋਜੇਕਟ ਦੇ ਰਿਫੋਰਮ ਦਾ ਹਿੱਸਾ ਸੀ।ਇਸ ਲਈ ਇਹਨ੍ਹਾਂ ਮਸ਼ੀਨਾਂ ਦੀ ਖਰੀਦ ਕਰਨ ਅਤੇ ਇਸ ਨੂੰ ਨਗਰ ਨਿਗਮ ਜਲੰਧਰ ਵਿੱਚ ਲਾਗੂ ਕਰਨ ਲਈ ਕਾਰਵਾਈ ਅਰੰਭੀ ਗਈ ਸੀ। ਮਾਨਯੋਗ ਕਮਿਸ਼ਨਰ ਦੇ ਹੁੱਕਮ ਅਨੁਸਾਰ AEBAS Finger Print Scanner ਬਾਰੇ ਪਤਾ ਕੀਤਾ ਗਿਆ। ਇਹ ਡਿਵਾਇਸ ਭਾਰਤ ਸਰਕਾਰ ਦੇ ਜੈਮ ਪੋਰਟਲ ਤੇ ਮੋਜੂਦ ਹੈ। ਪੰਜਾਬ ਸਰਕਾਰ ਦੇ AAdhar Enabled Biometric Attendance System ਪੋਰਟਲ ਤੇ BAS Desktop Devices (Finger Print Scanner) ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਡਿਵਾਇਸ ਕੰਮਪਿਉਟਰ ਨਾਲ ਜੁੜਦਾ ਹੈ ਅਤੇ ਇੰਟਰਨੇਟ ਰਾਹੀਂ ਇਸ ਡਿਵਾਇਸ ਤੇ ਆਧਾਰ ਕਾਰਡ ਦੇ ਪਿਛਲੇ 8 ਅੱਖਰ ਪਾ ਕੇ ਅਤੇ ਫਿੰਗਰਪ੍ਰਿੰਟ ਲਗਾ ਕੇ ਹਾਜਰੀ ਲਗਾਈ ਜਾਂਦੀ ਹੈ। ਪੋਰਟਲ ਤੇ ਇਸ ਦੀ ਖਰੀਦ ਕਰਨ ਲਈ ਕੰਪਨੀਆਂ ਅਤੇ ਮਾਡਲ ਵੀ ਦੱਸੇ ਗਏ ਹਨ।ਜੈਮ ਪੋਰਟਲ ਤੇ Finger Print Scanner ਦੀ ਕੀਮਤ ਲਗਭਗ 3000/- ਰੁਪਏ ਹੈ। ਇਹ ਮਸ਼ੀਨਾ ਨਗਰ ਨਿਗਮ ਦੇ ਸਾਰੇ ਸ਼ਾਖਾਵਾਂ ਦੇ ਸੁਪਰਡੰਟ ਦੇ ਕਮਰੇ ਅਤੇ ਜ਼ੋਨਾਂ ਵਿੱਚ ਵੀ ਲਗਾਈਆਂ ਜਾਣਗੀਆਂ। ਜਿਸ ਤੇ ਉਸ ਸ਼ਾਖਾ ਦੇ ਸਟਾਫ ਦੀ ਹਾਜਰੀ ਲੱਗੇਗੀ, ਇਸ ਨਾਲ ਇੱਕ ਜਗ੍ਹਾਂ ਤੇ ਰਸ਼ ਨਹੀਂ ਪਵੇਗਾ ਅਤੇ ਹਾਜਰੀ ਸਿਸਟਮ ਸੁਚਾਰੂ ਢੰਗ ਨਾਲ ਚੱਲ ਸਕੇਗਾ।ਇਸ ਲਈ 20 ਮਸ਼ੀਨਾਂ ਦੀ ਜਰੂਰਤ ਪਵੇਗੀ, ਜਿਸ ਤੇ ਲਗਭਗ 60,000/- ਰੁਪਏ ਖਰਚਾ ਆਵੇਗਾ ਜਿਸ ਦੀ ਮੰਜੂਰੀ ਹਾਊਸ ਤੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ: 03.01.2019 ਰਾਹੀਂ ਇਸ ਖਰਚੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਮੰਜੂਰੀ ਦੇਣ ਦੀ ਸਿਫਾਰਸ਼ ਕੀਤੀ ਹੈ। ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 09.01.2019 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਦੀ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 11

ਵਿਸ਼ਾ:- ਆਨ-ਲਾਈਨ ਨਕਸ਼ੇ ਜਮ੍ਹਾ ਕਰਵਾਉਣ ਸਬੰਧੀ ਬਿਲਡਿੰਗ ਬ੍ਰਾਂਚ ਦੇ ਦਫਤਰ ਲਈ ਕੰਮਪਿਊਟਰ, ਪ੍ਰਿੰਟਰ ਆਦਿ ਦੀ ਖਰੀਦ ਕਰਨ ਸਬੰਧੀ।

ਪੜ੍ਹਿਆਂ ਨੋਟ ਸਿਸਟਮ ਮੈਨੇਜਰ ਮਿਤੀ: 25.01.2019 ਕਿ ਉਪਰੋਕਤ ਵਿਸ਼ੇ ਸਬੰਧੀ ਬਿਲਡਿੰਗ ਬ੍ਰਾਂਚ ਦੇ ਏ.ਟੀ.ਪੀ ਹੈਡ ਕੁਆਟਰ ਵੱਲੋਂ ਮਿਤੀ: 23.01.2019 ਰਾਹੀਂ ਲਿਖਿਆ ਗਿਆ ਹੈ ਕਿ ਸਰਕਾਰ ਵੱਲੋ ਆਨ-ਲਾਈਨ ਨਕਸ਼ੇ ਜਮ੍ਹਾ ਕਰਵਾਉਣ ਸਬੰਧੀ ਹੁਕਮ ਜਾਰੀ ਕੀਤੇ ਹਨ ਅਤੇ ਇਸ ਅਨੁਸਾਰ ਸਰਕਾਰ ਵੱਲੋ ਹਰ ਇੱਕ ਅਧਿਕਾਰੀ/ਕਰਮਚਾਰੀ ਨੂੰ ਆਨ-ਲਾਈਨ ਨਕਸ਼ਿਆਂ ਦੀ ਪ੍ਰੋਸੈਸਿੰਗ ਸਬੰਧੀ ਪਾਸਵਰਡ ਜਾਰੀ ਕੀਤੇ ਹਨ ਪਰ ਕਿਉਜ਼ੋ ਆਨ-ਲਾਈਨ ਪ੍ਰੋਸੈਸਿੰਗ ਦਾ ਕੰਮ ਇੱਕ ਨਵੀਂ ਪ੍ਰਥਾ ਹੈ, ਜਿਸ ਸਬੰਧੀ ਅਸੀਂ ਅਜੇ ਪੂਰੀ ਤਰ੍ਹਾਂ ਜਾਣੂ ਨਹੀਂ ਹਾਂ ਕਿ ਇਹਨ੍ਹਾਂ ਆਨ-ਲਾਈਨ ਜਮ੍ਹਾਂ ਕਰਵਾਏ ਗਏ ਨਕਸ਼ਿਆਂ ਨੂੰ ਕਿਸ ਤਰ੍ਹਾਂ ਡੀਲ ਕੀਤਾ ਜਾਣਾ ਹੈ ਅਤੇ ਕਿਸ ਤਰ੍ਹਾਂ ਇਸ ਉਪਰ ਲੋੜੀਂਦੀ ਕਾਰਵਾਈ ਕਰਦੇ ਹੋਏ ਉਚ-ਅਧਿਕਾਰੀਆਂ ਨੂੰ ਪੇਸ਼ ਕੀਤਾ ਜਾਣਾ ਹੈ ਅਤੇ ਇਹ ਵੀ ਦਫਤਰ ਤੋਂ ਪਤਾ ਚਲਿਆ ਹੈ ਕਿ ਨਗਰ ਨਿਗਮ ਵਿੱਚ ਪਿਛਲੇ ਸਮੇਂ ਦੋਰਾਨ 5 ਨਕਸ਼ੇ ਜਮ੍ਹਾ ਹੋ ਚੁੱਕੇ ਹਨ, ਜਿਹਨ੍ਹਾਂ ਦੀਆਂ ਰਸੀਦਾ ਨਗਰ ਨਿਗਮ ਵੱਲੋ ਕੱਟੀਆਂ ਜਾ ਚੁੱਕੀਆਂ ਹਨ ਪਰ ਇਹਨ੍ਹਾਂ ਨਕਸ਼ਿਆਂ ਨੂੰ ਅਗਲੀ ਕਾਰਵਾਈ ਸਬੰਧੀ ਕਿਸੇ ਤਰ੍ਹਾ ਦੀ ਜਾਣਕਾਰੀ ਨਾ ਹੋਣ ਕਾਰਨ, ਸੰਭਵ ਹੈ ਕਿ ਇਹਨ੍ਹਾਂ ਨਕਸ਼ਿਆਂ ਤੇ ਅਗਲੇਰੀ ਕਾਰਵਾਈ ਕਰਨ ਤੇ ਸਮਾਂ ਲੱਗ ਸਕਦਾ ਹੈ। ਇਸ ਲਈ ਇਸ ਔਕੜ ਨੂੰ ਦੂਰ ਕਰਨ ਸਬੰਧੀ ਬੇਨਤੀ ਹੈ ਕਿ ਇਹਨ੍ਹਾਂ ਨਕਸ਼ਿਆਂ ਨੂੰ ਆਨ-ਲਾਈਨ ਡੀਲ ਕਰਨ ਲਈ 6 ਨਵੇਂ ਕੰਪਿਊਟਰ ਸਮੇਤ ਪ੍ਰਿੰਟਰ ਅਤੇ AutoCAD Designing Software ਦੀ ਖਰੀਦ ਕੀਤੀ ਜਾਵੇ।

ਮਾਨਯੋਗ ਕਮਿਸ਼ਨਰ ਜੀ ਨੇ ਮਿਤੀ: 23.01.2019 ਰਾਹੀਂ ਕੰਮਪਿਊਟਰ ਆਦਿ ਮੁਹਇਆ ਕਰਵਾਉਣ ਲਈ ਸਿਸਟਮ ਮੈਨੇਜਰ ਨੂੰ ਤਖਮੀਨਾ ਤਿਆਰ ਕਰਨ ਲਈ ਲਿਖਿਆ ਗਿਆ ਹੈ। ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਕੰਮਪਿਊਟਰ, ਪ੍ਰਿੰਟਰ AutoCAD Designing Software ਦੀ ਖਰੀਦ ਸਬੰਧੀ ਪਤਾ ਕੀਤਾ ਗਿਆ ਹੈ । ਇਸ ਦਾ ਤਖਮੀਨਾ ਜੋ ਕਿ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ:	ਵੇਰਵਾ	ਸੰਖਿਆ	ਰੇਟ (ਪ੍ਰਤੀ ਸਾਮਾਨ)	ਕੁਲ ਕੀਮਤ
1.	ਕੰਮਪਿਊਟਰ ਵਿਦ ਓ.ਐਸ.	6	44990	269940
2.	ਮਲਟੀਫੰਕਸ਼ਨਰ ਪ੍ਰਿੰਟਰ	6	19000	114000
3.	ਆਫ-ਲਾਈਨ ਯੂ.ਪੀ.ਐਸ਼	6	3000	18000
4.	AutoCAD Designing Software 3year single User	1	282238	282238
			ਕੁਲ ਕੀਮਤ	**684178**

ਉਕਤ ਸਮਾਨ ਦੀ ਖਰੀਦ ਕਰਨ ਦਾ ਤਖਮੀਨਾ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਲਿੱਤਾ ਗਿਆ ਹੈ। GeM ਰੇਟਾਂ ਦੇ ਤਖਮੀਨੇ ਅਨੁਸਾਰ ਉਕਤ ਦੀ ਖਰੀਦ ਤੇ ਲਗਭਗ 685000/- ਰੁਪਏ ਖਰਚ ਆਏਗਾ। ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ ।ਸੰਯੁਕਤ ਕਮਿਸ਼ਨਰ ਵੱਲੋ ਮਿਤੀ: 25.01.2019 ਨੂੰ ਤਜਵੀਜ ਹਾਊਸ ਵਿੱਚ ਰੱਖਣ ਲਈ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ: 25.01.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ: 30.1.2019 ਰਾਹੀਂ ਤਜਵੀਜ ਹਾਉਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 12

ਵਿਸ਼ਾ:- ਈ-ਗਵਰਨਸ ਪ੍ਰੋਜੇਕਟ ਅਧੀਨ ਵਿਭਾਗਾਂ ਦੇ ਦਫਤਰੀ ਕੰਮ ਨੂੰ ਕੰਮਪਿਉਟਰਾਇਜਡ ਕਰਨ ਲਈ ਕੰਮਪਿਉਟਰ, ਪ੍ਰਿੰਟਰ ਆਦਿ ਦੀ ਖਰੀਦ ਕਰਨ ਸਬੰਧੀ।

ਪੜ੍ਹਿਆਂ ਨੋਟ ਸਿਸਟਮ ਮੈਨੇਜਰ ਮਿਤੀ: 3.06.2019 ਕਿ ਉਪਰੋਕਤ ਵਿਸ਼ੇ ਸਬੰਧੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਨਗਰ ਨਗਮ ਜਲੰਧਰ ਦਾ ਸਾਰਾ ਦਫਤਰੀ ਕੰਮ ਕੰਮਪਿਉਟਰਾਇਜਡ ਕੀਤਾ ਜਾ ਰਿਹਾ ਹੈ।ਸਰਕਾਰ ਵੱਲੋ ਈ-ਗਵਰਨਸ ਨੂੰ ਲਾਗੂ ਕੀਤਾ ਜਾਂ ਰਿਹਾ ਹੈ, ਕੰਮ ਨੂੰ ਕੰਮਪਿਉਟਰਾਇਜਡ ਕਰਨ ਲਈ ਵਿਭਾਗਾਂ /ਅਧਿਕਾਰੀਆਂ ਵਲੋਂ ਕੰਮਪਿਉਟਰ ਦੀ ਮੰਗ ਕੀਤੀ ਜਾ ਰਹੀ ਹੈ। ਕਾਫੀ ਹੱਦ ਤਕ ਵਿਭਾਗਾਂ ਨੂੰ ਕੰਮਪਿਉਟਰ ਮੁਹੱਇਆ ਕਰਵਾ ਦਿੱਤੇ ਗਏ ਹਨ ਅਤੇ ਕੁੱਝ ਵਿਭਾਗਾਂ ਦੇ ਕੰਮਪਿਉਟਰ ਬਹੁਤ ਪੁਰਾਣੇ ਹੋ ਚੁੱਕੇ ਹਨ। ਉਹਨਾਂ ਵਲੋਂ ਨਵੇ ਕੰਮਪਿਉਟਰ ਦੀ ਮੰਗ ਕੀਤੀ ਜਾ ਰਹੀ ਹੈ, ਤਾਕਿ ਦਫਤਰੀ ਕੰਮ ਨੂੰ ਕੰਮਪਿਉਟਰਾਇਜਡ ਕੀਤਾ ਜਾਵੇ ਅਤੇ ਰਿਕਾਰਡ ਦੀ ਸਾਂਭ ਸੰਭਾਲ ਕੀਤੀ ਜਾ ਸਕੇ ਕਿਉਂਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਵਲੋਂ ਵੀ ਕੰਮਪਿਉਟਰਾਇਜਡ ਰਿਪੋਰਟਾਂ ਦੀ ਮੰਗ ਕੀਤੀ ਜਾਂਦੀ ਹੈ। ਉਕਤ ਸਬੰਧੀ ਹੇਠ ਲਿਖੇ ਅਨੁਸਾਰ ਵਿਭਾਗਾਂ ਵਲੋਂ ਕੰਮਪਿਉਟਰ ਆਦਿ ਦੀ ਮੰਗ ਕੀਤੀ ਗਈ ਹੈ:-

ਵਿਭਾਗ/ਸਬੰਧਤ ਅਧਿਕਾਰੀ	ਸੰਖਿਆ
ਕਾਰਜਕਾਰੀ ਇੰਜੀਨੀਅਰ(ਬੀ.ਐਂਡ.ਆਰ),ਸਿਹਤ ਸ਼ਾਖਾ, ਬਿੱਲ ਕਲਰਕ(ਰਾਜਨ), ਬਿੱਲ ਕਲਰਕ (ਬੰਟੂ), ਬਿੱਲ ਕਲਰਕ(ਰਿੰਕੂ), ਲੇਖਾਕਾਰ (ਓ.ਐਂਡ.ਐਮ), ਅਜੰਡਾ ਸ਼ਾਖਾ	7

ਸਬੰਧਤ ਵਿਭਾਗਾਂ ਵੱਲੋ ਕੰਮਪਿਉਟਰ ਆਦਿ ਮੱਹਇਆ ਕਰਵਾਉਣ ਲਈ ਨਿਮਨ ਹਸਤਾਖਰ ਨੂੰ ਬੇਨਤੀ ਪੱਤਰ ਭੇਜੇ ਗਏ ਹਨ, ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਕੰਮਪਿਉਟਰ, ਪ੍ਰਿੰਟਰ ਆਦਿ ਦੀ ਖਰੀਦ ਸਬੰਧੀ ਪਤਾ ਕੀਤਾ ਗਿਆ ਹੈ । ਇਸ ਦਾ ਤਖਮੀਨਾ ਜੋ ਕਿ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ	ਵੇਰਵਾ	ਸੰਖਿਆ	ਰੇਟ (ਪ੍ਰਤੀ ਸਾਮਾਨ)	ਕੁਲ ਕੀਮਤ
1.	ਕੰਮਪਿਉਟਰ ਵਿਦ ਓ.ਐਸ.	7	44990	314930
2.	ਮਲਟੀਫੰਕਸ਼ਨਰ ਪ੍ਰਿੰਟਰ	7	19000	133000
3.	ਆਫ-ਲਾਈਨ ਯੂ.ਪੀ.ਐਸ਼	7	3000	21000
			ਕੁਲ ਕੀਮਤ	468930

ਉਕਤ ਸਮਾਨ ਦੀ ਖਰੀਦ ਕਰਨ ਦਾ ਤਖਮੀਨਾ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਲਿੱਤਾ ਗਿਆ ਹੈ। ਉਕਤ ਦੀ ਖਰੀਦ ਤੇ ਲਗਭਗ 468930/- ਰੂਪੈ ਖਰਚ ਆਏਗਾ।ਇਥੇ ਇਹ ਦੱਸਣਯੋਗ ਹੈ ਕਿ ਸਾਲ 2019-20 ਦੇ ਅਨੁਮਾਨ ਬਜਟ ਵਿੱਚ ਕੰਮਪਿਉਟਰਾਈਜੇਸ਼ਨ ਤੇ ਉਕਤ ਸਮਾਨ ਦੀ ਖਰੀਦ ਦਾ ਖਰਚਾ ਪ੍ਰਵਾਨਤ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਜੇਕਰ ਉਚ-ਅਧਿਕਾਰੀ ਸਹਿਮਤ ਹੋਣ ਤਾਂ ਉਕਤ ਸਮਾਨ ਦੀ ਖਰੀਦ ਜਿਸ ਦੀ ਕੀਮਤ ਰੁਪਏ: 4.69 ਲੱਖ ਟੈਕਸ ਵੱਖਰਾ ਦੀ ਤਜਵੀਜ ਨਗਰ ਨਿਗਮ ਹਾਊਸ ਦੀ ਬੈਠਕ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। ਸੰਯੁਕਤ ਕਮਿਸ਼ਨਰ ਵੱਲੋ ਮਿਤੀ: 4.06.2019 ਨੂੰ ਤਜਵੀਜ ਹਾਉਸ ਵਿੱਚ ਰੱਖਣ ਲਈ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ: 12.06.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ: 12.6.2019 ਰਾਹੀਂ ਤਜਵੀਜ ਹਾਉਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 13

ਵਿਸ਼ਾ:– ਨਗਰ ਨਿਗਮ ਜਲੰਧਰ ਵਿੱਚ ਸਥਾਨਕ ਸਰਕਾਰ ਦੇ ਪ੍ਰਾਪਰਟੀ ਟੈਕਸ ਕੁਲੇਕਸ਼ਲ ਦੇ ਸੋਫਟਵੇਅਰ ਨੂੰ ਲਾਗੂ ਕਰਨ ਲਈ ਕੰਮਪਿਉਟਰ, ਪ੍ਰਿੰਟਰ ਅਤੇ ਕੰਮਪਿਉਟਰ ਟੈਬ ਆਦਿ ਦੀ ਖਰੀਦ ਕਰਨ ਸਬੰਧੀ।

ਪੜ੍ਹਿਆ ਨੋਟ ਸੁਪਰਡੰਟ ਪ੍ਰਾਪਰਟੀ ਟੈਕਸ ਵਿਭਾਗ ਵੱਲੋਂ ਮਿਤੀ: 31.07.2019 ਰਾਹੀਂ ਲਿਖਿਆ ਗਿਆ ਸੀ, ਕਿ ਨਗਰ ਨਿਗਮ ਜਲੰਧਰ ਵਿੱਚ ਸਥਾਨਕ ਸਰਕਾਰ ਦੇ ਪ੍ਰਾਪਰਟੀ ਟੈਕਸ ਕੁਲੇਕਸ਼ਲ ਦਾ ਸੋਫਟਵੇਅਰ 01.08.2019 ਨੂੰ ਲਾਗੂ ਹੋ ਰਿਹਾ ਹੈ। ਜਿਸ ਵਿੱਚ ਨਵੇ ਬਣੇ ਸੋਫਟਵੇਅਰ ਅਨੁਸਾਰ ਜੀ–8/ਮੈਨੁਅਲ ਰਾਹੀਂ ਰਿਕਵਰੀ ਨਹੀਂ ਹੋ ਸਕੇਗੀ ਅਤੇ ਪ੍ਰਾਪਰਟੀ ਟੈਕਸ ਦੀ ਫੀਲਡ ਵਿੱਚ ਰਿਕਵਰੀ ਕਰਨ ਅਤੇ ਆਨ–ਲਾਈਨ ਅਸੈਸਮੈਂਟ ਕਰਨ ਲਈ 1 ਨਵੇਂ ਕੰਪਿਉਟਰ ਸਮੇਤ, ਪ੍ਰਿੰਟਰ, ਆਫ–ਲਾਈਨ ਯੂ.ਪੀ.ਐਸ਼ ਅਤੇ ਕੰਮਪਿਉਟਰ ਟੈਬ ਦੀ ਖਰੀਦ ਕੀਤੀ ਜਾਵੇ। ਸੰਯੁਕਤ ਕਮਿਸ਼ਨਰ ਜੀ ਨੇ ਮਿਤੀ: 19.08.2019 ਰਾਹੀਂ ਕੰਮਪਿਉਟਰ, ਪ੍ਰਿੰਟਰ, ਯੂ.ਪੀ.ਐਸ਼, ਕੰਮਪਿਉਟਰ Tablate ਆਦਿ ਦੇ ਨਾਲ Thermal Portable/hand Held Printer ਦਾ ਵੀ ਤਖਮੀਨਾ ਤਿਆਰ ਕਰਨ ਲਈ ਕਿਹਾ ਗਿਆ ਹੈ। ਪੀ.ਐਮ.ਆਈ.ਡੀ.ਸੀ, ਸਥਾਨਕ ਸਰਕਾਰ ਵਿਭਾਗ ਵੱਲੋ ਪ੍ਰਾਪਰਟੀ ਟੈਕਸ ਕੁਲੇਕਸ਼ਨ ਦੇ ਨਵੇ ਬਣੇ ਪੋਟਲ ਨਾਲ ਫੀਲਡ ਸਟਾਫ ਨੂੰ ਪ੍ਰਿੰਟ ਰਸੀਦ ਕਢਣ ਲਈ Epson TM-P20 (EPSON) Thermal Portable/hand Held Printer ਦੀ Integration ਕਰ ਦਿੱਤੀ ਗਈ ਹੈ ਅਤੇ ਨਗਰ ਨਿਗਮ ਜਲੰਧਰ ਨੂੰ ਇਸ ਦੀ ਖਰੀਦ ਕਰਨ ਸਬੰਧੀ ਕਾਰਵਾਈ ਕਰਨ ਦੇ ਜੁਬਾਨੀ ਹੁੱਕਮ ਦਿੱਤੇ ਗਏ ਹਨ। ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਕੰਮਪਿਉਟਰ, ਯੂ.ਪੀ.ਐਸ, ਪ੍ਰਿੰਟਰ, ਕੰਮਪਿਉਟਰ ਟੈਬ ਅਤੇ Epson TM-P20 (EPSON) Thermal Portable/hand Held Printer ਦੀ ਖਰੀਦ ਸਬੰਧੀ ਪਤਾ ਕੀਤਾ ਗਿਆ ਹੈ । ਉਕਤ ਸਮਾਨ ਦੀ ਖਰੀਦ ਕਰਨ ਦਾ ਤਖਮੀਨਾ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਲਿੱਤਾ ਗਿਆ ਹੈ। ਉਕਤ ਦੀ ਖਰੀਦ ਤੇ ਲਗਭਗ 406110/- ਰੂਪੈ ਖਰਚ ਆਏਗਾ। ਇਸ ਤੋਂ ਇਲਾਵਾ ਟੈਬ ਵਿੱਚ ਇੰਟਰਨੇਟ ਚਲਾਉਣ ਲਈ ਪ੍ਰਤੀ ਟੈਬ ਸਿਮ ਲੇਣ ਅਤੇ ਮਹੀਨਾਵਾਰ ਖਰਚਾ 750/– ਟੈਕਸ ਵਖਰਾ ਆਏਗਾ। ਉਕਤ ਸਮਾਨ ਦੀ ਖਰੀਦ ਜਿਸ ਦੀ ਕੀਮਤ 406110/- ਰੂਪੈ ਦੀ ਤਜਵੀਜ ਨਗਰ ਨਿਗਮ ਹਾਊਸ ਦੀ ਬੈਠਕ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

ਸੰਯੁਕਤ ਕਮਿਸ਼ਨਰ(ਏ) ਨੇ ਮਿਤੀ:19.8.2019 ਰਾਹੀਂ ਇਹ ਤਜ਼ਵੀਜ਼ ਨਗਰ ਨਿਗਮ ਹਾਊਸ ਦੀ ਬੈਠਕ ਦੀ ਪੂਰਵ ਪ੍ਰਵਾਨਗੀ ਦੀ ਆਸ ਵਿੱਚ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:19.8.2019 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 21.08.2019 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਬੈਠਕ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਦੀ ਬੈਠਕ ਦੀ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/– ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 14

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਹੱਦ ਅੰਦਰ ਅਵਾਰਾ ਪਸ਼ੂਆਂ ਨੂੰ ਬਾਹਰ ਭੇਜਣ ਲਈ ਰੇਟ ਮੁਕੱਰਰ ਕਰਨ ਬਾਰੇ।

ਪੜ੍ਹਿਆ ਨੋਟ ਸਿਹਤ ਅਫਸਰ ਮਿਤੀ 10.12.2018 ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਹੱਦ ਦੇ ਅੰਦਰ ਆਉਦੇ ਅਵਾਰਾ ਪਸ਼ੂਆ ਦੀ ਸਮੱਸਿਆ ਦਿਨਪ੍ਰਤੀਦਿਨ ਵੱਧ ਰਹੀ ਹੈ। ਇਸ ਨੂੰ ਖਤਮ ਕਰਨਾ ਅਤੀ ਜਰੂਰੀ ਹੈ।ਇਸ ਵਾਸਤੇ NGO ਪਿੰਜਰਾਪੋਲ ਵੱਲੋ ਚਲਾਈ ਜਾ ਰਹੀ ਗਊਸ਼ਾਲਾ ਵਿਖੇ ਜਗ੍ਹਾਂ ਤੋ ਵੱਧ ਪਸ਼ੂ ਰੱਖੇ ਗਏ ਹਨ।ਇਸ ਸਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਇਕ ਗਊਸ਼ਾਲਾ ਕੰਨਿਆਵਾਲੀ ਤਹਿਸੀਲ ਸ਼ਾਹਕੋਟ ਵਿਖੇ ਸ਼ੁਰੂ ਕੀਤੀ ਗਈ ਹੈ ਅਤੇ ਇਸ ਗਉ ਸ਼ਾਲਾ ਵਿਖੇ ਨਗਰ ਨਿਗਮ ਵੱਲੋ ਅਵਾਰਾ ਪਸ਼ੂ ਭੇਜੇ ਜਾ ਸਕਦੇ ਹਨ।ਇਸ ਤਰ੍ਹਾਂ ਮਾਨਯੋਗ ਮੇਅਰ ਜੀ ਵੱਲੋ ਨਿਜੀ ਤੌਰ ਤੇ ਅਤੇ ਮਾਨਯੋਗ ਕਮਿਸ਼ਨਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸੰਯੁਕਤ ਕਮਿਸ਼ਨਰ ਜੀ ਵੱਲੋ ਇਕ ਗਉ ਸ਼ਾਲਾ (ਸੰਤਮਹੇਸ਼ ਮੂਨੀ ਜੀ ਮਹਾਰਾਜ ਬੋਰੇ ਵਾਲੇ ਕਮੇਟੀ ਰਜਿ:) ਵੀਰ ਸਿੱਖਵਾਲਾ ਜਿਲਾਂ ਫਰੀਦਕੋਟ ਵਿਖੇ ਦੌਰਾ ਕੀਤਾ ਗਿਆ।ਉਸ ਜਗਾਂ ਦੇ ਪ੍ਰਬੰਧਕਾ ਵੱਲੋ 1500 ਪਸ਼ੂ ਇਸ ਜਗਾਂ ਤੇ ਰੱਖਣ ਲਈ ਸਹਿਮਤੀ ਦਿੱਤੀ ਗਈ ਹੈ। ਇਸ ਲਈ ਰੁਪਏ 32/- ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ ਖਰਚਾ ਦਿੱਤਾ ਜਾਣਾ ਹੈ।

ਸ਼ਹਿਰ ਦੇ ਅਵਾਰਾ ਪਸ਼ੂਆ ਨੂੰ ਸ਼ਾਹਕੋਟ ਅਤੇ ਫਰੀਦਕੋਟ ਵਿਖੇ ਭੇਜਣ ਲਈ ਉਪਰੋਕਤ ਤਜਵੀਜ ਦੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿਤੀ ਜਾਵੇ । ਜਿੰਨੇ ਵੀ ਆਵਾਰਾ ਪਸੂ ਇਹਨਾਂ ਗਊਸ਼ਾਲਾਵਾਂ ਵਿੱਚ ਭੇਜੇ ਜਾਣਗੇ ਉਸੇ ਅਨੁਸਾਰ 32/- ਪ੍ਰਤੀ ਪਸੂ ਪ੍ਰਤੀ ਦਿਨ ਦੇ ਹਿਸਾਬ ਨਾਲ ਅਦਾਇਗੀ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ।ਜਿਸ ਨਾਲ ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ 10.12.2018 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 10.12.2018 ਰਾਹੀਂ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 15

ਵਿਸ਼ਾ :- ਨਗਰ ਨਿਗਮ ਜਲੰਧਰ ਦੀ ਹੱਦ ਵਿੱਚ ਘੁੰਮਦੇ ਅਵਾਰਾ ਪਸ਼ੂਆਂ ਨੂੰ ਗਊਸ਼ਾਲਾ ਕੰਨਿਆਵਾਲੀ, ਤਹਿਸੀਲ ਸ਼ਾਹਕੋਟ ਅਤੇ ਸੰਤਮਹੇਸ਼ ਮੂਨੀ ਜੀ ਮਹਾਰਾਜ ਬੋਰੇਵਾਲੇ ਕਮੇਟੀ ਰਜਿ., ਵੀਰ ਸਿੱਖਵਾਲਾ, ਜਿਲ੍ਹਾ ਫਰੀਦਕੋਟ ਵਿਖੇ ਭੇਜਣ ਲਈ ਆਉਣ ਵਾਲੇ ਖਰਚੇ ਦੀ ਮੰਜੂਰੀ ਸਬੰਧੀ।

ਪੜ੍ਹਿਆ ਨੋਟ ਸਿਹਤ ਅਫਸਰ ਮਿਤੀ 24.12.2018 ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਜਲੰਧਰ ਦੀ ਹੱਦ ਵਿੱਚ ਅਵਾਰਾ ਪਸ਼ੂਆਂ ਦੀ ਸਮੱਸਿਆ ਦਿਨ ਪ੍ਰਤੀਦਿਨ ਵੱਧਦੀ ਜਾ ਰਹੀ ਹੈ। ਇਸ ਸਮੱਸਿਆ ਨੂੰ ਖਤਮ ਕਰਨਾ ਅਤਿ ਜਰੂਰੀ ਹੈ ਅਤੇ ਇਸ ਸਬੰਧ ਵਿੱਚ ਐਨ.ਜੀ.ਓ ਪਿੰਜਰਾਪੋਲ ਵੱਲੋਂ ਚਲਾਈ ਜਾ ਰਹੀ ਗਊਸ਼ਾਲਾ ਵਿਖੇ ਜਗ੍ਹਾ ਤੋਂ ਵੱਧ ਪਸ਼ੂ ਰੱਖੇ ਗਏ ਹਨ। ਇਸ ਸਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਇੱਕ ਗਊਸ਼ਾਲਾ ਕੰਨਿਆਵਾਲੀ ਤਹਿਸ਼ੀਲ ਸ਼ਾਹਕੋਟ ਵਿਖੇ ਸ਼ੁਰੂ ਕੀਤੀ ਗਈ ਹੈ ਅਤੇ ਇਸ ਗਊਸ਼ਾਲਾ ਵਿੱਚ ਨਗਰ ਨਿਗਮਾਂ ਵੱਲੋਂ ਪਸ਼ੂ ਭੇਜੇ ਜਾ ਸਕਦੇ ਹਨ। ਇਸ ਸਬੰਧ ਵਿੱਚ ਮਾਨਯੋਗ ਮੇਅਰ ਜੀ ਅਤੇ ਕਮਿਸ਼ਨਰ ਜੀ ਵੱਲੋਂ ਇੱਕ ਗਊਸ਼ਾਲਾ (ਸੰਤਮਹੇਸ਼ ਮੂਨੀ ਜੀ ਮਹਾਰਾਜ ਬੋਰੇਵਾਲੇ ਕਮੇਟੀ ਰਜਿ:) ਵੀਰ ਸਿੱਖਵਾਲਾ ਜਿਲ੍ਹਾ ਫਰੀਦਕੋਟ ਦਾ ਦੌਰਾ ਕੀਤਾ ਗਿਆ ਅਤੇ ਇਸ ਜਗ੍ਹਾ ਦੇ ਪ੍ਰਬੰਧਕਾਂ ਵੱਲੋਂ ਇੱਕ ਗਊਸ਼ਾਲਾ ਵਿੱਚ 1500 ਪਸ਼ੂ ਰੱਖਣ ਦੀ ਸਹਿਮਤੀ ਦਿੱਤੀ ਗਈ ਹੈ।

ਉਪਰੋਕਤ ਦੇ ਸਬੰਧ ਵਿੱਚ ਐਫ.ਐਂਡ.ਸੀ.ਸੀ. ਦੀ ਮੀਟਿੰਗ ਵਿੱਚ ਮਤਾ ਨੰਬਰ: 229 ਮਿਤੀ 14-12-2018 ਵੀ ਪਾਸ ਕੀਤਾ ਗਿਆ ਹੈ ਅਤੇ ਕਮੇਟੀ ਵੱਲੋਂ ਇਸ ਸਬੰਧੀ ਐਮ.ਓ.ਯੂ ਤੇ ਹਸਤਾਖਰ ਕਰਨ ਹਿੱਤ ਸੰਯੁਕਤ ਕਮਿਸ਼ਨਰ (ਆਰ) ਜੀ ਨੂੰ ਅਧਿਕਾਰਤ ਕੀਤਾ ਗਿਆ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਪਸ਼ੂਆਂ ਨੂੰ ਸ਼ਿਫਟ ਕਰਨ ਤੇ ਆਉਣ ਵਾਲੇ ਖਰਚੇ ਦਾ ਐਸਟੀਮੇਟ ਹੇਠ ਅਨੁਸਾਰ ਹੈ:-

ਲੜੀ ਨੰ.	ਗਊਸ਼ਾਲਾ/ਸਥਾਨ ਦਾ ਨਾਮ	ਪਤਾ	ਭੇਜੇ ਜਾਣ ਵਾਲੇ ਕੁੱਲ ਪਸ਼ੂ	ਪ੍ਰਤੀ ਸਾਲ ਖਰਚਾ(ਰੁ.) ਵਿੱਚ
1	ਗਊਸ਼ਾਲਾ ਕੰਨਿਆਵਾਲੀ	ਤਹਿਸ਼ੀਲ ਸ਼ਾਹਕੋਟ	250	250×32 = 8000 ਪ੍ਰਤੀਦਿਨ 8000×365=29,20,000/- ਸਲਾਨਾ
2	ਸੰਤਮਹੇਸ਼ ਮੂਨੀ ਜੀ ਮਹਾਰਾਜ ਬੋਰੇਵਾਲੇ ਕਮੇਟੀ ਰਜਿ.	ਵੀਰ ਸਿੱਖਵਾਲਾ, ਜਿਲਾ ਫਰੀਦਕੋਟ	550	550×32=17600 ਪ੍ਰਤੀਦਿਨ 17600×365=64,24,000/- ਸਲਾਨਾ
			ਕੁੱਲ	93,44,000/- ਸਲਾਨਾ

ਇਹ ਕੰਮ ਅਤੀ ਜਰੂਰੀ ਹੈ ਇਸ ਲਈ ਇਸ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ। ਇਸ ਨਾਲ ਸੰਯੁਕਤ ਕਮਿਸ਼ਨਰ (ਆਰ) ਨੇ ਸਹਿਮਤੀ ਹਸਤਾਖਰ ਕੀਤੇ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 03.01.2019 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 03.01.2019 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਦੀ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 16

ਵਿਸ਼ਾ :- ਅਵਾਰਾ ਪਸ਼ੂਆਂ ਨੂੰ ਸ਼ਹਿਰ ਦੀ ਹੱਦ ਤੋਂ ਫੜ ਕੇ ਗਊਸ਼ਾਲਾ ਫਰੀਦਕੋਟ ਵਿਖੇ ਪ੍ਰਾਈਵੇਟ ਟਰੱਕ ਰਾਹੀਂ ਭੇਜਣ ਤੇ ਆਉਣ ਵਾਲੇ ਖਰਚੇ ਦੀ ਮੰਜੂਰੀ ਸਬੰਧੀ।

ਪੜ੍ਹਿਆ ਨੋਟ ਸਹਾਇਕ ਸਿਹਤ ਅਫਸਰ ਮਿਤੀ 6.7.2019 ਕਿ ਸ਼ਹਿਰ ਦੀ ਹੱਦ ਅੰਦਰ ਘੁੰਮ ਰਹੇ ਅਵਾਰਾ ਅਤੇ ਬੇ-ਸਹਾਰਾ ਪਸ਼ੂਧਨ ਨੂੰ ਫੜ ਕੇ ਨਗਰ ਨਿਗਮ ਦੀ ਕੈਟਲ ਕੈਚਰ ਟੀਮ ਰਾਹੀਂ ਗਊਸ਼ਾਲਾ ਸੰਤ ਮਹੇਸ਼ ਮੁੰਨੀ ਜੀ ਬੋਰੇਵਾਲ ਬੀੜ ਸਿੱਖਾਂ ਵਾਲਾ ਫਰੀਦਕੋਟ ਵਿਖੇ ਛੱਡਿਆ ਜਾਂਦਾ ਹੈ।

ਨਗਰ ਨਿਗਮ ਕੋਲ ਆਪਣੀ ਕੈਟਲ ਕੈਚਰ ਗੱਡੀ ਹੈ ਜਿਸ ਦੀ ਪਸ਼ੂਆਂ ਨੂੰ ਰੱਖਣ ਦੀ ਕਪੈਸਟੀ ਬਹੁਤ ਘੱਟ ਹੈ।ਇਸ ਲਈ ਸ਼ਹਿਰ ਵਿਚੋਂ ਅਵਾਰਾ ਪਸ਼ੂਆਂ ਨੂੰ ਫੜ ਕੇ ਉਪਰੋਕਤ ਗਊਸ਼ਾਲਾ ਵਿੱਚ ਛੱਡਣ ਲਈ ਕਾਫੀ ਸਮਾਂ ਲੱਗਦਾ ਹੈ।ਇਸ ਸਬੰਧੀ ਕਮਿਸ਼ਨਰ ਜੀ ਦੇ ਜੁਬਾਨੀ ਹੁਕਮਾਂ ਰਾਹੀਂ ਕੰਮ ਦਾ ਜਲਦੀ ਨਿਪਟਾਰਾ ਕਰਨ ਲਈ ਪ੍ਰਾਈਵੇਟ ਵੱਡੀਆਂ ਗੱਡੀਆਂ ਦੀਆਂ ਕੁਟੇਸ਼ਨਾਂ ਲਈਆਂ ਗਈਆਂ ਹਨ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

ਲੜੀ ਨੰ.	ਟਰਾਂਸਪੋਰਟ ਦਾ ਨਾਮ	ਗੱਡੀ ਦਾ ਸਾਈਜ	ਪਸ਼ੂ ਰੱਖਣ ਦੀ ਕਪੈਸਟੀ	ਰੇਟ
1	ਜਗਤਾਰ ਸਿੰਘ ਟਰਾਂਸਪੋਰਟ	LPT-- 407-- 14 feet	7-8	5300/- ਪ੍ਰਤੀ ਚੱਕਰ
		Canter—17 feet	9	7200/- ਪ੍ਰਤੀ ਚੱਕਰ
		Canter—19 feet	10	8400/- ਪ੍ਰਤੀ ਚੱਕਰ
2	ਸੇਵਕ ਟੈਂਪੂ ਟਰਾਂਸਪੋਰਟ	LPT-- 407-- 14 feet	7-8	5550/- ਪ੍ਰਤੀ ਚੱਕਰ
		Canter—17 feet	9	7550/- ਪ੍ਰਤੀ ਚੱਕਰ
		Canter—19 feet	10	8550/- ਪ੍ਰਤੀ ਚੱਕਰ
3	ਸੰਨੀ ਗੂਡਸ ਕੈਰੀਅਰਸ	LPT-- 407-- 14 feet	7-8	6000/- ਪ੍ਰਤੀ ਚੱਕਰ
		LPT-- 909-- 17 feet	9	8000/- ਪ੍ਰਤੀ ਚੱਕਰ
		LPT-- 1109-- 19 feet	10	9000/- ਪ੍ਰਤੀ ਚੱਕਰ
4	ਹਰੀ ਓਮ ਟਰਾਂਸਪੋਰਟ ਕੰਪਨੀ	LPT-- 407-- 14 feet	7-8	6200/- ਪ੍ਰਤੀ ਚੱਕਰ
		LPT-- 909-- 17 feet	9	8400/- ਪ੍ਰਤੀ ਚੱਕਰ
		LPT-- 1109-- 19 feet	10	9500/- ਪ੍ਰਤੀ ਚੱਕਰ
5	ਐਕਸਪੋਰਟ ਕਾਰਗੋ ਟਰਾਂਸਪੋਰਟ	LPT-- 407-- 14 feet	7-8	6400/- ਪ੍ਰਤੀ ਚੱਕਰ
		LPT-- 909-- 17 feet	9	8700/- ਪ੍ਰਤੀ ਚੱਕਰ
		LPT-- 1109-- 19 feet	10	9600/- ਪ੍ਰਤੀ ਚੱਕਰ
6	ਸ਼ਰਮਾ ਟੈਂਪੂ ਟਰਾਂਸਪੋਰਟ	LPT-- 407-- 14 feet	7-8	6750/- ਪ੍ਰਤੀ ਚੱਕਰ
		LPT-- 909-- 17 feet	9	8800/- ਪ੍ਰਤੀ ਚੱਕਰ
		LPT-- 1109-- 19 feet	10	9750/- ਪ੍ਰਤੀ ਚੱਕਰ

ਉਪਰੋਕਤ ਦੱਸੇ ਗਏ ਟਰਾਂਸਪੋਰਟਾਂ ਦੇ ਵੇਰਵੇ ਅਨੁਸਾਰ ਇਸ ਵਿਚੋਂ ਸਿਰਫ ਜਗਤਾਰ ਸਿੰਘ ਟਰਾਂਸਪੋਰਟ ਦੀ **LPT—407—14 feet** ਦਾ ਰੇਟ ਸਭ ਤੋਂ ਘੱਟ ਹੈ। ਜਗਤਾਰ ਸਿੰਘ ਟਰਾਂਸਪੋਰਟ ਤੋਂ ਪਹਿਲਾ ਤੋਂ ਹੀ ਕੰਮ ਲਿਆ ਜਾ ਰਿਹਾ ਹੈ। ਇਸ ਲਈ ਜਗਤਾਰ ਸਿੰਘ ਟਰਾਂਸਪੋਰਟ ਨੂੰ ਉਪਰੋਕਤ ਗਊਸ਼ਾਲਾ ਵਿਖੇ ਰੋਜਾਨਾ ਭੇਜਣਾ ਯੋਗ ਹੋਵੇਗਾ। ਸੰਯੁਕਤ ਕਮਿਸ਼ਨਰ (ਐਚ) ਜੀ ਅਤੇ ਕਮਿਸ਼ਨਰ ਜੀ ਨੇ ਮਿਤੀ 5.07.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।ਮਾਣਯੋਗ ਮੇਅਰ ਜੀ ਨੇ ਮਿਤੀ : 10.07.2019 ਰਾਹੀ ਉਕਤ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜ਼ੂਰ ਕੀਤਾ ਹੈ।

ਇਸ ਉਪਰੰਤ ਸਹਾਇਕ ਸਿਹਤ ਅਫਸਰ ਨੇ ਦੁਬਾਰਾ ਨੋਟ ਮਿਤੀ 26.7.19 ਰਾਹੀਂ ਦੱਸਿਆ ਗਿਆ ਕਿ ਜਗਤਾਰ ਸਿੰਘ ਟਰਾਂਸਪੋਰਟ ਵਲੋਂ ਪ੍ਰਤੀ ਚੱਕਰ ਰੁਪਏ 7200/- ਤੋਂ ਘਟਾ ਕੇ ਰੁਪਏ 6800/- ਦੇਣ ਦੀ ਪੇਸ਼ਕਸ ਕੀਤੀ ਹੈ। ਜ਼ੋ ਕਿ ਰੇਟ ਵਾਜਵ ਹੈ। ਇਸ ਲਈ ਜਗਤਾਰ ਸਿੰਘ ਟਰਾਂਸਪੋਰਟ ਨੂੰ **ਅਵਾਰਾ ਪਸ਼ੂਆਂ ਨੂੰ ਸ਼ਹਿਰ ਦੀ ਹੱਦ ਤੋਂ ਫੜ ਕੇ ਗਊਸ਼ਾਲਾ ਫਰੀਦਕੋਟ ਵਿਖੇ ਪ੍ਰਾਈਵੇਟ ਟਰੱਕ ਰਾਹੀਂ ਰੁਪਏ 6800/- ਪ੍ਰਤੀ ਚੱਕਰ ਲਗਾਉਣ ਉਪਰੰਤ ਜ਼ੋ ਵੀ ਖਰਚ ਆਵੇਗਾ ਉਸਦੀ ਅਦਾਇਗੀ ਕਰਨ ਲਈ ਹਾਊਸ ਦੀ ਮੰਜੂਰੀ ਲੋੜੀਂਦੀ ਹੈ**। ਸੰਯੁਕਤ ਕਮਿਸ਼ਨਰ (ਐਚ) ਜੀ ਨੇ ਆਪਣੇ ਨੋਟ ਮਿਤੀ 26.7.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 26.07.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਤਜਵੀਜ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 17

ਵਿਸ਼ਾ :- ਸੋਲਿਡ ਵੇਸਟ ਮੈਨੇਜਮੈਂਟ ਡੋਰ ਟੂ ਡੋਰ ਕੂਲੈਕਸ਼ਨ ਦੇ ਯੂਜਰ ਚਾਰਜਿਸ ਨਿਰਧਾਰਤ ਕਰਨ ਸਬੰਧੀ।

ਪੜਿਆ ਨੋਟ ਸਹਾਇਕ ਸਿਹਤ ਅਫ਼ਸਰ ਮਿਤੀ 08.07.19 ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ MSW Rule 2016, Oct 2018 ਨੂੰ ਮਾਨਯੋਗ ਹਾਊਸ ਵੱਲੋ ਪਾਸ ਕੀਤੇ ਗਏ ਹਨ ਅਤੇ ਜਿਸ ਦੀ ਪ੍ਰਵਾਨਗੀ ਸਰਕਾਰ ਵੱਲੋ ਦਿੱਤੀ ਗਈ ਹੈ। ਸਮੇਂ-ਸਮੇਂ ਮਾਣਯੋਗ ਐਨ.ਜੀ.ਟੀ. ਸਾਇੰਸ ਐਂਡ ਟੈਕਨੋਲੋਜੀ ਅਤੇ ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਵੱਲੋ ਇਹਨਾਂ ਨੂੰ ਲਾਗੂ ਕਰਨ ਲਈ ਟਾਈਮ ਲਾਈਨ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਮਾਨਯੋਗ ਐਨ.ਜੀ.ਟੀ. ਦੀਆਂ ਹਦਾਇਤਾਂ ਅਨੁਸਾਰ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਡੋਰ ਟੂ ਡੋਰ ਕੂਲੈਕਸ਼ਨ, ਸੋਰਸ ਸੈਗਰੀਗੇਸ਼ਨ ਅਤੇ ਨਗਰ ਨਿਗਮ ਵੱਲੋ ਕੀਤੇ ਗਏ ਚਲਾਨਾਂ ਜਿਵੇਂ ਕਿ ਗੰਦਗੀ, ਸਪਾਟ ਫਾਇਨ ਅਤੇ ਪਲਾਸਟਿਕ ਕੈਰੀ ਬੈਗ ਦੀ ਰਿਪੋਰਟ ਮੰਗੀ ਜਾ ਰਹੀ ਹੈ ਅਤੇ ਮਾਣਯੋਗ ਐਨ.ਜੀ.ਟੀ. ਅਤੇ ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਵੱਲੋ ਸਿੱਧੇ ਤੋਰ ਤੇ ਇਸ ਨੂੰ ਮੋਨੀਟਰ ਕੀਤਾ ਜਾ ਰਿਹਾ ਹੈ। ਇਸ ਲਈ MSW Rules 2016 ਅਨੁਸਾਰ ਯੂਜਰ ਚਾਰਜਿਜ ਅਤੇ ਪੈਨੇਲਟੀ ਲਗਾਉਣੀ ਜਰੂਰੀ ਹੈ ਤਾਂ ਜੋ ਲੋਕਾਂ ਨੂੰ ਡੋਰ ਟੂ ਡੋਰ ਕੂਲੈਕਸ਼ਨ ਅਤੇ ਸੋਰਸ ਸੈਗਰੀਗੇਸ਼ਨ ਲਈ ਜਾਗਰੂਕ ਅਤੇ Compliance ਕੀਤਾ ਜਾ ਸਕੇ। ਯੂਜ਼ਰ ਚਾਰਜਿਸ ਅਤੇ ਪੈਨਾਲਟੀ ਦੇ ਰੇਟ ਹੇਠ ਲਿਖੇ ਅਨੁਸਾਰ ਹੈ ਨਿਰਧਾਰਿਤ ਕੀਤੇ ਜਾਂਦੇ ਹਨ :-

User Charges

Sr. no.	Category	Charges per Unit/per Month Rs.
1.	Hotel 0-10 Room 10-20 Room 20 and above	2000/- per Month 3000/- per Month 5000/- per Month
2.	Restaurant/Sweet shoap/Dhaba (AC) Restaurant/Sweet shoap/Dhaba (Without AC)	5000/- per Month 2000/- per Month
3.	Hospital 0-10 bed Hospital 0-20 bed Hospital above 20 bed	2000/- per month 3000/- per month 5000/- per month
4.	Factory	5/- per yard
5.	Malls Muliplex / Cinemas	25,000/- per month
6.	Marriage palace/Banquet halls (up to 4000 Sqm) Marriage palace/Banquet halls (above 4000 Sqm)	50,000/- per year 1,00,000/- per year
7.	Primary Private School Matric Private School Private School (Ser.Sec.School)	5000/- Per month 10,000/- Per month 15,000/- Per month
8.	College	25,000/- Per Month
9.	University	50,000/- Per month
10.	Shops upto 100 sq feet	100/- Per month
11.	Shops above 100 sq feet to 300 sq. feet	200/- Per month
12.	Amusement Park	25,000/- Per month
13.	Commercial Coaching Center	500/- Per month
14.	Retail wholesale outlets upto 5000 sq feet	5000/- Per month
15.	Retail wholesale outlets above 5000 sq feet	10,000/- Per month
16.	P.G Hostels Private upto 20 rooms	2000/- Per month
17.	P.G. Hostels Private above 20 Rooms	5000/- Per month
18.	Godowns/ Cold Storage	1500/- Per month
19.	Street Vendor	300/- Per month
20.	Petrol Pumps	500/- Per month
21.	Banks/Financial/Institutions/Offices	2000/- Per month
22.	Bigger Townships like P.A.P, BSF,CRPF & Others	1,00,000 Per month
23.	Slum Residential areas	30/- per month
24.	Residential Areas up to 10 marlas	50/- per month
25.	Residential Areas10 marlas to 20 marlas	100/- per month
26.	Above 20 marlas	200/- per month
27.	Green Waste	1500/- Per Trolley
28.	Construction & Demolition Waste	1500/- per trolley 4000/- per tipper
29.	Public Gathering Above 100 to 1000	Rs. 10,000/-
30.	Public Gathering Above 1001 to 5000	Rs. 20,000/-
31.	Public Gathering Above 5001 to 10,000	Rs. 50,000/-
32.	Public Gathering Above 10,000	Rs. 1,00,000/-

Note:

1. ਪੁਆਇੰਟ ਨੰ: 1 ਤੋਂ 30 ਤੱਕ ਸਾਰੇ ਵੇਸਟ ਜਨਰੇਟਰਾਂ ਨੂੰ ਸੈਗਰੀਗੇਟਡ ਵੇਸਟ ਦੇਣਾ ਅਤਿ ਜਰੂਰੀ ਹੋਵੇਗਾ।ਨਾਨ ਸੈਗਰੀਗੇਟਡ ਵੇਸਟ ਦੇਣ ਵਾਲੇ ਨੂੰ ਹੇਠ ਲਿਖੇ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ।

   ਪਹਿਲੀ ਵਾਰ ਨਾਨ ਸੈਗਰੀਗੇਟਡ ਵੇਸਟ ਦੇਣ ਤੇ – 500/– ਰੁਪਏ ਜੁਰਮਾਨਾ
   ਦੂਸਰੀ ਵਾਰ ਨਾਨ ਸੈਗਰੀਗੇਟਡ ਵੇਸਟ ਦੇਣ ਤੇ – 1000/– ਰੁਪਏ ਜੁਰਮਾਨਾ
   ਤੀਸਰੀ ਵਾਰ ਨਾਨ ਸੈਗਰੀਗੇਟਡ ਵੇਸਟ ਦੇਣ ਤੇ – 5000/– ਰੁਪਏ ਜੁਰਮਾਨਾ ਅਤੇ ਵੇਸਟ ਜਨਰੇਟਰ ਕੋਲੋ ਨਗਰ ਨਿਗਮ ਵਲੋਂ ਕੂੜਾ ਨਹੀਂ ਚੁੱਕਿਆ ਜਾਵੇਗਾ।

2. Unauthorised ਜਗ੍ਹਾ ਤੇ ਪਹਿਲੀ ਵਾਰ ਕੂੜਾ ਸੁੱਟਣ ਵਾਲੇ ਨੂੰ 500/– ਰੁ: ਜੁਰਮਾਨਾ ਕੀਤਾ ਜਾਵੇਗਾ।
   Unauthorised ਜਗ੍ਹਾ ਤੇ ਦੂਸਰੀ ਵਾਰ ਕੂੜਾ ਸੁੱਟਣ ਵਾਲੇ ਨੂੰ 1000/– ਰੁ: ਜੁਰਮਾਨਾ ਕੀਤਾ ਜਾਵੇਗਾ।
   Unauthorised ਜਗ੍ਹਾ ਤੇ ਤੀਸਰੀ ਵਾਰ ਕੂੜਾ ਸੁੱਟਣ ਵਾਲੇ ਨੂੰ 5000/– ਰੁ: ਜੁਰਮਾਨਾ ਕੀਤਾ ਜਾਵੇਗਾ।

Sr. No	Act of violation	Municipal Corporation
1	Peeing in Public Places	Rs. 250
2	Spit, throw waste in Public/ Private roads from vehicles	Rs. 250
3	Disposal of Cow dung in public Places	Rs. 5000
4	For small storing & delivering construction and demolition materials up to 1 unauthorized sites including public land/ along the roads/ streets etc.	Rs. 200
5	Applying posters, writing on walls, diminishing beauty of historically significant, Government buildings/property, public squares, the owner of such wrongdoers association shall be levied the fine per act.	Rs. 2000
6	Dumping of solid waste in water bodies/ sewerage	Rs. 5000
7	If the shopkeepers, throws blood, bones, feather, skin, egg shells and the other remains of dead animals/ birds, in front of buthcher's shop.	Rs. 2000
8	If domestic animals – like cow, buffalo, dog, pig etc. – create wastes on public places like streets, parks etc.	Rs. 1000

ਮਾਨਯੋਗ ਐਨ.ਜੀ.ਟੀ. ਦੇ ਹੁਕਮ ਪੈਰਾਮੀਟਰ 14 ਦੇ ਪੈਰਾ ਨੰਬਰ 13,14,15, ਅਤੇ 16 ਨੂੰ ਵਾਚ ਲਿਆ ਜਾਵੇ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਮਾਣਯੋਗ ਐਨ.ਜੀ.ਟੀ, ਸਾਇੰਸ ਐਂਡ ਟੈਕਨੋਲੋਜੀ ਡਿਪਾਰਟਮੈਂਟ ਅਤੇ ਪੰਜਾਬ ਪਲਿਊਸ਼ਨ ਕੰਟਰੋਲ ਬੋਰਡ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਡੋਰ ਟੂ ਡੋਰ ਕੂਲੈਕਸ਼ਨ ਦੇ ਯੂਜ਼ਰ ਚਾਰਜਿਜ਼ ਨੂੰ ਜਲਦ ਤੋਂ ਜਲਦ ਲਾਗੂ ਕੀਤਾ ਜਾਵੇ ਅਤੇ ਨਵੇਂ ਬਣਾਏ ਹੋਏ ਸੋਲਿਡ ਵੇਸਟ ਮੈਨੇਜ਼ਮੈਂਟ ਬਾਈਲਾਜ਼ ਦੀ ਪ੍ਰਵਾਨਗੀ ਵੀ ਦਿੱਤੀ ਜਾਵੇ। ਇਸ ਲਈ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਹਾਊਸ ਦੀ ਪ੍ਰਵਾਨਗੀ ਦੀ ਆਸ ਤੇ ਇਸ ਦੀ ਪੂਰਵ ਪ੍ਰਵਾਨਗੀ ਦਿੱਤੀ ਜਾਵੇ। ਇਹ ਬਾਇਲਾਜ਼ ਨਗਰ ਨਿਗਮ, ਜਲੰਧਰ ਦੀ ਵੈੱਬਸਾਈਟ ਤੇ ਉਪਲੱਬਧ ਹਨ ।ਸੰਯੁਕਤ ਕਮਿਸ਼ਨਰ (ਏ) ਜੀ ਨੇ ਮਿਤੀ 9.7.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 9.7.2019 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ। ਮਾਣਯੋਗ ਮੇਅਰ ਜੀ ਨੇ ਮਿਤੀ 6.08.2019 ਰਾਹੀ ਉਕਤ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜ਼ੂਰ ਕੀਤਾ ਹੈ।

ਤਜਵੀਜ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਮੱਦ ਵਿੱਚ ਤਜ਼ਵੀਜ਼ਤ ਯੂਜ਼ਰ ਚਾਰਜਸ ਵਿੱਚ ਹੇਠ ਅਨੁਸਾਰ ਸੋਧ ਕੀਤੀ ਜਾਂਦੀ ਹੈ:–

S.No.	Category	Chargers per unit/ per month Rupees.
3	Hospital 0-10 bed Hospital 10-20 bed Hospital 20-50 bed Hospital more than 50 bed	2000/- per month 3000/- per month 8000/- per month 15000/- per month
4	Factory	2.50/- per sq.yard
11 (a)	Shops more than 300 sq feet	300/- per month
23	Slum Residential areas and residential areas upto 5 marlas	30/- per month
24	Residential Areas 5 to 10 marlas	50/- per month
25	Residential Areas 10 marlas to 20 marlas	75/- per month

26	Residential Areas 20 marlas to 40 marlas Residential Areas more than 40 marlas	100/- per month 200/- per month

User charges per unit/per month will be charged only after facilities are provided.

In case of Bulk Waste generator the user charges will be half the amount of proposed user charges under that specific category. Violation of Bye Law/ Solid Waste Management Rules-2016 by Bulk Waste generator.

Non segregation: (Dry, Wet Hazardous) and Non Processing of wet waste:

a) First time : Fine Rs. 5000/-
b) 2nd time after 15 days of 1st violation: Fine Rs. 25000/-
c) 3rd time after 30 days of 1st violation sealing of unit.

Sealing will not be opened until and unless the violator makes provisions for processing of wet waste.

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 18

ਵਿਸ਼ਾ :- Action plan for Solid Waste Management and Sanitation.

ਪੜ੍ਹਿਆ ਦਫ਼ਤਰੀ ਨੋਟ ਸਿਹਤ ਅਫ਼ਸਰ ਨਗਰ ਨਿਗਮ, ਜਲੰਧਰ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ Solid Waste Management Rules 2016 and Hon'ble NGT Orders dated 20.08.2018 in OA No. 606/2018 and Swachh Bharat Mission-Urban Guidelines ਸਬੰਧੀ PMIDC ਵੱਲੋ ਇੱਕ ਫਾਰਮੇਟ ਬਣਾ ਕੇ ਭੇਜਿਆ ਗਿਆ ਹੈ ਜਿਸ ਸਬੰਧੀ ਐਕਸ਼ਨ ਪਲੈਨ ਬਣਾਇਆ ਗਿਆ ਹੈ ਜ਼ੋ ਕਿ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਵੇਖਿਆ ਜਾ ਸਕਦਾ ਹੈ । ਜਿਸ ਵਿੱਚ Solid Waste Management Rules 2016 ਅਤੇ NGT ਦੀ guidelines ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ। ਇਹ ਐਕਸ਼ਨ ਪਲੈਨ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ । ਸੰਯੁਕਤ ਕਮਿਸ਼ਨਰ (ਏ) ਨੇ ਮਿਤੀ : 26.2.19 ਅਤੇ ਕਮਿਸ਼ਨਰ ਜੀ ਨੇ ਮਿਤੀ : 26.02.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 27.2.2019 ਰਾਹੀਂ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 19

ਵਿਸ਼ਾ :- ਸਾਲ 2019-20 ਲਈ ਡਾ.ਬੀ.ਆਰ.ਅੰਬੇਦਕਰ ਕੰਪਲੈਕਸ ਅਤੇ ਨਗਰ ਨਿਗਮ ਦੇ ਜ਼ੋਨ ਦਫਤਰਾਂ ਦੀ ਸਫਾਈ ਲਈ ਸਲਾਨਾ ਸਮਾਨ ਦੀ ਖਰੀਦ ਕਰਣ ਬਾਰੇ ।

ਪੜ੍ਹਿਆ ਦਫਤਰੀ ਨੋਟ ਹੈਲਥ ਸ਼ਾਖਾ ਜਿਸ ਤੇ ਸਹਾਇਕ ਸਿਹਤ ਅਫਸਰ ਨੇ ਸ਼ਿਫਾਰਸ਼ ਕੀਤੀ ਹੈ ਕਿ ਸਫਾਈ ਦੇ ਹਿੱਤ ਨੂੰ ਮੁੱਖ ਰਖਦੇ ਹੋਏ, ਨਗਰ ਨਿਗਮ ਦੇ ਡਾ.ਬੀ.ਆਰ.ਅੰਬੇਦਕਰ ਕੰਪਲੈਕਸ ਦੀ ਸਫਾਈ ਲਈ ਸਲਾਨਾ ਸਾਲ 2019-20 ਲਈ ਹੇਠ ਲਿਖੇ ਸਮਾਨ ਦੀ ਜਰੂਰਤ ਹੈ।ਇਸ ਸਮਾਨ ਦੀ ਖਰੀਦ ਤੇ ਵੈਟ ਆਦਿ ਅਲੰਗ ਤੋਂ ਹੋਵੇਗਾ :-

ਲੜੀ ਨੰ:	ਦਫਤਰ ਲਈ ਸਮਾਨ	ਇਕ ਸਾਲ ਲਈ ਸਮਾਨ ਦੀ ਗਿਣਤੀ	ਰੁਪਏ ਪਰ ਪੀਸ	ਖਰਚਾ
1.	ਫੁੱਲ ਝਾੜੂ	250 ਪੀਸ	60 ਰੁ:	15000
2.	ਤੀਲਾਂ ਵਾਲੇ ਝਾੜੂ	200 ਕਿਲੋ	114 ਰੁ:	22800
3.	ਵੈਟ ਮੌਪ ਸਮੇਤ ਹੈਂਡਲ (ਯੂਨਿਕ)	150.ਪੀਸ	158.84 ਰੁ:	23826
4.	ਵੈਟ ਮੌਪ ਰਿਫਲ	300 ਪੀਸ	47.79 ਰੁ:	14337
5.	ਵਾਇਪਰ ਹੈਵੀ	75 ਪੀਸ	157.53 ਰੁ:	11815
6.	ਪੋਚਾ ਕਾਟਨ	5 ਦਰਜਨ	22.75 ਰੁ:	1365
7.	ਡਸਟਰ	40 ਦਰਜਨ	12.95 ਰੁ:	6216
8.	ਜ਼ਾਲਾ ਲਾਉਣ ਵਾਲਾ ਬੁਰਸ਼	20 ਪੀਸ	160 ਰੁ:	3200
9.	ਟਾਇਲਟ ਬੁਰਸ਼ ਹੈਵੀ	50 ਪੀਸ	50 ਰੁ:	2500
10.	ਡਸਟ ਪੈਨ	100 ਪੀਸ	30 ਰੁ:	3000
11.	ਫਰਨਾਇਲ Pine Oil Concentrate for floor cleaner Deodorant	360 ਲੀਟਰ	289 ਰੁ:	104040
12.	ਫਲੱਸ਼ ਕਲੀਨਰ	1000 ਲੀਟਰ	78 ਰੁ:	78000
13.	ਫਰਨਾਇਲ ਗੋਲੀਆਂ	30 ਕਿਲੋ	160 ਰੁ:	4800
14.	ਓਡੋਨਿਲ	300 ਪੈਕਟ	54.90 ਰੁ:	16470
15.	ਰੂਮ ਸਪਰੇਅ	150 ਪੀਸ	110 ਰੁ:	16500
16.	ਹਾਰਪਿਕ (500 ਐਮ.ਐਲ.)	300 ਪੀਸ	74.53 ਰੁ:	22359
17.	ਹਿਟ ਵੱਡੀ	100 ਪੀਸ	180 ਰੁ:	18000
18.	ਕੋਲੀਨ	300 ਪੀਸ	74.48 ਰੁ:	22440
19.	ਸਰਫ (ਫੈਨਾ,ਰਿਨ,ਵਹੀਲ,ਨਿਰਮਾ)	250 ਕਿਲੋ	60 ਰੁ:	15000
20.	ਏਅਰ ਵਿਕ ਵਡੀ ਰਿਫਲ	50 ਪੀਸ	177.98 ਰੁ:	8899
21.	ਏਅਰ ਵਿਕ ਛੋਟੀ ਬਿਜਲੀ ਵਾਲੀ	50 ਪੀਸ	251 ਰੁ:	12550
22.	ਏਅਰ ਵਿਕ ਛੋਟੀ ਰਿਫਲ	50 ਪੀਸ	82.50 ਰੁ:	4125
23.	ਗਲੱਬਜ਼ (ਦਸਤਾਨੇ)	30 ਡੱਬੇ	19 ਰੁ:	28500
24.	ਮਾਸਕ	30 ਡੱਬੇ	399 ਰੁ:	11970
25.	ਲੋਹਾ ਬੁਰਸ਼	300 ਪੀਸ	20ਰੁ:	6000
26.	ਹੈਂਡ ਵਾਸ਼ ਡਿਟੋਲ 500 ਗਰਾਮ	100 ਪੀਸ	262 ਰੁ:	26200
27.	ਬਾਲਟੀ	25 ਪੀਸ	178ਰੁ:	4450
28.	ਰੁਗ	25 ਪੀਸ	20 ਰੁ:	500
29.	ਡਸਟਬਿਨ ਛੋਟੇ	30 ਪੀਸ	68.95 ਰੁ:	2069
30.	ਡਸਟਬਿਨ ਢਕਣ ਵਾਲੇ	25 ਪੀਸ	767 ਰੁ:	6136
31.	ਪਾਇਪ ਪਲਾਸਟਿਕ	100 ਫੁੱਟ	30 ਰੁ:ਮੀਟਰ	1000
			ਕੁੱਲ	**5,14,067**

ਉਪਰੋਕਤ ਮੰਗ ਨੂੰ ਮੁੱਖ ਰੱਖਦੇ ਹੋਏ ਅਤੇ ਦਫਤਰ ਦੀ ਸਫਾਈ ਦੇ ਕੰਮ ਨੂੰ ਦੇਖਦੇ ਹੋਏ ਡਾ.ਬੀ.ਆਰ.ਅੰਬੇਦਕਰ ਕੰਪਲੈਕਸ ਲਈ ਉਪਰੋਕਤ ਸਮਾਨ ਦੇਣਾ ਜਰੂਰੀ ਹੈ ।ਇਸ ਲਈ ਸਮਾਨ ਦੀ ਖਰੀਦ ਕਰਣ ਵਾਸਤੇ GEM GOVERNMENT E MARKETPLACE ਤੋਂ ਨੈਟ ਰਾਂਹੀ ਰੇਟ ਲੈਣ ਉਪਰੰਤ ਇਸ ਸਮਾਨ ਦੀ ਖਰੀਦ ਤੇ ਅੰਦਾਜਨ ਰੁਪਏ 5,14,067- ਦਾ ਖਰਚਾ ਆਵੇਗਾ ਜ਼ੋ ਕਿ ਸਮਾਨ ਦੀ ਖਰੀਦ ਕਰਣ ਸਮੇਂ GEM GOVERNMENT E MARKETPLACE ਜ਼ੋ ਰੇਟ ਹੋਵੇਗਾ ਉਸ ਅਨੁਸਾਰ ਖਰੀਦ ਕੀਤਾ ਜਾਵੇਗਾ ।ਇਹ ਖਰਚਾ ਖਰੀਦ ਕਰਣ ਸਮੇਂ ਵੱਧ-ਘੱਟ ਸਕਦਾ ਹੈ ।ਇਹ ਖਰਚ ਕਰਨ ਲਈ ਮਾਨਯੋਗ ਹਾਊਸ ਦੀ ਪ੍ਰਵਾਨਗੀ ਲੋੜੀਦੀ ਹੈ । ਇਸ ਤੇ ਹੈਲਥ ਅਫਸਰ ਨੇ ਮਿਤੀ 1.3.2019 ਅਤੇ ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 4.4.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਕਮਿਸ਼ਨਰ ਨੇ ਉਕਤ ਨੋਟ ਤੇ ਮਿਤੀ 04-04-2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਦੇ ਹੁਕਮ ਮਿਤੀ 05-04-2019 ਰਾਹੀਂ ਤਖਮੀਨਾ ਹਾਊਸ ਵਿਚ ਵਿਚਾਰਣ ਅਤੇ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਸਬੰਧੀ ਇੱਕ ਕਮੇਟੀ ਗਠਨ ਕਰਨ ਦਾ ਅਧਿਕਾਰ ਮੇਅਰ ਜੀ ਨੂੰ ਦਿੱਤਾ ਜਾਂਦਾ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 20

ਵਿਸ਼ਾ :- ਡਾ.ਬੀ.ਆਰ.ਅੰਬੇਦਕਰ ਕੰਪਲੈਕਸ ਨਗਰ ਨਿਗਮ ਜਲੰਧਰ ਵਿੱਚ ਸਫਾਈ ਲਈ ਸਮਾਨ ਦੀ ਖਰੀਦ ਕਰਣ ਬਾਰੇ ।

ਪੜ੍ਹਿਆ ਦਫਤਰੀ ਨੋਟ ਹੈਲਥ ਸ਼ਾਖਾ ਜਿਸ ਤੇ ਸਹਾਇਕ ਸਿਹਤ ਅਫਸਰ ਨੇ ਸਿ਼ਫਾਰਸ਼ ਕੀਤੀ ਹੈ ਕਿ ਡਾ.ਬੀ.ਆਰ.ਅੰਬੇਦਕਰ ਕੰਪਲੈਕਸ, ਨਗਰ ਨਿਗਮ ਜਲੰਧਰ ਦੀ ਸਫਾਈ ਲਈ ਐਸ.ਆਈ. ਮੋਨਿਕਾ ਸੇਖੜੀ ਵਲੋਂ ਹੇਠ ਲਿਖੇ ਸਮਾਨ ਦੀ ਮੰਗ ਕੀਤੀ ਹੈ ।ਇਹ ਸਮਾਨ ਦੀ ਖਰੀਦ ਕਰਨਾ ਜਰੂਰੀ ਹੈ ਜਿਸ ਨਾਲ ਦਫਤਰ ਦੀ ਸਫਾਈ ਵਿੱਚ ਵਾਧਾ ਹੋਵੇਗਾ ।ਇਹ ਸਮਾਨ ਦੀ ਖਰੀਦ ਤੇ ਵੈਟ ਆਦਿ ਅਲਗ ਤੋਂ ਹੋਵੇਗਾ ।

ਲੜੀ ਨੰ:	ਦਫਤਰ ਲਈ ਸਮਾਨ	ਸਮਾਨ ਦੀ ਗਿਣਤੀ	ਪ੍ਰਤੀ ਖਰਚਾ	ਰਕਮ
1.	ਫੁੱਲ ਝਾੜੂ	50.ਪੀਸ	60 ਰੁ: ਪਰ ਪੀਸ	3000-
2.	ਤੀਲਾਂ ਵਾਲੇ ਝਾੜੂ (ਮੋਟੀ ਤੀਲ)	50.ਕਿਲੋ	114 ਰੁ: ਕਿਲੋ	5700
3.	ਫਿਨਾਇਲ Pine Oil Concentrate for flor cleaner	100.ਲੀਟਰ	300 ਰੁ:ਲੀਟਰ	30000-
4.	ਟਾਇਲਟ ਕਲੀਨਰ	140 ਲੀਟਰ	79 ਰੁ:ਲੀਟਰ	11060-
		ਕੁਲ ਖਰਚਾ	**49760-**	

ਉਪਰੋਕਤ ਮੰਗ ਨੂੰ ਮੁੱਖ ਰਖਦੇ ਹੋਏ ਅਤੇ ਦਫਤਰ ਦੀ ਸਫਾਈ ਦੇ ਕੰਮ ਨੂੰ ਦੇਖਦੇ ਹੋਏ ਡਾ.ਬੀ.ਆਰ.ਅੰਬੇਦਕਰ ਕੰਪਲੈਕਸ ਨਗਰ ਨਿਗਮ ਜਲੰਧਰ ਸਮਾਨ ਦੇਣਾ ਜਰੂਰੀ ਹੈ ।ਇਸ ਲਈ ਸਮਾਨ ਦੀ ਖਰੀਦ ਕਰਣ ਵਾਸਤੇ ਅੰਦਾਜਨ ਰੁਪਏ 49,760- ਦਾ ਖਰਚਾ ਆਵੇਗਾ।ਇਸ ਸਮਾਨ ਦੀ ਖਰੀਦ GEM GOVERNMENT E MARKETPLACE ਤੋਂ ਖਰੀਦ ਕੀਤਾ ਜਾਵੇਗੀ ।ਇਹ ਖਰਚ ਕਰਨ ਦੀ ਪ੍ਰਵਾਨਗੀ ਮਾਨਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਲੋੜੀਦੀ ਹੈ । ਇਸ ਤੇ ਹੈਲਥ ਅਫਸਰ ਨੇ ਮਿਤੀ 1.3.2019 ਅਤੇ ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 4.4.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਕਮਿਸ਼ਨਰ ਨੇ ਉਕਤ ਨੋਟ ਤੇ ਮਿਤੀ 04-04-19 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਨੇ ਅਪਣੇ ਹੁਕਮ ਮਿਤੀ 05-04-19 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ।

ਤਖਮੀਨਾ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਇਸ ਸਬੰਧੀ ਇੱਕ ਕਮੇਟੀ ਗਠਨ ਕਰਨ ਦਾ ਅਧਿਕਾਰ ਮੇਅਰ ਜੀ ਨੂੰ ਦਿੱਤਾ ਜਾਂਦਾ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 21

ਵਿਸ਼ਾ:- ਸ਼ਹਿਰ ਵਿੱਚ ਘੁੰਮ ਰਹੇ ਅਵਾਰਾ ਗਊਆਂ/ ਪਸ਼ੂਆਂ ਨੂੰ ਗਊਸ਼ਾਲਾਂ ਪ੍ਰਬੰਧਕ ਕਮੇਟੀ (ਰਜਿ.) ਦੀ ਚਾਰ ਦੀਵਾਰੀ ਵਿਚ ਰੱਖਣ ਲਈ ਸਾਲ 2019-20 ਦੀ ਗਰਾਂਟ ਜਾਰੀ ਕਰਵਾਉਣ ਬਾਰੇ ।

ਪੜ੍ਹਿਆ ਨੋਟ ਸਿਹਤ ਅਫਸਰ ਮਿਤੀ 5.5.2019 ਕਿ ਨਗਰ ਨਿਗਮ ਦੇ ਮਤਾ ਨੰ: 118 ਮਿਤੀ 15.7.2010 ਰਾਹੀਂ ਅਵਾਰਾ ਪਸ਼ੂਆਂ/ਗਊਆਂ ਦੀ ਸਾਂਭ ਸੰਭਾਲ ਲਈ ਇਕ ਲੱਖ ਰੁਪਏ ਪ੍ਰਤੀ ਮਹੀਨਾ ਦੇਣ ਦੀ ਪ੍ਰਵਾਨਗੀ ਸਰਕਾਰ ਵਲੋਂ ਆਪਣੇ ਪੱਤਰ ਨੰ: 6/33/10-4ਸਸ1/2797 ਮਿਤੀ 20.9.2010 ਰਾਹੀਂ ਮੰਜੂਰੀ ਦਿੱਤੀ ਹੋਈ ਹੈ।

ਹੁਣ ਸਾਲ 2018-19 ਦੀ ਗਰਾਂਟ ਰੁਪਏ 1,00,000/- ਮਹੀਨਾ ਦੇਣ ਲਈ ਨਗਰ ਨਿਗਮ ਹਾਊਸ ਦੇ ਮਤਾ ਨੰ: 9 ਮਿਤੀ 5.3.2018 ਅਨੁਸਾਰ ਸੁਪਰਡੰਟ(ਸ.ਸ.1-ਸ਼ਾਖਾ) ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਪੱਤਰ ਨੰ: ਸ5-ਡਸਸ-ਮਸਸ-18/17173 ਮਿਤੀ 21.3.2018 ਨੂੰ ਗਰਾਂਟ ਦੀ ਮੰਜੂਰੀ ਆ ਗਈ ਹੈ। ਮਾਰਚ, 2018 ਤੱਕ ਦੀ ਸਾਰੀ ਗਰਾਂਟ ਦੀ ਰਕਮ ਨਗਰ ਨਿਗਮ ਵਲੋਂ ਪਿੰਜਰਾ ਪੋਲ ਗਊਸ਼ਾਲਾ (ਰਜਿ.) ਨੂੰ ਦੇ ਚੁੱਕੀ ਹੈ। ਇਸ ਤਰ੍ਹਾਂ ਮਹੀਨਾ ਅਪ੍ਰੈਲ,2018 ਤੋਂ ਮਾਰਚ,2019 ਤੱਕ ਇਕ ਸਾਲ ਦੀ 12,00,000/- ਰੁਪਏ ਬਣਦੀ ਹੈ। ਇਕ ਮਹੀਨੇ ਦੇ ਹਿਸਾਬ ਨਾਲ ਇਕ ਲੱਖ ਰੁਪਏ ਪ੍ਰਤੀ ਮਹੀਨਾ ਬਣਦੀ ਹੈ। ਜ਼ੋ ਕਿ ਨਗਰ ਨਿਗਮ ਗਊ ਸ਼ਾਲਾ ਪਿੰਜਰਾਪੋਲ ਨੂੰ ਰੁਪਏ 12,00,000/- ਸਾਲ 2018-19 ਦੀ ਅਦਾਇਗੀ ਕਰ ਚੁੱਕੀ ਹੈ। ਸਾਲ 2019-20 ਦੀ ਪਿੰਜਰਾਪੋਲ ਗਊਸ਼ਾਲਾਂ (ਰਜਿ.) ਨੂੰ ਰੁਪਏ 12,00,000/- ਦੀ ਅਦਾਇਗੀ ਕਰਨ ਲਈ ਹਾਊਸ ਦੀ ਮੰਜੂਰੀ ਲੋੜੀਂਦੀ ਹੈ। ਪਿੰਜਰਾਪੋਲ ਗਊਸ਼ਾਲਾ (ਰਜਿ.) ਵਿਚ ਪਸ਼ੂਧਨ ਦੀ ਸਾਂਭ ਸੰਭਾਲ ਨੂੰ ਮੁੱਖ ਰੱਖਦੇ ਹੋਏ ਉਕਤ ਤਜਵੀਜ ਦੀ ਮੰਜੂਰੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੋਂ ਲੋੜੀਂਦੀ ਹੈ। ਜਿਸ ਨਾਲ ਸੰਯੁਕਤ ਕਮਿਸ਼ਨਰ (ਐਚ) ਨੇ ਮਿਤੀ 28.6.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ : 28.06.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 2.7.2019 ਨੂੰ ਉਕਤ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:22

ਵਿਸ਼ਾ :- Dengue/Chikungunia Vector born disease ਕੰਟਰੋਲ ਕਰਨ ਲਈ ਜੈਮ ਪੋਰਟਲ ਤੋਂ ਖਰੀਦ ਕਰਨ ਸਬੰਧੀ।

ਹਵਾਲਾ :- ਪੱਤਰ ਨੰ. ਜੇ.ਡੀ.ਡੀ. ਐਲ.ਜੀ-2019/21305-320 ਮਿਤੀ. 10-05-19

ਪੜਿਆ ਨੋਟ ਸਿਹਤ ਅਫ਼ਸਰ ਜਿਸ ਨਾਲ ਸੰਯੁਕਤ ਕਮਿਸ਼ਨਰ (ਏ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਆਉਂਦੇ ਬਰਸਾਤ ਦੇ ਮੌਸਮ ਵਿੱਚ ਹੋਣ ਵਾਲੀਆਂ Dengue/Malaria Vector borne ਬਿਮਾਰੀਆਂ ਨੂੰ ਕੰਟਰੋਲ ਕਰਨ ਵਾਸਤੇ ਉਪਰੋਕਤ ਹਵਾਲਾ ਪੱਤਰ ਦੇ ਅਨੈਕਚਰ ਨੱਥੀ 4 ਵਿਚੋਂ ਦਵਾਈ Malathion 95% technical ਦੀ ਖਰੀਦ ਕਰਨ ਦੀ ਹਿਦਾਇਤ ਹੋਈ ਹੈ।ਇਸ ਸਬੰਧ ਵਿੱਚ ਸੁਪਰਡੰਟ ਸਟੋਰ ਵੱਲੋਂ ਦੱਸਿਆ ਗਿਆ ਹੈ ਕਿ ਇਸ ਦਵਾਈ ਦੀ ਖਰੀਦ ਕਰਨ ਨਗਰ ਨਿਗਮ ਵੱਲੋਂ ਕਦੀ ਵੀ ਨਹੀਂ ਕੀਤੀ ਹੈ ਅਤੇ ਇਹ ਨਗਰ ਨਿਗਮ ਕੋਲ ਉਪਲੱਬਧ ਨਹੀਂ ਹੈ।

ਸਰਕਾਰ ਦੀ ਹਿਦਾਇਤ ਅਨੁਸਾਰ ਇਹ ਦਵਾਈ ਜੈਮ ਪੋਰਟਲ ਤੋਂ ਖਰੀਦ ਕੀਤੀ ਜਾਣੀ ਹੈ।ਇਹ ਦਵਾਈ ਜੈਮ ਪੋਰਟਲ ਤੇ ਉਪਲੱਬਧ ਹੈ।ਜੈਮ ਪੋਰਟਲ ਦੀ ਕੁਟੇਸ਼ਨ ਨਾਲ ਨੱਥੀ ਹੈ। ਜਿਸ ਵਿੱਚ ਰੁ.38.00 Per 100 ml ਦਾ ਰੇਟ ਦਿੱਤਾ ਗਿਆ ਹੈ ਅਤੇ 250 ਕਿਲੋ. ਦੀ ਪੈਕਿੰਗ ਦਾ ਖਰਚਾ 95000/-ਰੁਪਏ ਹੈ। ਨਗਰ ਨਿਗਮ ਵਿੱਚ 30 Hand Shoulder ਮਸ਼ੀਨਾਂ ਹਨ ਅਤੇ ਇੱਕ ਮਸ਼ੀਨ ਦਾ Capacity 5 lt ਹੈ।ਇਸ ਤਰ੍ਹਾਂ ਇੱਕ ਮਸ਼ੀਨ ਰੋਜਾਨਾ 10 ਲੀਟਰ ਦਿੱਤਾ ਜਾਂਦਾ ਹੈ ਅਤੇ 2 ਸਮੇਂ ਦਾ (ਸਵੇਰੇ ਅਤੇ ਸ਼ਾਮ) ਦਾ 20 ਲੀਟਰ ਤੇਲ ਦਿੱਤਾ ਜਾ ਸਕਦਾ ਹੈ।ਨਗਰ ਨਿਗਮ ਵੱਲੋਂ ਮੰਗ ਅਨੁਸਾਰ 5 ਮਸ਼ੀਨਾਂ 200 ਲੀਟਰ ਕਪੈਸਟੀ ਦੀਆਂ ਵੀ ਹਨ।ਜੋ ਕਿ ਸਵੇਰੇ ਅਤੇ ਸ਼ਾਮ ਚਲਦੀਆਂ ਹਨ। Malathion 95% technical ਦਵਾਈ 5:95 Ratio ਨਾਲ ਇਸਤੇਮਾਲ ਕੀਤਾ ਜਾਂਦਾ ਹੈ।ਇਸ ਤਰ੍ਹਾਂ ਇਕ ਸਮੇਂ ਦਾ ਐਸਟੀਮੇਟ

ਹੱਥ ਵਾਲੀਆਂ 30 ਮਸ਼ੀਨਾਂ ਦੀ ਕਪੈਸਟੀ 5 ਲੀਟਰ ×2 =	300 ਲੀਟਰ
60 ਲੀਟਰ ਮਸ਼ੀਨ ×5 ਮਸ਼ੀਨਾਂ =	300 ਲੀਟਰ
200 ਲੀਟਰ ਮਸ਼ੀਨ × 5 ਮਸ਼ੀਨਾਂ =	1000 ਲੀਟਰ
	1600 ਲੀਟਰ

ਇੱਕ ਸਮਾਂ ਲਾਗਤ 80 ਲੀਟਰ ਦਵਾਈ ਬਣਦੀ ਹੈ ਅਤੇ 30 ਦਿਨਾਂ ਵਿੱਚ 2400 ਲੀਟਰ ਬਣਦੀ ਹੈ।ਇਹ ਦਵਾਈ ਦੀ ਮੰਗ ਲੋੜ ਅਨੁਸਾਰ ਕੀਤੀ ਜਾਂਦੀ ਹੈ।

ਇਸ ਕਰਕੇ ਤਜਵੀਜ਼ ਕੀਤੀ ਜਾਂਦੀ ਹੈ ਕਿ ਹਾਲ ਦੀ ਘੜੀ 5000 ਲੀਟਰ Malathion Technical 95% ਖਰੀਦ ਕਰਨ ਵਾਸਤੇ ਰੁ.20 ਲੱਖ ਦੀ ਪ੍ਰਵਾਨਗੀ ਦਿੱਤੀ ਜਾਵੇ ਜਿਸ ਵਿਚੋਂ ਜੈਮ ਪੋਰਟਲ ਤੋਂ 10 ਲੱਖ ਦੀ ਦਵਾਈ ਪਹਿਲੇ ਫੇਸ ਵਿੱਚ ਮੰਗਵਾਈ ਜਾਵੇਗੀ ਜ਼ੋ ਰੇਟ ਉਸ ਵੇਲੇ ਜੈਮ ਪੋਰਟਲ ਤੇ ਉਪਲਬੱਧ ਹੋਣਗੇ ਅਤੇ ਬਕਾਇਆ ਦੀ ਖਰੀਦ ਉਸ ਤੋਂ ਬਾਅਦ ਲੋੜ ਅਨੁਸਾਰ ਉਸ ਵੇਲੇ ਦੇ ਜੈਮ ਪੋਰਟਲ ਤੇ ਉਪਲਬੱਧ ਰੇਟਾਂ ਤੇ ਬਕਾਇਆ 10 ਲੱਖ ਵਿਚੋਂ ਕੀਤੀ ਜਾਵੇਗੀ। ਇਸ ਕਰਕੇ ਇਸ ਕੰਮ ਨੂੰ ਅਤਿ ਜਰੂਰੀ ਸਮਝਦੇ ਹੋਏ ਇਹ ਤਜਵੀਜ਼ ਹਾਉਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਕਮਿਸ਼ਨਰ ਜੀ ਨੇ ਮਿਤੀ 18.6.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਮਾਨਯੋਗ ਮੇਅਰ ਜੀ ਨੇ ਮਿਤੀ 19.6.2019 ਨੂੰ ਉਕਤ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:23

ਵਿਸ਼ਾ :- ਡਾਗ/ਕੈਟਲ ਕੈਚਰਾਂ (ਆਰਜੀ ਸੀਵਰਮੈਨਾਂ) ਪਾਸੋਂ ਮਿਤੀ : 12.06.2019 ਤੋਂ 11.06.2020 ਤੱਕ ਕੰਮ ਲੈਣ ਅਤੇ ਇਹਨਾਂ ਕਰਮਚਾਰੀਆਂ ਨੂੰ ਸਰਕਾਰ ਦੇ ਸੋਧੇ ਹੋਏ ਡੀ.ਸੀ.ਰੇਟ ਅਨੁਸਾਰ ਤਨਖਾਹ ਦੇਣ ਦੀ ਪ੍ਰਵਾਨਗੀ ਸਬੰਧੀ।

ਪੜਿਆ ਨੋਟ ਸਹਾਇਕ ਸਿਹਤ ਅਫ਼ਸਰ ਮਿਤੀ 25.7.2019 ਕਿ ਨਗਰ ਨਿਗਮ ਜਲੰਧਰ ਦੀ ਓ.ਐਂਡ.ਐਮ. ਸ਼ਾਖਾ ਵੱਲੋ ਡੀ.ਸੀ. ਰੇਟ ਤੇ ਭਰਤੀ ਕੀਤੇ ਗਏ ਆਰਜੀ ਸੀਵਰਮੈਨਾਂ ਵਿੱਚੋ ਪੰਜ ਕਰਮਚਾਰੀ ਅਵਾਰਾ ਕੁੱਤਿਆ ਅਤੇ ਪਸ਼ੂਆਂ ਨੂੰ ਫੜ੍ਹਨ ਹਿੱਤ ਰੱਖੇ ਗਏ ਹਨ। ਇਨ੍ਹਾਂ ਪੰਜ ਕਰਮਚਾਰੀਆਂ ਨੂੰ ਡੀ.ਸੀ.ਰੇਟ ਰੁਪਏ: 8423.50/- ਪ੍ਰਤੀ ਮਹੀਨਾਂ ਦੇ ਹਿਸਾਬ ਨਾਲ ਤਨਖਾਹ ਮਤਾ ਨੰ: 22 ਮਿਤੀ : 05.03.2018 ਤਹਿਤ ਦਿੱਤੀ ਜਾ ਰਹੀ ਸੀ। ਜਿਸ ਦੀ ਮੰਨਜ਼ੂਰੀ 8423.50×5 (ਕਰਮਚਾਰੀ) = 42117.50×12(ਮਹੀਨੇ) = 505410/- ਮਿਤੀ : 11.04.2018 ਤੋਂ 12.04.2019 ਤੱਕ ਇੱਕ ਸਾਲ ਦੀ ਮਾਣਯੋਗ ਹਾਊਸ ਤੋਂ ਲਈ ਗਈ ਸੀ ਜ਼ੋ ਕਿ ਮਿਤੀ : 12.04.2019 ਨੂੰ ਸਮਾਪਤ ਹੋ ਗਈ ਸੀ। ਕਿਉਂ ਜ਼ੋ ਮਾਣਯੋਗ ਹਾਊਸ ਦੀ ਮੀਟਿੰਗ ਮਹੀਨਾ ਅਕਤੂਬਰ 2018 ਤੋਂ ਬਾਅਦ ਮਿਤੀ : 20.06.2019 ਤੱਕ ਨਹੀਂ ਹੋਈ ਹੈ।

ਇਸ ਲਈ ਇਹਨਾਂ ਕਰਮਚਾਰੀਆਂ ਨੂੰ ਮਹੀਨਾ ਅਪ੍ਰੈਲ-2019 ਅਤੇ ਮਈ-2019 ਕੀ ਤਨਖਾਹ ਦੇਣ ਲਈ ਕਮਿਸ਼ਨਰ ਜੀ ਦੇ ਹੁਕਮ ਮਿਤੀ : 06.05.2019 ਰਾਹੀਂ ਪਹਿਲਾਂ ਪਾਸ ਕਰਵਾਏ ਗਏ ਬਜਟ ਦੇ 10% ਰਕਮ ਦੀ ਮਨਜ਼ੂਰੀ ਲਈ ਗਈ ਸੀ ਜ਼ੋ ਕਿ 11.06.2019 ਨੂੰ ਸਮਾਪਤ ਹੋ ਰਹੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਇਨ੍ਹਾਂ ਕਰਮਚਾਰੀਆਂ ਪਾਸੋ ਹੁਣ ਅਵਾਰਾ ਪਸ਼ੂਆਂ ਨੂੰ ਫੜ੍ਹਨ ਦਾ ਕੰਮ ਲਿਆ ਜਾ ਰਿਹਾ ਹੈ।

ਕਿਉਂ ਜ਼ੋ ਇਨ੍ਹਾਂ ਕਰਮਚਾਰੀਆਂ ਨੂੰ ਦਿੱਤੀ ਜਾ ਰਹੀ ਤਨਖਾਹ ਦੀ ਅਦਾਇਗੀ ਪੰਜਾਬ ਸਰਕਾਰ ਵੱਲੋ ਫਿਕਸ ਕੀਤੇ ਪੁਰਾਣੇ ਡੀ.ਸੀ. ਰੇਟ 7852.17/- ਅਨੁਸਾਰ ਕੀਤੀ ਜਾ ਰਹੀ ਸੀ। ਪਰ ਹੁਣ ਸਰਕਾਰ ਦੇ ਪੱਤਰ ਨੰ: ਸ.ਟ./28009 ਮਿਤੀ : 23.10.2018 ਰਾਹੀ ਅਰਧ ਸਿੱਖਿਅਤ ਕਰਮਚਾਰੀਆਂ ਦੇ ਸੋਧੇ ਹੋਏ ਰੇਟ ਰੁਪਏ: 8857.71 ਪ੍ਰਤੀ ਮਹੀਨਾ ਦੇ ਹਿਸਾਬ ਨਾਲ ਇਨ੍ਹਾਂ ਪੰਜ ਕਰਮਚਾਰੀਆਂ ਨੂੰ 8857.71×5 = 44289 × 12 = **5,31,468**/- ਅਤੇ ਇੰਮਲਾਇਰ ਸ਼ੇਅਰ ਵੱਜੋ ਈ.ਪੀ.ਐਫ 13.61% ਅਤੇ ਈ.ਐਸ.ਆਈ 4.75% ਅਨੁਸਾਰ 8857.71 × 13.61% = 1206 ਅਤੇ ਈ.ਐਸ.ਆਈ. 8857.71 × 4.75% = 421 ਕੁੱਲ 1627 × 5 = 8135 × 12 = 97620/- ਤਨਖਾਹ ਦੇਣੀ ਬਣਦੀ ਹੈ। ਇਸ ਲਈ ਮਿਤੀ : 12.06.2019 ਤੋਂ 11.06.2020 ਤੱਕ ਇਹਨਾਂ ਪੰਜ ਕਰਮਚਾਰੀਆਂ ਪਾਸੋਂ ਕੰਮ ਲੈਣ ਅਤੇ ਇੱਕ ਸਾਲ ਲਈ ਦਿੱਤੀ ਜਾਣ ਵਾਲੀ ਤਨਖਾਹ 531468 + 97620 = 6,29,088/- ਦੀ ਪ੍ਰਵਾਨਗੀ ਮਾਨਯੋਗ ਹਾਊਸ ਤੋਂ ਪ੍ਰਾਪਤ ਕਰਨ ਲਈ ਰਿਪੋਰਟ ਪੇਸ਼ ਹੈ। ਸੰਯੁਕਤ ਕਮਿਸ਼ਨਰ(ਐਚ) ਵਲੋਂ ਮਿਤੀ 5.7.2019 ਰਾਹੀਂ ਲਿਖਿਆ ਹੈ ਕਿ "A separate file is already under process for getting approval from MC House for tenders. Meanwhile, this work is still being done with the help of already deployed cattle catchers who have continued their work since then. So they have to be paid for the said period and beyond. Since house is not is session, so this may please be approved in anticipation of the approval by House." ਕਮਿਸ਼ਨਰ ਜੀ ਨੇ ਮਿਤੀ 5.7.2019 ਰਾਹੀਂ ਸਹਿਮਤੀ ਪ੍ਰਗਟਾਈ ਹੈ ।ਮਾਨਯੋਗ ਮੇਅਰ ਜੀ ਨੇ ਮਿਤੀ 10.7.2019 ਰਾਹੀਂ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:24

ਵਿਸ਼ਾ :- ਡਾਗ/ਕੈਟਲ ਕੈਚਰਾਂ (ਆਰਜੀ ਸੀਵਰਮੈਨਾਂ) ਪਾਸੋਂ ਮਿਤੀ : 12.06.2019 ਤੋਂ 11.06.2020 ਤੱਕ ਕੰਮ ਲੈਣ ਅਤੇ ਇਹਨਾਂ ਕਰਮਚਾਰੀਆਂ ਨੂੰ ਸਰਕਾਰ ਦੇ ਸੋਧੇ ਹੋਏ ਡੀ.ਸੀ.ਰੇਟ ਅਨੁਸਾਰ ਤਨਖਾਹ ਦੇਣ ਦੀ ਪ੍ਰਵਾਨਗੀ ਸਬੰਧੀ। ***(ਇਹ ਕੰਮ ਠੇਕੇ ਤੇ ਦੇਣ ਬਾਰੇ)***

ਪੜਿਆ ਨੋਟ ਸਹਾਇਕ ਸਿਹਤ ਅਫ਼ਸਰ ਮਿਤੀ 20.6.2019 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੀ ਓ.ਐਂਡ.ਐਮ. ਸ਼ਾਖਾ ਵੱਲੋ ਡੀ.ਸੀ. ਰੇਟ ਤੇ ਭਰਤੀ ਕੀਤੇ ਗਏ ਆਰਜੀ ਸੀਵਰਮੈਨਾਂ ਵਿੱਚੋ ਪੰਜ ਕਰਮਚਾਰੀ ਅਵਾਰਾ ਕੁੱਤਿਆ ਅਤੇ ਪਸ਼ੂਆਂ ਨੂੰ ਫੜ੍ਹਨ ਹਿੱਤ ਰੱਖੇ ਗਏ ਹਨ। ਇਨ੍ਹਾਂ ਪੰਜ ਕਰਮਚਾਰੀਆਂ ਨੂੰ ਡੀ.ਸੀ.ਰੇਟ ਰੁਪਏ: 8423.50/- ਪ੍ਰਤੀ ਮਹੀਨਾਂ ਦੇ ਹਿਸਾਬ ਨਾਲ ਤਨਖਾਹ ਮਤਾ ਨੰ: 22 ਮਿਤੀ : 05.03.2018 ਤਹਿਤ ਦਿੱਤੀ ਜਾ ਰਹੀ ਸੀ। ਜਿਸ ਦੀ ਮੰਨਜ਼ੂਰੀ 8423.50×5 (ਕਰਮਚਾਰੀ) = 42117.50×12(ਮਹੀਨੇ) = 505410/- ਮਿਤੀ : 11.04.2018 ਤੋਂ 12.04.2019 ਤੱਕ ਇੱਕ ਸਾਲ ਦੀ ਮਾਣਯੋਗ ਹਾਊਸ ਤੋਂ ਲਈ ਗਈ ਸੀ ਜ਼ੋ ਕਿ ਮਿਤੀ : 12.04.2019 ਨੂੰ ਸਮਾਪਤ ਹੋ ਗਈ ਸੀ। ਕਿਉਂ ਜ਼ੋ ਮਾਣਯੋਗ ਹਾਊਸ ਦੀ ਮੀਟਿੰਗ ਮਹੀਨਾ ਅਕਤੂਬਰ 2018 ਤੋਂ ਬਾਅਦ ਮਿਤੀ : 20.06.2019 ਤੱਕ ਨਹੀਂ ਹੋਈ ਹੈ।

ਇਸ ਲਈ ਇਹਨਾਂ ਕਰਮਚਾਰੀਆਂ ਨੂੰ ਮਹੀਨਾ ਅਪ੍ਰੈਲ-2019 ਅਤੇ ਮਈ-2019 ਕੀ ਤਨਖਾਹ ਦੇਣ ਲਈ ਕਮਿਸ਼ਨਰ ਜੀ ਦੇ ਹੁਕਮ ਮਿਤੀ : 06.05.2019 ਰਾਹੀਂ ਪਹਿਲਾਂ ਪਾਸ ਕਰਵਾਏ ਗਏ ਬਜਟ ਦੇ 10% ਰਕਮ ਦੀ ਮਨਜ਼ੂਰੀ ਲਈ ਗਈ ਸੀ ਜ਼ੋ ਕਿ 11.06.2019 ਨੂੰ ਸਮਾਪਤ ਹੋ ਰਹੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਇਨ੍ਹਾਂ ਕਰਮਚਾਰੀਆਂ ਪਾਸੋ ਹੁਣ ਅਵਾਰਾ ਪਸ਼ੂਆਂ ਨੂੰ ਫੜ੍ਹਨ ਦਾ ਕੰਮ ਲਿਆ ਜਾ ਰਿਹਾ ਹੈ।

ਕਿਉਂ ਜ਼ੋ ਇਨ੍ਹਾਂ ਕਰਮਚਾਰੀਆਂ ਨੂੰ ਦਿੱਤੀ ਜਾ ਰਹੀ ਤਨਖਾਹ ਦੀ ਅਦਾਇਗੀ ਪੰਜਾਬ ਸਰਕਾਰ ਵੱਲੋ ਫਿਕਸ ਕੀਤੇ ਪੁਰਾਣੇ ਡੀ.ਸੀ. ਰੇਟ 7852.17/- ਅਨੁਸਾਰ ਕੀਤੀ ਜਾ ਰਹੀ ਸੀ। ਪਰ ਹੁਣ ਸਰਕਾਰ ਦੇ ਪੱਤਰ ਨੰ: ਸ.ਟ./28009 ਮਿਤੀ : 23.10.2018 ਰਾਹੀ ਅਰਧ ਸਿੱਖਿਅਤ ਕਰਮਚਾਰੀਆਂ ਦੇ ਸੋਧੇ ਹੋਏ ਰੇਟ ਰੁਪਏ: 8857.71 ਪ੍ਰਤੀ ਮਹੀਨਾ ਦੇ ਹਿਸਾਬ ਨਾਲ ਇਨ੍ਹਾਂ ਪੰਜ ਕਰਮਚਾਰੀਆਂ ਨੂੰ 8857.71×5 = 44289 × 12 = **5,31,468**/- ਅਤੇ ਇੰਮਲਾਇਰ ਸ਼ੇਅਰ ਵੱਜੋ ਈ.ਪੀ.ਐਫ 13.61% ਅਤੇ ਈ.ਐਸ.ਆਈ 4.75% ਅਨੁਸਾਰ 8857.71 × 13.61% = 1206 ਅਤੇ ਈ.ਐਸ.ਆਈ. 8857.71 × 4.75% = 421 ਕੁੱਲ 1627 × 5 = 8135 × 12 = 97620/- ਤਨਖਾਹ ਦੇਣੀ ਬਣਦੀ ਹੈ। ਇਸ ਲਈ ਮਿਤੀ : 12.06.2019 ਤੋਂ 11.06.2020 ਤੱਕ ਇਹਨਾਂ ਪੰਜ ਕਰਮਚਾਰੀਆਂ ਪਾਸੋਂ ਕੰਮ ਲੈਣ ਅਤੇ ਇੱਕ ਸਾਲ ਲਈ ਦਿੱਤੀ ਜਾਣ ਵਾਲੀ ਤਨਖਾਹ 531468 + 97620 = 6,29,088/- ਦੀ ਪ੍ਰਵਾਨਗੀ ਮਾਨਯੋਗ ਹਾਊਸ ਤੋਂ ਪ੍ਰਾਪਤ ਕਰਨ ਲਈ ਰਿਪੋਰਟ ਪੇਸ਼ ਹੈ। ਸੰਯੁਕਤ ਕਮਿਸ਼ਨਰ(ਐਚ) ਵਲੋਂ ਮਿਤੀ 20.6.2019 ਰਾਹੀਂ ਲਿਖਿਆ ਹੈ ਕਿ ਆਵਾਰਾ ਪਸੂ ਫੜ ਕੇ ਨਿਸ਼ਚਿਤ ਗਊਸ਼ਾਲਾਵਾਂ ਵਿੱਚ ਪਹੁੰਚਾਉਣ ਦਾ ਕੰਮ ਠੇਕੇ ਤੇ ਦਿੱਤਾ ਜਾਣਾ ਯੋਗ ਹੋਵੇਗਾ ਜਿਸ ਲਈ ਬਕਾਇਦਾ ਟੈਂਡਰ ਲਗਾ ਕੇ ਅਗਲੇਰੀ ਕਾਰਵਾਈ ਹਿੱਤ ਪ੍ਰਵਾਨਗੀ ਲਈ ਪੇਸ਼ ਹੈ।ਕਮਿਸ਼ਨਰ ਜੀ ਨੇ ਮਿਤੀ 21.6.2019 ਰਾਹੀਂ ਸਹਿਮਤੀ ਪ੍ਰਗਟਾਈ ਹੈ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 27.6.2019 ਰਾਹੀਂ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:25

ਵਿਸ਼ਾ :- ਸਾਲ 2019-20 ਦੇ ਲਈ ਕਸੀ ਹੈਂਡਲ ਸਮੇਤ (ਤਿਕੌਣੀ/ਚੌਰਸ) ਬੇਲਚਾ, ਪੰਜਾ, ਤਸਲਾ ਜਿਸਤੀ, ਫੰਜ਼ਰ, ਟੋਕਰੀਆਂ ਅਤੇ ਰੱਸੇ ਦੀ ਖਰੀਦ ਕਰਨ ਬਾਰੇ।

ਪੜ੍ਹਿਆ ਨੋਟ ਸਿਹਤ ਸ਼ਾਖਾ ਜਿਸ ਨਾਲ ਸਹਾਇਕ ਸਿਹਤ ਅਫ਼ਸਰ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਸਫਾਈ ਦੇ ਹਿੱਤ ਨੂੰ ਮੁੱਖ ਰਖਦੇ ਹੋਏ ਅਤੇ ਸ਼ਹਿਰ ਵਿੱਚ ਵੱਖ-2 ਵਾਰਡਾਂ ਤੋਂ ਕੂੜਾ ਕਰਕਟ ਚੁਕਣ ਲਈ ਕਸੀ (ਤਿਕੋਣੀ/ਚੌਰਸ) ਹੈਂਡਲ ਸਮੇਤ, ਬੇਲਚਾ, ਪੰਜਾ, ਤਸਲਾ ਜਿਸਤੀ, ਫੰਜ਼ਰ, ਟੋਕਰੀਆਂ, ਰੱਸਾ ਦੀ ਸ਼ਹਿਰ ਦੇ 80 ਵਾਰਡਾਂ ਹਲਕਾ ਸੈਨੇਟਰੀ ਇੰਸਪੈਕਟਰ/ਚੀਫ ਸੈਨੇਟਰੀ ਇੰਸਪੈਕਟਰ ਵਲੋ ਮੰਗ ਕੀਤੀ ਗਈ ਹੈ ਜ਼ੋ ਹੇਠ ਲਿਖੇ ਅਨੁਸਾਰ ਹੈ :-

ਲੜੀ ਨੰ:	ਦਫਤਰ ਲਈ ਸਮਾਨ	ਇਕ ਸਾਲ ਲਈ ਸਮਾਨ ਦੀ ਗਿਣਤੀ	ਪਰ ਪੀਸ ਦਾ ਰੇਟ	ਖਰਚਾ
1.	ਕਹੀਆਂ (ਤਿਕੋਣੀ/ ਚੌਰਸ) ਸਮੇਤ ਹੈਂਡਲ	1100. ਨਗ	300-ਰੁ:	3,30,000-
2.	ਬੇਲਚਾ ਹੈਵੀ	767 ਨਗ	395-ਰੁ:	3,02,965-
3.	ਰਸਾ (1.50 ਇੰਚ ਮੋਟਾ)	20 ਕਵਿੰਟਲ	14988- ਕਵਿੰਟਲ	2,99,760-
4.	ਤਸਲਾ ਜਿਸਤੀ (ਵਜ਼ਨ 1.50 ਕਿਲੋ)	1392 ਨਗ	150 ਰੁ:	2,08,800-
5.	ਫੰਜ਼ਰ	1182 ਨਗ	85 ਰੁ:	1,00,470-
6.	ਟੋਕਰੀਆਂ ਤੂਤ	3200 ਨਗ	75 ਰੁ:	2,40,000-
7.	ਪੰਜਾ ਹੈਵੀ (10 ਗੇਜ਼) ਸਮੇਤ ਹੈਂਡਲ	795 ਨਗ	300 ਰੁ:	2,38,500-
	ਕੁਲ			**17,20,495-**

ਉਪਰੋਕਤ ਸਮਾਨ ਦੀ ਮੰਗ ਨੂੰ ਮੁੱਖ ਰਖਦੇ ਹੋਏ ਲੜੀ ਨੰ: 1 ਤੋਂ 3 ਦਾ ਅੱਜ ਦਾ ਰੇਟ GEM GOVERNMENT E MARKET PLACE ਵਿੱਚ ਉਪਲਭਧ ਹਨ ਅਤੇ ਇਹਨਾਂ ਦੇ ਰੇਟ GEM GOVERNMENT E MARKET PLACE ਤੋਂ ਲਏ ਗਏ ਹਨ ਅਤੇ ਲੜੀ ਨੰ: 4 ਤੋ 7 ਸਮਾਨ GEM GOVERNMENT E MARKET PLACE ਵਿੱਚ ਉਪਲਭਧ ਨਹੀਂ ਹਨ ਜਿਹਨਾਂ ਦਾ ਰੇਟ ਬਜਾਰ ਤੋਂ ਲਏ ਗਏ ਹਨ। ਇਸ ਲਈ ਸ਼ਹਿਰ ਦੇ 80 ਵਾਰਡਾਂ ਦੀ ਸਫਾਈ ਦੇ ਕੰਮ ਨੂੰ ਦੇਖਦੇ ਹੋਏ ਇਹ ਸਮਾਨ ਦੇਣਾ ਜਰੂਰੀ ਹੈ। ਇਸ ਲਈ ਸਾਲ 2019-20 ਲਈ ਸਮਾਨ ਦੀ ਖਰੀਦ ਕਰਣ ਵਾਸਤੇ ਰੁਪਏ 17,20,495/- (ਸਤਾਰਾਂ ਲੱਖ ਵੀਹ ਹਜ਼ਾਰ ਚਾਰ ਸੌ ਪਚਾਨਵੇ ਰੁਪਏ) ਦਾ ਖਰਚਾ ਆਵੇਗਾ ਅਤੇ ਇਸ ਉਪਰ ਦੇਣ ਯੋਗ ਜੀ.ਐਸ.ਟੀ. ਸਮੇਂ ਅਨੁਸਾਰ ਅਲਗ ਤੋਂ ਹੋਵਗਾ।ਇਹ ਖਰਚ ਕਰਨ ਲਈ ਮਾਨਯੋਗ ਹਾਊਸ ਦੀ ਪ੍ਰਵਾਨਗੀ ਲੋੜੀਦੀ ਹੈ। ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 4.4.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 4.4.19 ਰਾਹੀਂ ਪਿਛਲੀ ਖ਼ਰੀਦ ਦੀ ਡਿਟੇਲ ਅਤੇ ਸਟੋਰ ਵਿੱਚ ਬਕਾਇਆ ਸਮਾਨ ਸਬੰਧੀ ਪੁੱਛਿਆ। ਜਿਸ ਸਬੰਧੀ ਸਾਲ 2016-17 ਰਾਹੀ ਖਰੀਦ ਕੀਤੇ ਗਏ ਸਮਾਨ ਜ਼ੋ ਸਟਾਕ ਬੁੱਕਸ ਦੀ ਫੋਟੋ ਕਾਪੀ ਪੇਸ਼ ਕੀਤੀ ਗਈ ਜਿਸ ਵਿੱਚ ਕੱਸੀ ਸਮੇਤ ਹੈਂਡਲ 1500 ਪੀਸ, ਟੋਕਰਾ 510 ਪੀਸ, ਬੇਲਚਾ 450 ਪੀਸ, ਤਸਲਾ 750 ਪੀਸ, ਪੰਜਾ 500 ਪੀਸ, ਖਰੀਦ ਕੀਤੇ ਗਏ ਸਨ। ਜਿਹਨਾਂ ਵਿੱਚੋ ਕੱਸੀ ਤਿਕੌਣੀ ਇਸ ਵਕਤ ਸਟਾਕ ਰਜਿਸਟਰ ਸਾਲ 2019-20 ਵਿੱਚੋ 356 ਪੀਸ ਬਕਾਇਆ ਹਨ ਅਤੇ ਬਾਕੀ ਸਮਾਨ ਖਤਮ ਹੋ ਚੁੱਕਾ ਹੈ। ਜ਼ੋ ਖਰੀਦ ਕਰਨਾ ਜਰੂਰੀ ਹੈ। ਸਿਹਤ ਅਫ਼ਸਰ ਨੇ ਮਿਤੀ : 6.8.2019 ਰਾਹੀ ਉਪਰੋਕਤ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ : 6.8.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।ਮਾਣਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ : 8.8.2019 ਉਕਤ ਤਖ਼ਮੀਨੇ ਨੂੰ ਮਾਣਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਹੈ ।

ਤਖ਼ਮੀਨਾ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 26

ਵਿਸ਼ਾ:- ਨਗਰ ਨਿਗਮ ਜਲੰਧਰ ਲਈ 30 ਡਰਾਇਵਰ ਪੈਸਕੋ ਤੋਂ ਆਊਟ ਸੋਰਸ ਰਾਹੀਂ ਰੱਖਣ ਬਾਰੇ।

ਪੜ੍ਹਿਆ ਨੋਟ ਸੁਪਰਡੰਟ ਵਰਕਸ਼ਾਪ ਮਿਤੀ 18.1.2019 ਜਿਸ ਨਾਲ ਕਾਰਜਕਾਰੀ ਇੰਜੀਨੀਅਰ (ਵ) ਨੇ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਜਲੰਧਰ ਦੀ ਵਰਕਸ਼ਾਪ ਲੰਮਾ ਪਿੰਡ ਵਿਖੇ ਇਸ ਸਮੇਂ 9 ਅਸ਼ੋਕਾ ਲੈਂਲੇਡ ਦੋਸਤ ਗੱਡੀਆਂ ਖੜ੍ਹੀਆਂ ਹਨ। ਇਹਨਾਂ ਦੀ ਫੈਬਰੀਕੇਸ਼ਨ ਕਰਨ ਉਪਰੰਤ ਇਹਨਾਂ ਗੱਡੀਆਂ ਨੂੰ ਵੱਖ-ਵੱਖ ਵਾਰਡਾਂ ਵਿੱਚ ਕੂੜਾ ਚੁੱਕਣ ਲਈ ਵਰਤੋਂ ਵਿੱਚ ਲਿਆਂਦਾ ਜਾਵੇਗਾ।ਇਸ ਤੋਂ ਇਲਾਵਾ ਨਗਰ ਨਿਗਮ ਵੱਲੋਂ 20 ਹੋਰ ਨਵੀਆਂ ਗੱਡੀਆਂ ਦੀ ਖਰੀਦ ਕਰਨ ਦੀ ਸੰਭਾਵਨਾ ਹੈ। ਇਹਨਾਂ ਗੱਡੀਆਂ ਨੂੰ ਚਲਾਉਣ ਲਈ ਲਗਭਗ 30 ਡਰਾਇਵਰਾਂ ਦੀ ਲੋੜ ਹੈ। ਆਊਟ ਸੋਰਸ ਤੇ ਡਰਾਇਵਰ ਰੱਖਣ ਤੇ ਸਾਲਾਨਾ 37,19,880/- ਰੁਪਏ ਖਰਚਾ ਆਉਣ ਦੀ ਸੰਭਾਵਨਾ ਹੈ। ਇਹ ਡਰਾਈਵਰ ਪੰਜਾਬ ਸਰਕਾਰ ਦੀ ਮੰਜੂਰਸ਼ੁਦਾ ਏਜੰਸੀ ਪੈਸਕੋ ਤੋਂ ਆਊਟ ਸੋਰਸ ਰਾਹੀਂ ਰੱਖਣ ਲਈ ਹਾਊਸ ਤੋਂ ਪ੍ਰਵਾਨਗੀ ਲੋੜੀਂਦੀ ਹੈ।ਸੰਯੁਕਤ ਕਮਿਸ਼ਨਰ (ਏ) ਅਤੇ ਕਮਿਸ਼ਨਰ ਜੀ ਨੇ ਮਿਤੀ 18.1.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 21.1.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 27

ਵਿਸ਼ਾ:- ਨਗਰ ਨਿਗਮ ਜਲੰਧਰ ਵੱਲੋਂ 6 Innova ਗੱਡੀਆਂ Outsource ਤੇ ਲੈਣ ਸਬੰਧੀ।

ਪੜਿਆ ਨੋਟ ਵਰਕਸ਼ਾਪ ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਵਰਕਸ਼ਾਪ) ਨੇ ਸਿਫਾਰਸ਼ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੀ ਹੱਦ ਦੇ ਅੰਦਰ ਜਰੂਰੀ ਸੇਵਾਵਾਂ ਪ੍ਰਦਾਨ ਕਰਨਾ ਜਿਵੇ ਕਿ ਲੋਕਾਂ ਨੂੰ ਪੀਣ ਵਾਲੀ ਪਾਣੀ ਮੁਹੱਈਆ ਕਰਵਾਉਣਾ, ਸ਼ਹਿਰ ਵਿੱਚ ਸਫਾਈ ਕਰਵਾਉਣਾ, ਸੀਵਰੇਜ਼ ਦਾ ਰੱਖ-ਰਖਾਵ ਅਤੇ ਸ਼ਹਿਰ ਵਿੱਚ ਸੜਕਾਂ ਦਾ ਰੱਖ-ਰਖਾਵ ਕਰਵਾਉਣਾ ਮੁੱਖ ਹੈ। ਸ਼ਹਿਰ ਵਿੱਚ ਸੜਕਾਂ ਦਾ ਰੱਖ-ਰਖਾਵ ਕਰਵਾਉਣ ਲਈ ਇਸ ਸਮੇਂ ਨਗਰ ਨਿਗਮ ਵਿੱਚ ਇਸ ਸਮੇਂ ਪੰਜ ਕਾਰਜਕਾਰੀ ਇੰਜੀਨਿਅਰ ਅਤੇ ਦੋ ਨਿਗਰਾਨ ਇੰਜੀਨਿਅਰ ਕੰਮ ਕਰ ਰਹੇ ਹਨ। ਇਨ੍ਹਾਂ ਅਧਿਕਾਰੀਆਂ ਨੂੰ ਸਮੇਂ-ਸਮੇਂ ਤੇ ਨਗਰ ਨਿਗਮ ਦੇ ਵਿਕਾਸ ਦੇ ਕੰਮਾਂ ਨੂੰ ਚੈਕ ਕਰਨ ਲਈ ਅਤੇ ਵਿਕਾਸ ਦੀਆਂ ਸਮੇਂ-ਸਮੇਂ ਲਈ ਹੋਣ ਵਾਲੀਆਂ ਮੀਟਿੰਗਾਂ ਲਈ ਚੰਡੀਗੜ੍ਹ ਜਾਣਾ ਪੈਂਦਾ ਹੈ। ਇਸ ਸਮੇਂ ਜ਼ੋ ਗੱਡੀਆਂ ਇਸ ਅਧਿਕਾਰੀਆਂ ਪਾਸ ਹਨ, ਉਹ ਕਾਫੀ ਪੁਰਾਣੀਆਂ ਹੋ ਚੁੱਕੀਆਂ ਹਨ ਅਤੇ ਮਿੱਥੇ ਗਏ ਕਿਲੋਮੀਟਰ ਤੋ ਜਿਆਦਾ ਚੱਲ ਚੁੱਕੀਆਂ ਹਨ।

ਇਸ ਸਬੰਧੀ ਵਿੱਚ ਆਪ ਜੀ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਨਗਰ ਨਿਗਮ ਦੇ ਆਮਦਨ ਅਤੇ ਖਰਚੇ ਸਬੰਧੀ ਬਜਟ ਪਾਸ ਕਰਨ ਲੱਗਿਆ ਸਰਕਾਰ ਵੱਲੋ ਹਰ ਸਾਲ ਇਹ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਸਰਕਾਰ ਦੀ ਪੂਰਵ ਪ੍ਰਵਾਨਗੀ ਤੋ ਬਿਨ੍ਹਾਂ ਕੋਈ ਵੀ ਵਹੀਕਲ ਨਾ ਖਰੀਦਿਆ ਜਾਵੇ। ਕਿਉ ਜ਼ੋ ਨਗਰ ਨਿਗਮ ਦੀ ਮਾਲੀ ਹਾਲਤ ਮਾਲੀ ਹਾਲਤ ਵੀ ਠੀਕ ਨਹੀਂ ਹੈ ਅਤੇ ਨਗਰ ਨਿਗਮ ਵੱਲੋ ਆਪਣੇ ਕਰਮਚਾਰੀਆਂ ਨੂੰ ਤਨਖਾਹ, ਬਿਜਲੀ ਦੇ ਬਿੱਲ ਆਦਿ ਦੇਣ ਵਿੱਚ ਵੀ ਦਿੱਕਤ ਪੇਸ਼ ਆ ਰਹੀ ਹੈ। ਇਸ ਲਈ ਇਹ ਤਜਵੀਜ ਕੀਤਾ ਜਾਂਦਾ ਹੈ ਕਿ ਅਧਿਕਾਰੀਆਂ ਵੱਲੋ ਆਪਣੀ ਡਿਊਟੀ ਨਿਭਾਉਣ ਲਈ 6 Innova ਗੱਡੀਆਂ Outsource ਰਾਹੀਂ ਉਪਲੱਬਧ ਕਰਵਾਈਆਂ ਜਾਣ ਅਤੇ ਇਸ ਸਬੰਧੀ ਟੈਂਡਰ ਦੀ ਜ਼ੋ ਵੀ ਪ੍ਰਕਿਰਿਆ ਹੈ ਉਸਨੂੰ ਨੇਪੜੇ ਚੜਾਉਣ ਤੋ ਬਾਅਦ ਇਨ੍ਹਾਂ ਅਧਿਕਾਰੀਆਂ ਨੂੰ 6 Innova ਗੱਡੀਆਂ Outsource ਰਾਹੀਂ ਕਿਰਾਏ ਤੇ ਲੈਣ ਵਾਸਤੇ ਲੋੜੀਂਦੀ ਪ੍ਰਵਾਨਗੀ ਦਿੱਤੀ ਜਾਵੇ। The rough cost of estimate comes to Rs. 24.00 lacs, the approval of which may also be sought from House pl. ਹਾਊਸ ਦੀ ਪੂਰਵ ਪ੍ਰਵਾਨਗੀ ਲਈ ਰਿਪੋਰਟ ਪੇਸ਼ ਹੈ । ਕਮਿਸ਼ਨਰ ਜੀ ਨੇ ਮਿਤੀ 30.8.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ 10.9.2019 ਰਾਹੀਂ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਰੱਦ ਕੀਤੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 28

ਵਿਸ਼ਾ :- ਓ.ਐਂਡ.ਐਮ. ਸ਼ਾਖਾ ਦੀ ਸੀਵਰ ਜੈਟਿੰਗ ਮਸ਼ੀਨ ਨੰ: ਪੀ.ਬੀ.08-ਸੀ.ਬੀ-9594 ਅਤੇ ਵਾਸ਼ਿੰਗ ਬੁਆਏ ਦੀ ਬਣਦੀ ਤਨਖਾਹ ਦੇਣ ਬਾਰੇ।

ਪੜ੍ਹਿਆ ਦਫਤਰੀ ਨੋਟ ਵਰਕਸ਼ਾਪ ਸ਼ਾਖਾ ਜਿਸ ਦੀ ਸੁਪਰਡੰਟ ਵਰਕਸ਼ਾਪ ਨੇ ਮਿਤੀ 18.7.2019 ਰਾਹੀਂ ਸ਼ਿਫਾਰਸ਼ ਕੀਤੀ ਹੈ ਕਿ ਨਗਰ ਨਿਗਮ ਦੀ ਓ.ਐਂਡ.ਐਮ. ਸ਼ਾਖਾ ਦੀ ਸੀਵਰ ਜੈਟਿੰਗ ਮਸ਼ੀਨ ਨੰ: ਪੀ.ਬੀ.08-ਸੀ.ਬੀ-9594 ਅਤੇ ਵਾਸ਼ਿੰਗ ਬੁਆਏ ਦਾ ਕੰਟਰੈਕਟ ਮਿਤੀ : 20-07-2017 ਨੂੰ ਖਤਮ ਹੋ ਚੁੱਕਾ ਹੈ। ਕਿਉਕਿ ਇਹ ਸ਼ਹਿਰ ਵਿੱਚ ਸੀਵਰੇਜ਼ ਦੀ ਸਫਾਈ ਦਾ ਮੁੱਖ ਕੰਮ ਕਰਦੀ ਹੈ। ਇਸ ਲਈ ਕੰਮ ਰੋਕਿਆ ਨਹੀਂ ਜਾ ਸਕਦਾ ਸੀ। ਇੱਥੇ ਇਹ ਦੱਸਣਯੋਗ ਹੋਵੇਗਾ ਕਿ ਇਸ ਦਾ 2 ਬਾਰ ਟੈਂਡਰ ਲਗਾਇਆ ਗਿਆ ਸੀ, ਪਰ ਕਿਸੇ ਵੀ ਫਰਮ ਵੱਲੋ ਇਸ ਦਾ ਟੈਂਡਰ ਨਹੀਂ ਭਰਿਆ ਗਿਆ ਸੀ। ਪਰ ਇਹ ਕੰਮ ਜਰੂਰੀ ਹੋਣ ਕਾਰਨ ਇਨ੍ਹਾਂ ਪਾਸੋਂ ਕੰਮ ਲਿੱਤਾ ਜਾਂਦਾ ਰਿਹਾ ਹੈ। ਇਸ ਸਬੰਧ ਵਿੱਚ ਕਈ ਬਾਰ ਯੂਨੀਅਨ ਵੱਲੋ ਵੀ ਰੋਸ਼ ਪ੍ਰਗਟ ਕੀਤਾ ਗਿਆ ਹੈ ਕਿ ਇਹਨਾਂ ਦੀ ਬਣਦੀ ਤਨਖਾਹ ਨਹੀਂ ਦਿੱਤੀ ਗਈ ਹੈ। ਇਸ ਕਰਕੇ ਤਜਵੀਜ਼ ਕੀਤੀ ਜਾਂਦੀ ਹੈ ਕਿ ਇਹਨਾਂ ਦੀ ਬਣਦੀ ਤਨਖਾਹ ਮਿਤੀ : 21.07.2017 ਤੋਂ 31.10.2018 ਤੱਕ ਇਨ੍ਹਾਂ ਨੂੰ ਦਿੱਤੀ ਜਾਵੇ। ਇਸ ਤਰ੍ਹਾਂ ਸੀਵਰ ਜੈਟਿੰਗ ਮਸ਼ੀਨ ਨੰ: ਪੀ.ਬੀ.08-ਸੀ.ਬੀ-9594 ਦੀ ਤਨਖਾਹ ਡੀ.ਸੀ. ਰੇਟਾਂ ਅਨੁਸਾਰ (ਠੇਕੇਦਾਰ ਰਾਹੀਂ) 10332.50/- ਸਮੇਤ ਈ.ਐਸ.ਆਈ. ਈ.ਪੀ.ਐਫ. ਬਣਦੀ ਹੈ। ਇਸ ਤਰ੍ਹਾਂ ਕੁੱਲ ਤਨਖਾਹ (15 ਮਹੀਨੇ 11 ਦਿਨ) 1,58,771/- ਬਣਦੀ ਹੈ। ਇਸੇ ਤਰ੍ਹਾਂ ਵਾਸ਼ਿੰਗ ਬੁਆਏ ਦੀ ਤਨਖਾਹ ਡੀ.ਸੀ. ਰੇਟਾਂ ਅਨੁਸਾਰ (ਠੇਕੇਦਾਰ ਰਾਹੀ) 7624/- ਸਮੇਤ ਈ.ਐਸ.ਆਈ. ਈ.ਪੀ.ਐਫ. ਬਣਦੀ ਹੈ। ਇਸ ਤਰ੍ਹਾਂ ਵਾਸ਼ਿੰਗ ਬੁਆਏ ਦੀ ਕੁੱਲ ਤਨਖਾਹ (15 ਮਹੀਨੇ 11 ਦਿਨ) 1,17,154/- ਬਣਦੀ ਹੈ। ਇਸ ਤਰ੍ਹਾਂ ਸੀਵਰ ਜੈਟਿੰਗ ਮਸ਼ੀਨ ਨੰ: ਪੀ.ਬੀ.08-ਸੀ.ਬੀ-9594 ਅਤੇ ਵਾਸ਼ਿੰਗ ਬੁਆਏ ਦੀ ਤਨਖਾਹ 158771+117154 = 275925/- ਬਣਦੀ ਹੈ।

ਉਪਰੋਕਤ ਤਜਵੀਜ਼ ਸੀਵਰ ਜੈਟਿੰਗ ਮਸ਼ੀਨ ਨੰ: ਪੀ.ਬੀ.08-ਸੀ.ਬੀ-9594 ਅਤੇ ਵਾਸ਼ਿੰਗ ਬੁਆਏ ਦੀ ਕੁੱਲ ਤਨਖਾਹ (15 ਮਹੀਨੇ 11 ਦਿਨ) 2,75,925/- ਬਣਦੀ ਹੈ । ਇਹ ਤਨਖਾਹ ਦੇਣ ਲਈ ਮਾਨਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ ਹੈ। ਜਿਸ ਨਾਲ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਅਤੇ ਨਿਗਰਾਨ ਇੰਜੀਨੀਅਰ ਨੇ ਸਹਿਮਤੀ ਹਸਤਾਖਰ ਕੀਤੇ ਹਨ। ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 24.7.19 ਅਤੇ ਕਮਿਸ਼ਨਰ ਜੀ ਨੇ ਮਿਤੀ 25.7.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 27.7.2019 ਰਾਹੀਂ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਸ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 29

ਵਿਸ਼ਾ :- ਫੈਬਰੀਕੇਸ਼ਨ ਆਫ ਵਾਟਰ ਟੈਂਕ ਕਪੈਸਟੀ 12000 ਲੀਟਰ ਫਾਰ ਵਹੀਕਲ ਨੰਬਰ ਪੀ.ਬੀ.08.ਪੀ.9709 ਆਫ ਫਾਇਰ ਬ੍ਰਿਗੇਡ।

ਤਖਮੀਨਾ ਰੁਪਏ : 4,47,000/-

ਪੜ੍ਹਿਆ ਨੋਟ ਵਰਕਸ਼ਾਪ ਸ਼ਾਖਾ ਜਿਸ ਤੇ ਸੁਪਰਡੰਟ (ਵਰਕਸ਼ਾਪ) ਨੇ ਸ਼ਿਫਾਰਸ਼ ਕੀਤੀ ਹੈ ਕਿ ਫਾਇਰ ਬ੍ਰਿਗੇਡ ਅਧੀਨ ਚੱਲ ਰਹੀ ਗੱਡੀ ਨੰਬਰ ਪੀ.ਬੀ.08.ਪੀ.9709 ਦਾ ਟੈਂਕ ਕਾਫੀ ਥਾਵਾਂ ਤੋਂ ਲੀਕ ਹੋ ਰਿਹਾ ਹੈ। ਇਸ ਦੇ ਲੀਕ ਹੋਣ ਕਾਰਨ ਬਾਰ-ਬਾਰ ਇਸ ਵਿੱਚ ਪਾਣੀ ਭਰਨ ਦੇ ਬਾਵਜੂਦ ਇਹ ਜਲਦੀ ਖਾਲੀ ਹੋ ਜਾਂਦਾ ਹੈ। ਇਸ ਲਈ ਫਾਇਰ ਬ੍ਰਿਗੇਡ ਦੇ ਕੰਮਾਂ ਨੂੰ ਮੁੱਖ ਰੱਖਦੇ ਹੋਏ ਗੱਡੀ ਨੰਬਰ ਪੀ.ਬੀ.08.ਪੀ.9709 ਤੇ ਨਵੇਂ ਵਾਟਰ ਟੈਂਕ ਦੀ ਫੈਬਰੀਕੇਸ਼ਨ ਦਾ ਕੰਮ ਕਰਵਾਉਣ ਲਈ ਮਾਰਕਿਟ ਵਿੱਚੋ ਕੁਟੇਸ਼ਨਾਂ ਮੰਗੀਆਂ ਗਈਆਂ ਅਤੇ ਪ੍ਰਾਪਤ ਹੋਈਆਂ ਕੁਟੇਸ਼ਨਾਂ ਅਨੁਸਾਰ ਗੱਡੀ ਨੰਬਰ ਪੀ.ਬੀ.08.ਪੀ.9709 ਤੇ ਵਾਟਰ ਟੈਂਕ ਦੀ ਫੈਬਰੀਕੇਸ਼ਨ ਦਾ ਕੰਮ ਕਰਵਾਉਣ ਲਈ ਤਖਮੀਨਾਂ ਰੁਪਏ : 4,47,000/- ਦਾ ਤਿਆਰ ਕੀਤਾ ਗਿਆ ਹੈ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਇਹ ਫਾਇਰ ਬ੍ਰਿਗੇਡ ਦਾ ਕੰਮ ਹੈ। ਫਾਇਰ ਬ੍ਰਿਗੇਡ ਇੱਕ ਅਪਾਤਕਾਲੀਨ ਸੇਵਾਵਾ ਹਨ। ਜਿਸ ਕਾਰਨ ਇਸ ਵਿੱਚ ਦੇਰੀ ਕਰਨਾ ਉਚਿੱਤ ਨਹੀਂ ਹੋਵੇਗਾ। ਇਸ ਲਈ ਮਾਣਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਲੋੜੀਂਦੀ ਹੈ। ਸੰਯੁਕਤ ਕਮਿਸ਼ਨਰ (ਏ) ਅਤੇ ਕਮਿਸ਼ਨਰ ਜੀ ਨੇ ਮਿਤੀ : 24.07.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਣਯੋਗ ਮੇਅਰ ਜੀ ਨੇ ਮਿਤੀ : 2.08.2019 ਰਾਹੀ ਉਕਤ ਤਖਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜ਼ੂਰ ਕੀਤਾ ਹੈ।

ਤਖਮੀਨਾ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 30

ਵਿਸ਼ਾ:- ਵਰਕਸ਼ਾਪ ਸ਼ਾਖਾ ਦੇ ਵੱਖ-ਵੱਖ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਵਰਕਸ਼ਾਪ ਸ਼ਾਖਾ, ਨਗਰ ਨਿਗਮ ਜਲੰਧਰ ਵੱਲੋਂ ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਨਾਲ ਸਬੰਧਤ ਹੈਲਥ ਸ਼ਾਖਾ ਲਈ ਮਸ਼ੀਨਰੀ ਆਦਿ ਦੇ ਕੰਮਾਂ ਦੇ ਤਖਮੀਨੇ ਵਿਭਾਗੀ ਮੰਗਾਂ ਨੂੰ ਮੁੱਖ ਰਖਦੇ ਹੋਏ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਅਤੇ ਰੱਖ ਰਖਾਵ ਵਾਲੇ ਕੰਮਾਂ ਦੇ ਲਈ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਵਰਕਸ਼ਾਪ) ਅਤੇ ਮਾਨਯੋਗ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਮੇਅਰ ਜੀ ਨੇ ਇਹਨਾਂ ਤਖ਼ਮੀਨਿਆਂ ਦੀ ਮੰਜੂਰੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਹੈ ।

ਲੜੀ ਨੰ:	ਕੰਮ ਦਾ ਨਾਂ	ਤਖਮੀਨਾ ਰੁਪਏ
1	Supply of Garbage Hoppers of 2.2 cum capacity with centre partition on Ashok Leyland Dost Cabin Chassis	18,80,000/-
2	ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿਚੋਂ ਕੂੜਾ ਚੁੱਕਣ ਲਈ 21 ਟਰੈਕਟਰ ਟਰਾਲੀਆਂ ਸਮੇਤ ਲੇਬਰ 5 ਮਹੀਨਿਆਂ ਵਾਸਤੇ ਕਿਰਾਏ ਤੇ ਲੈਣ ਬਾਰੇ ।	95,98,050/-
3	ਸਿਹਤ ਸ਼ਾਖਾ ਦੇ ਵਾਟਰ ਸਪਲਿੰਕਰ ਨੰ: PB08-BL-8527 ਅਤੇ PB08-BL-8599 ਦੇ ਦੋ ਡਰਾਈਵਰਾਂ ਦੀ ਬਣਦੀ ਤਨਖਾਹ ਸਮਾਂ 25.10.2016 ਤੋਂ 31.10.2018 ਤੱਕ ਦੀ ਦੇਣ ਬਾਰੇ।	5,00,776/-
4	ਸਿਹਤ ਸ਼ਾਖਾ ਦੀ ਗੱਡੀ ਨੰ: PB08-BK-8092 ਦੀ ਰਿਪੇਅਰ ਕਰਵਾਉਣ ਬਾਰੇ ।	1,35,967/-
5	ਨਗਰ ਨਿਗਮ, ਵਰਕਸ਼ਾਪ ਲੰਮਾ ਪਿੰਡ ਵਿਖੇ ਪੀਣ ਵਾਲੇ ਪਾਣੀ ਦਾ ਵਾਟਰ ਕੂਲਰ ਦੀ ਖਰੀਦ ਕਰਨ ਬਾਰੇ।	32,400/-
6	ਨਗਰ ਨਿਗਮ ਦੇ ਵੱਖ-ਵੱਖ ਵਹੀਕਲਾਂ ਵਾਸਤੇ ਟਾਇਰ/ਟਿਊਬ ਦੀ ਖਰੀਦ ਕਰਨ ਬਾਰੇ।	22,90,104/-

ਤਖ਼ਮੀਨੇ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 31

ਵਿਸ਼ਾ : – ਮਾਨਯੋਗ ਹਾਈ ਕੋਰਟ ਦੇ ਹੁਕਮ CWP No:8589 of 2019. ਮਿਤੀ: 29/03/ 19 ਰਾਹੀਂ M/s Kakkar Associates Ludhiana ਦੀ ਅਦਾਇਗੀ ਕਰਨ ਸਬੰਧੀ।

ਪੜਿਆ ਨੋਟ ਵਰਕਸ਼ਾਪ ਸ਼ਾਖਾ ਕਿ ਉਪਰੋਕਤ ਵਿਸ਼ੇ ਦੇ ਸਬੰਧੀ M/s Kakkar Associates Ludhiana ਵਲੋਂ 100 ਗਾਰਬੇਜ ਬਿੰਨ (1.1 Capacity) ਮਿਤੀ: 03-08-18 ਨੂੰ ਸਪਲਾਈ ਕੀਤੇ ਗਏ ਸੀ ਜਿਸ ਦਾ ਬਿਲ ਨੰ: 39 ਮਿਤੀ 03-08-18 ਰੁਪਏ : 1590050/- ਪੇਸ਼ ਕੀਤਾ ਗਿਆ ਹੈ।ਇਸ ਸਬੰਧੀ M/s Kakkar Associates Ludhiana ਵਲੋਂ ਮਾਨਯੋਗ ਹਾਈ ਕੋਰਟ ਵਿੱਚ ਅਦਾਇਗੀ ਸਬੰਧੀ ਕੇਸ ਦਾਇਰ ਕੀਤਾ ਗਿਆ ਸੀ। ਇਸ ਸਬੰਧੀ ਮਾਨਯੋਗ ਹਾਈ ਕੋਰਟ ਨੇ ਆਪਣੇ ਹੁੱਕਮ ਮਿਤੀ:29-3-19 ਰਾਹੀਂ ਕੰਪਨੀ ਨੂੰ ਉਸ ਦੀ ਬਣਦੀ ਅਦਾਇਗੀ ਕਰਨ ਦੇ ਹੁੱਕਮ ਕੀਤੇ ਹਨ।ਇਥੇ ਇਹ ਦੱਸਣਯੋਗ ਹੋਵੇਗਾ ਕਿ ਇਸ ਕੰਮ ਦਾ ਵਰਕ ਆਰਡਰ ਪੱਤਰ ਨੰ: 217/ਐਸ.ਈ. (ਡਬਲਯੂ) ਮਿਤੀ: 23-12-2016 ਨੂੰ ਦਿੱਤਾ ਗਿਆ ਸੀ।ਇਹ ਕੰਮ ਐਫ.ਐਂਡ.ਸੀ.ਸੀ. ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਕਮਿਸ਼ਨਰ ਜੀ ਅਤੇ ਮੇਅਰ ਜੀ ਵੱਲੋ ਸਹਿਮਤੀ ਹਸਤਾਖਰ ਮਿਤੀ: 01-08-2016 ਰਾਹੀਂ ਕਰਵਾਇਆ ਗਿਆ ਸੀ।ਇਥੇ ਇਹ ਦੱਸਣਯੋਗ ਹੈ ਕਿ ਕੰਪਨੀ ਵੱਲੋਂ ਸਮਾਨ ਦੀ ਸਪਲਾਈ ਮਿਤੀ: 03-08-2018 ਨੂੰ ਕੀਤੀ ਗਈ ਹੈ।ਕੰਪਨੀ ਨੇ ਆਪਣਾ ਬਿਲ ਨੰ: 39 ਰੁਪਏ 15,90,050/- ਪੇਸ਼ ਕੀਤਾ ਹੈ। ਇਸ ਸਬੰਧੀ ਯੋਗ ਹੁੱਕਮ ਦਿੱਤੇ ਜਾਣ ਜੀ।ਕਮਿਸ਼ਨਰ ਜੀ ਨੇ ਮਿਤੀ 6.6.2019 ਰਾਹੀਂ ਲਿਖਿਆ ਹੈ ਕਿ "S.E.(O&M) to examine and put. Hon'ble Court has directed to take final decision."

ਨਿਗਰਾਨ ਇੰਜੀਨਿਅਰ (ਓ ਐਂਡ ਐਮ) ਨੇ ਮਿਤੀ 11.6.2019 ਰਾਹੀਂ ਰਿਪੋਰਟ ਕੀਤੀ ਹੈ ਕਿ ਪੀ.ਐਮ.ਆਈ.ਡੀ.ਸੀ. ਦੇ ਪੱਤਰ ਨੰ: ਸੀ.ਈ.(ਓ.ਐਂਡ.ਐਮ.):2016:10789 ਮਿਤੀ : 10.06.2016 ਰਾਹੀ ਹੋਰ ਮਸ਼ੀਨਰੀ ਦੇ ਨਾਲ-ਨਾਲ ਨਗਰ ਨਿਗਮ ਨੂੰ 100 ਬਿਨ 1.1 Cum Capacity ਦੇ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਹ ਬਿਨ/ ਮਸ਼ੀਨਰੀ ਐਸ.ਬੀ.ਐਮ. ਦੇ ਫੰਡਾਂ ਦੀ ਗ੍ਰਾਂਟ ਵਿੱਚੋ ਖਰੀਦ ਕੀਤੀ ਜਾਣੀ ਸੀ। ਮੇਅਰ ਨਗਰ ਨਿਗਮ ਵੱਲੋ ਇਸ ਦੀ ਪ੍ਰਵਾਨਗੀ ਮਿਤੀ : 8.07.2016 ਨੂੰ in Anticipiation of House ਦਿੱਤੀ ਗਈ ਸੀ। ਇਸ ਉਪਰੰਤ ਇਸ ਦੀ ਹਾਊਸ ਵੱਲੋ ਹੁਣ ਤੱਕ ਪ੍ਰਵਾਨਗੀ ਨਹੀਂ ਲਈ ਗਈ। ਦਫ਼ਤਰ ਵੱਲੋ ਇਸ ਕੰਮ ਦੇ ਟੈਂਡਰ ਮਿਤੀ : 15.07.2016 ਨੂੰ ਖੋਲੇ ਗਏ ਸਨ। ਟੈਂਡਰ ਦੋ ਫਰਮਾਂ ਵੱਲੋ ਭਰੇ ਗਏ ਸਨ। ਪ੍ਰੰਤੂ ਕੱਕੜ ਐਸੋਸ਼ੀਏਟਸ ਦੇ ਰੇਟ ਘੱਟ ਹੋਣ ਕਾਰਨ ਇਸ ਦਾ ਰੇਟ ਐਫ.ਐਂਡ.ਸੀ.ਸੀ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਸੀ। ਮੇਅਰ ਨਗਰ ਨਿਗਮ ਵੱਲੋ ਡਿਸਕਸ ਕਰਨ ਉਪਰੰਤ ਇਹ ਕੰਮ ਮਿਤੀ : 1.08.2016 ਨੂੰ in Anticipiation approval of F&CC ਪ੍ਰਵਾਨ ਕੀਤਾ ਗਿਆ ਸੀ। ਇਸ ਉਪਰੰਤ ਇਸ ਦੀ ਐਫ.ਐਂਡ.ਸੀ.ਸੀ ਵੱਲੋ ਹੁਣ ਤੱਕ ਪ੍ਰਵਾਨਗੀ ਨਹੀਂ ਲਈ ਗਈ। ਦਫ਼ਤਰ ਵੱਲੋ ਪੱਤਰ ਨੰ: 217/S.E/W. ਮਿਤੀ : 23.12.2016 ਰਾਹੀ ਮੈਸਰਜ਼ ਕੱਕੜ ਐਸੋਸ਼ੀਏਟਸ ਨੂੰ ਵਰਕ ਆਰਡਰ ਜਾਰੀ ਕੀਤਾ ਗਿਆ ਸੀ। ਫਰਮ ਵੱਲੋ ਬਿਨਜ਼ ਦੀ ਸਪਲਾਈ ਕਰਨ ਉਪਰੰਤ ਪੇਮੈਂਟ ਦੀ ਮੰਗ ਕੀਤੀ ਗਈ ਹੈ। ਪ੍ਰੰਤੂ ਕਿਉਂ ਜ਼ੋ ਇਹ ਕੰਮ ਦੀ ਹਾਊਸ ਅਤੇ ਐਫ.ਐਂਡ.ਸੀ.ਸੀ. ਤੋਂ ਪ੍ਰਵਾਨਗੀ ਲੈਣੀ ਬਾਕੀ ਹੈ, ਇਸ ਕਰਕੇ ਬਿੱਲ ਪਾਸ ਨਹੀਂ ਕੀਤਾ ਗਿਆ। ਹੁਣ ਫਰਮ ਵੱਲੋ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ C.W.P.8589 ਆਫ 2019 ਦਾਇਰ ਕੀਤੀ ਸੀ। ਡਿਟੇਲਡ ਰਿਪੋਰਟ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਅਨੁਸਾਰ ਹੁਕਮ ਜਾਰੀ ਕਰਨ ਹਿੱਤ ਪੇਸ਼ ਹੈ ਜੀ।

ਕਮਿਸ਼ਨਰ ਜੀ ਵਲੋਂ ਮਿਤੀ 11.6.2019 ਨੂੰ ਇਸ ਸਬੰਧੀ ਕਾਨੂੰਨੀ ਰਾਏ ਲਈ ਗਈ ਅਤੇ ਲੀਗਲ ਐਡਵਾਈਜ਼ਰ ਨੇ ਮਿਤੀ 13.6.2019 ਰਾਹੀਂ ਹੇਠ ਅਨੁਸਾਰ ਆਪਣੀ ਰਾਏ ਦਿੱਤੀ:

"The documents placed on the file reveals that in this case, the approval of competent authorities i.e Municipal Corporation and Finance and Contract Committee have not been obtained so far even after the lapse of period of two and half years, when the approval was granted in anticipation of the approval of House by the Worthy Commissioner as well as Ld. Mayor. It may be worthwhile to mention here that until and unless the approval of these competent authorities is not sought, the payment can not be made. The officer who has placed supply order to the firm has committed a mistake by placing the supply order to the firm without the approval of competent authority. Therefore, action needs to be taken against the officer for this delinquency. If agreed, Respondent No. 5 i.e Superintending Engineer may be directed to intimate the Petitioner that the payment will be made after observing proper procedure, to avoid any contempt proceedings and also committee of officers as well as councilors may be constituted to find out the way to come over the problem that has cropped up. However, if agreed final decision may be taken after completing required formalities, as per the orders of the Hon'ble High Court.

ਮਾਨਯੋਗ ਕਮਿਸ਼ਨਰ ਜੀ ਵਲੋਂ ਆਪਣੇ ਨੋਟ ਮਿਤੀ 18.6.2019 ਰਾਹੀਂ ਲਿਖਿਆ ਹੈ ਕਿ " The payment has not been done on procedural ground. Submitted for order."

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 19.6.2019 ਰਾਹੀਂ ਉਕਤ ਤਜ਼ਵੀਜ਼ ਨੂੰ ਹਾਊਸ ਦੀ ਪ੍ਰਵਾਨਗੀ ਹਿੱਤ ਰੱਖਣ ਲਈ ਮੰਜ਼ੂਰੀ ਦਿੱਤੀ ਹੈ ਅਤੇ ਨਾਲ ਹੀ ਜਿਸ ਅਧਿਕਾਰੀ ਵਲੋਂ ਅਣਗਹਿਲੀ ਕੀਤੀ ਗਈ ਹੈ, ਬਾਰੇ ਕਾਰਵਾਈ ਕਰਨ ਦੇ ਆਦੇਸ਼ ਵੀ ਦਿੱਤੇ ਗਏ ਹਨ ।

ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 32

ਵਿਸ਼ਾ:- JK A-4 PAPER 75 GSM ਪੇਪਰਾਂ ਦੀ Gem e market place ਵੱਲੋ ਖਰੀਦ ਕਰਨ ਸਬੰਧੀ।

ਪੜ੍ਹਿਆ ਦਫਤਰੀ ਨੋਟ ਸਪਰਡੰਟ ਸਟੋਰ (ਜ) ਜਿਸ ਨਾਲ ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ 27.3.2019 ਰਾਹੀਂ ਸ਼ਿਫਾਰਸ਼ ਕੀਤੀ ਹੈ ਕਿ ਵੱਖ-ਵੱਖ ਬ੍ਰਾਂਚਾ ਵੱਲੋਂ ਏ-4 ਪੇਪਰਾਂ ਦੀ ਮੰਗ ਕੀਤੀ ਜਾ ਰਹੀ ਹੈ। ਸਟਾਕ ਰਜਿਸਟਰ ਮੁਤਾਬਿਕ ਏ 4 ਦੇ 2 ਰਿਮ ਬਕਾਇਆ ਹਨ। ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਰਿਮਾਂ ਦੀ ਖਰੀਦ ਕਰਨੀ ਜਰੂਰੀ ਹੈ। ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਇਹ ਖਰੀਦ ਜੈਮ ਪੋਟਲ ਵਲੋਂ ਕੀਤੀ ਜਾਣੀ ਹੈ। ਇਸ ਸਬੰਧ ਵਿੱਚ ਸਰਕਾਰ ਵੱਲੋ ਜੈਮ ਈ ਮਾਰਕੀਟ ਪਲੇਸ ਤਿਆਰ ਕੀਤਾ ਗਿਆ। ਸਿਸਟਮ ਮੈਨੇਜਰ ਵਲੋਂ ਜੈਮ ਪੋਟਲ ਦੇ ਐਕਸਪਰਟ ਨੂੰ ਬੁਲਾਕੇ 3 ਕੁਟੇਸ਼ਨਾਂ ਲੀਤੀਆ ਗਈਆਂ, ਇਨ੍ਹਾਂ ਪ੍ਰਾਪਤ ਕੁੱਲ 3 ਕੁਟੇਸ਼ਣਾਂ ਵਿੱਚੋ ਸਭ ਤੋਂ ਘੱਟ ਰੇਟ ਅਨਿਲ ਟ੍ਰੇਡਰਸ ਦਾ ਪਾਇਆ ਗਿਆ।ਇਸ ਸਮਾਨ ਦੀ ਖਰੀਦ/ਸਪਲਾਈ ਕਰਨ ਤੇ ਲੱਗਭੱਗ ਰੁਪਏ : 44,800/- ਦਾ ਖਰਚ ਆਵੇਗਾ।ਇਸ ਫਰਮ ਤੋਂ ਜੈਮ ਪੋਟਲ ਰਾਹੀਂ ਸਮਾਨ ਖਰੀਦਣ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਦੀ ਸ਼ਿਫਾਰਸ਼ ਕੀਤੀ ਹੈ।ਸੰਯੁਕਤ ਕਮਿਸ਼ਨਰ (ਏ) ਅਤੇ ਕਮਿਸ਼ਨਰ ਜੀ ਨੇ ਮਿਤੀ : 27.03.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 27.03.2019 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜਤ ਤਖਮੀਨਾ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 33

ਵਿਸ਼ਾ:- JK A-4 PAPER 75 GSM ਪੇਪਰਾਂ ਦੀ ਖਰੀਦ Gem e market place ਵੱਲੋ ਖਰੀਦ ਕਰਨ ਸਬੰਧੀ।

ਪੜ੍ਹਿਆ ਦਫਤਰੀ ਨੋਟ ਸਪਰਡੰਟ ਸਟੋਰ (ਜ) ਜਿਸ ਨਾਲ ਸੰਯੁਕਤ ਕਮਿਸ਼ਨਰ (ਵੀ) ਨੇ ਮਿਤੀ 25.2.2019 ਰਾਹੀਂ ਸ਼ਿਫਾਰਸ਼ ਕੀਤੀ ਹੈ ਕਿ ਵੱਖ-ਵੱਖ ਬ੍ਰਾਂਚਾ ਵੱਲੋ JK A-4 size 75 GSM ਪੇਪਰਾ ਦੀ ਮੰਗ ਕੀਤੀ ਜਾ ਰਹੀ ਹੈ। ਸਰਕਾਰ ਦੀਆਂ ਹਦਾਇਤਾ ਅਨੁਸਾਰ ਇਹ ਖਰੀਦ ਜੈਮ ਪੋਟਲ ਵੱਲੋ ਕੀਤੀ ਜਾਣੀ ਹੈ। ਇਸ ਸਬੰਧ ਵਿੱਚ ਸਰਕਾਰ ਵੱਲੋ ਜੈਮ ਈ ਮਾਰਕੀਟ ਪਲੇਸ ਤਿਆਰ ਕੀਤਾ ਗਿਆ। ਜਿਸ ਅਨੁਸਾਰ 3 ਕੁਟੈਸ਼ਨਾਂ ਪ੍ਰਾਪਤ ਕੀਤੀਆ ਗਈਆ। ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 25-10-2018 ਰਾਂਹੀ ਪ੍ਰਵਾਨਗੀ ਦਿੱਤੀ ਸੀ। ਫਰਮ M/s Modern computers Sarai Sandhu ram Putlighar Amritsar (Pb). ਕੋਲੋ ਸਮਾਨ ਦੀ ਖਰੀਦ ਕਰਨ ਲਈ ਆਰਡਰ ਨੰ: GEMC- 511687736241291 dated 30 Oct 2018 ਜਾਰੀ ਕੀਤਾ ਗਿਆ। ਸੁਪਰਡੰਟ ਸਟੋਰ ਵਲੋ ਸਮਾਨ ਚੈਕ ਕਰਨ ਉਪਰੰਤ ਤਸਦੀਕ ਕੀਤਾ ਹੈ ਕਿ ਸਮਾਨ ਕੁਟੇਸ਼ਨ ਵਿਚ ਦਰਸਾਏ ਰੇਟਾਂ ਅਨੁਸਾਰ ਦਿੱਤਾ ਗਿਆ ਹੈ ਤੇ ਸਪੈਸੀਫਿਕੇਸ਼ਨਾ ਮੁਤਾਬਿਕ ਠੀਕ ਅਤੇ ਤਸਲੀਬਖਸ਼ ਹੈ। ਫਰਮ ਨੇ ਅੰਦਰ ਮਿਆਦ ਸਪਲਾਈ ਕਰਕੇ ਆਪਣੀ ਅਦਾਇਗੀ ਦੀ ਮੰਗ ਕੀਤੀ ਹੈ। ਜਿਸ ਦਾ ਬਿਲ ਨੰਬਰ 819 ਮਿਤੀ 16-Nov -2018 ਹੈ। ਜਿਸ ਦਾ ਅੰਦਰਾਜ ਸਟਾਕ ਰਜਿਸਟਰ ਨੰਬਰ 8 ਅਤੇ ਪੰਨਾ ਨੰ: 66 ਵਿੱਚ ਦਰਜ ਹੈ।ਸਪਲਾਈ ਦੇਣ ਉਪਰੰਤ ਫਰਮ ਨੇ ਆਪਣਾ ਬਿੱਲ ਰੁਪਏ 46,000/- ਦਾ ਪੇਸ਼ ਕੀਤਾ ਹੈ।ਫਰਮ ਨੂੰ ਅਦਾਇਗੀ ਕਰਨ ਦੀ ਪ੍ਰਵਾਨਗੀ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 8-03-2019 ਰਾਹੀਂ ਫਰਮ ਨੂੰ ਅਦਾਇਗੀ ਕਰਨ ਲਈ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਲਈ ਤਜਵੀਜ ਮੇਅਰ ਜੀ ਨੂੰ ਭੇਜੀ ਗਈ। ਮਾਨਯੋਗ ਮੇਅਰ ਜੀ ਨੇ ਮਿਤੀ 8.3.2019 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜਵੀਜ ਤਖਮੀਨਾ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 34

ਵਿਸ਼ਾ :- ਸਾਲ 2019-20 ਲਈ ਸਟੇਸ਼ਨਰੀ ਦੀ ਖਰੀਦ ਕਰਨ ਬਾਰੇ।

ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ 18-01-2019 ਰਾਹੀ ਸਾਲ 2019-20 ਦਾ ਸਲਾਨਾ ਸਟੇਸ਼ਨਰੀ ਦਾ ਤਖਮੀਨਾ ਤਿਆਰ ਕਰਨ ਲਈ ਕਿਹਾ ਗਿਆ ਵੱਖ ਵੱਖ ਸ਼ਾਖਾ ਵਲੋ ਮੰਗ ਆਉਣ ਉਪਰੰਤ ਮਾਰਕਿਟ ਵਿੱਚੋ ਕੁਟੇਸ਼ਨ ਮੰਗਵਾਈ ਗਈ ਜਿਸ ਦੇ ਰੇਟਾਂ ਦੇ ਅਧਾਰ ਤੇ ਤਖਮੀਨਾ ਤਿਆਰ ਕੀਤਾ ਗਿਆ ਸੀ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

S. No.	Description of Item	Quantity	Rate Rupees	Gst extra	Amount Rupees
1	File Cover (Superior as per sample)	6000 No	8.00	18%	56640
2	A-4 Paper (JK Red 75 GSM)	800 Pkt	205	12%	183680
3	Legal Paper (JK Red)	50 Pkt	280	12%	15680
4	Attendence Register (Ledger Paper 100 Sheet)	70 No	108	18%	8921
5	Dispatch Register (8 Dasta Orient Paper)	40 Ps	450	18%	21240
6	Receipt Register (8 Dasta Orient Paper)	40 Ps	450	18%	21240
7	Pilot Pen V-5 (Blue, Green , Red, Black)	200 Ps	62	18%	14632
8	Envelope 9"x4" Printed (Taj Mahal)	3000 No	1.00	18%	3540
9	Flapper 4" (As Per Sample)	1500 No	6.00	18%	10620
10	Gum Paste 150 ML (Kores)	150 No	70	18%	12390
11	Gum Paste Big Bottle (Kores)	5 No	95	18%	561
12	Register I Quire (Orient Paper 60 GSM)	200 No	60	18%	14160
13	Register II Quire (Orient Paper 60 GSM)	200 No	70	18%	16520
14	Slip Pad Big (100 Page as per Sample)	150 No	24	18%	4248
15	Slip Pad Small (100 Page as per sample)	150 No	13	18%	2301
16	Steel Paper Pin (Sarvo or Grace)	100 Pkt	17	18%	2006
17	Stappler (Kangaroo)	25 Ps	38	18%	1121
18	Stappler Pin Small (Kangaroo) 10 No.	20 Pkt	130	18%	3068
19	Photo State MCJ Printed A-4 (JK Red 75 GSM)	100 Pkt	275	18%	32450
20	Tag Small	3000 Ps	0.70	18%	2478
21	ECR Salary Register	35 Ps	490	18%	20237
22	CCR Register	30 Ps	490	18%	17346
23	Stock Register	80 Ps	325	18%	30680
24	Log Books	200 Ps	160	18%	37760
25	G-13	10000	0.8	18%	9440
	TOTAL				**542959**

ਜਨਰਲ ਸਟੋਰ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਰੁ: 5,42,959/-ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਜਿਸ ਦੀ ਪ੍ਰਵਾਨਗੀ ਮਾਨਯੋਗ ਹਾਊਸ ਤੋ ਲੋੜੀਂਦੀ ਹੈ। ਜਿਸ ਤੇ ਸੰਯੁਕਤ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 08-03-19 ਰਾਹੀਂ ਉਪਰੋਕਤ ਤਜਵੀਜ਼ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਹਿੱਤ ਰੱਖਣ ਲਈ ਹਸਤਾਖਰ ਕੀਤੇ ਹਨ। ਮਾਨਯੋਗ ਕਮਿਸ਼ਨਰ ਨੇ ਅਪਣੇ ਨੋਟ ਮਿਤੀ 07-03-19 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਨੇ ਅਪਣੇ ਹੁਕਮ ਮਿਤੀ 07-03-19 ਰਾਂਹੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ।

ਤਖਮੀਨਾ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 35

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਪ੍ਰਥਾ ਅਨੁਸਾਰ ਹਰ ਨਵੇਂ ਹਾਊਸ ਦੇ ਸਾਰੇ ਮੈਬਰਾਂ (ਕੋਸਲਰਾਂ) ਅਤੇ ਅਧਿਕਾਰੀਆ ਦੀ ਗਰੁੱਪ ਫੋਟੋ ਖਿਚਵਾਉਣ, ਫਰੇਮ ਬਣਵਾਉਣ, ਬੈਠਣ ਅਤੇ ਚਾਹ ਪਾਣੀ ਦਾ ਪ੍ਰਬੰਧ ਕਰਵਾਉਣ ਬਾਰੇ।

ਪੜ੍ਹਿਆ ਦਫ਼ਤਰੀ ਨੋਟ ਸਟੋਰ ਜਨਰਲ ਜਿਸ ਤੇ ਸੁਪਰਡੰਟ ਸਟੋਰ ਨੇ ਸਿਫਾਰਿਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮਾਨਯੋਗ ਮੇਅਰ ਜੀ ਵਲੋ ਮਿਤੀ 22-01-2019 ਰਾਹੀ ਆਦੇਸ਼ਾ ਅਨੁਸਾਰ ਸਮੂਹ ਕੋਸਲਰਾਂ ਅਤੇ ਅਧਿਕਾਰੀਆ ਦੀ ਗਰੁੱਪ ਫੋਟੋ ਖਿਚਵਾ ਕੇ ਫੋਟੋ ਫਰੇਮ ਕਰਵਾਉਣ, ਸਮੂਹ ਕੋਸਲਰਾਂ ਦੇ ਬੈਠਣ ਅਤੇ ਚਾਹ ਪਾਣੀ ਦਾ ਪ੍ਰਬੰਧ ਕਰਨ ਲਈ ਕਿਹਾ ਗਿਆ।

ਉਕਤ ਦੀ ਪਾਲਨਾ ਹਿੱਤ ਬਜ਼ਾਰ ਤੋਂ ਕੁਟੇਸ਼ਨਾਂ ਪ੍ਰਾਪਤ ਕੀਤੀਆ ਗਈਆ, ਜਿਨ੍ਹਾਂ ਦੇ ਅਨੁਸਾਰ ਖਰਚਾ ਹੇਠ ਲਿਖੇ ਅਨੁਸਾਰ ਆਉਣ ਦੀ ਸੰਭਾਵਨਾ ਹੈ।

ਲੜੀ ਨੰ:	**ਸਮਾਨ ਦਾ ਵੇਰਵਾ**	**ਤਖਮੀਨਾ**
1	ਫੋਟੋ ਅਤੇ ਫੋਟੋ ਫਰੇਮ ਕਰਵਾਉਣ ਤੇ ਖਰਚਾ	97,200/-
2.	ਰਿਫਰੈਸਮੈਂਟ ਤੇ ਖਰਚਾ	35,000/-
3.	ਟੈਂਟ ਤੇ ਖਰਚਾ	18,128/-
	ਕੁਲ ਖਰਚਾ	**1,50,328/-**

ਕੁਟੇਸ਼ਨਾਂ ਅਨੁਸਾਰ 1,50,328/- ਰੁਪਏ ਖਰਚ ਆਉਣ ਦਾ ਅਨੁਮਾਨ ਹੈ।ਇਸ ਦੀ ਪ੍ਰਵਾਨਗੀ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 82(3) ਅਧੀਨ ਨਗਰ ਨਿਗਮ ਦੇ ਫੰਡਾਂ ਤੇ ਜਾਇਜ ਬੋਝ ਕਰਾਰ ਦੇਣ ਹਿਤ ਨਗਰ ਨਿਗਮ ਹਾਊਸ ਅਤੇ ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ ਦੀ ਪ੍ਰਵਾਨਗੀ ਲੋੜੀਂਦੀ ਹੈ। ਉਪਰੋਕਤ ਅਨੁਸਾਰ ਰੁਪਏ 1,50,328/- ਦੀਆਂ ਸਮੂਹ ਕੋਸਲਰ ਅਤੇ ਅਧਿਕਾਰੀਆ ਦੀਆ ਗਰੁੱਪ ਫੋਟੋ ਖਿਚਵਾਉਣ, ਰਿਫਰੈਸ਼ਮੈਟ ਅਤੇ ਟੈਂਟ ਹਾਊਸ ਦਾ ਖਰਚ ਕਰਨ ਹਿੱਤ ਜਨਰਲ ਸਟੋਰ ਸੁਪਰਡੰਟ ਅਤੇ ਸ੍ਰੀ ਵਿਕਾਸ ਕੁਮਾਰ ਸਟੋਰ ਕਲੱਰਕ ਦੇ ਨਾਮ ਤੇ ਆਰਜੀ ਅਡਵਾਸ ਕਢਵਾਉਣ ਦੀ ਮੰਜੂਰੀ ਦਿੱਤੀ ਜਾਵੇ ਜੋ ਕਿ ਸਰਕਾਰ ਦੀ ਪ੍ਰਵਾਨਗੀ ਉਪਰੰਤ ਅਡਜਸਟ ਕਰਵਾ ਦਿੱਤਾ ਜਾਵੇਗਾ। ਇਸ ਤਖਮੀਨੇ ਦੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨਗੀ ਲੋੜੀਂਦੀ ਹੈ। ਸੰਯੁਕਤ ਕਮਿਸ਼ਨਰ (ਵੀ) ਜੀ ਅਤੇ ਕਮਿਸ਼ਨਰ ਜੀ ਨੇ ਮਿਤੀ : 11.02.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ : 11.02.2019 ਰਾਹੀ ਇਸ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜ਼ੂਰੀ ਦਿੱਤੀ ਹੈ।

ਤਖਮੀਨਾਂ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 36

ਵਿਸ਼ਾ :- ਸਾਲ 2019-20 ਵਾਸਤੇ ਰਿਕਸ਼ਾਂ/ਟਾਂਗਾ ਸ਼ਾਖਾ ਲਈ ਨਵੀਆਂ ਨੰਬਰਿੰਗ ਪਾਸਿੰਗ ਪਲੇਟਾਂ ਦੀ ਖਰੀਦ ਕਰਨ ਬਾਰੇ।

ਪੜ੍ਹਿਆ ਦਫਤਰੀ ਨੋਟ ਰਿਕਸ਼ਾ/ਟਾਂਗਾ ਸ਼ਾਖਾ ਜਿਸ ਤੇ ਸੁਪਰਡੰਟ ਨੇ ਮਿਤੀ 9.4.2019 ਰਾਹੀਂ ਸ਼ਿਫਾਰਸ਼ ਕੀਤੀ ਹੈ ਕਿ ਨਗਰ ਨਿਗਮ, ਜਲੰਧਰ ਵੱਲੋ ਰਿਕਸ਼ਾਂ/ਟਾਂਗਾ ਦਾ ਬਜਟ ਰੁਪਏ 5 ਲੱਖ ਸਾਲ 2019-20 ਲਈ ਰੱਖਿਆ ਜਾਂਦਾ ਹੈ। ਇਸ ਲਈ ਬਜਟ ਦੇ ਟੀਚੇ ਨੂੰ ਪੂਰਾ ਕਰਨ ਲਈ ਹੇਠ ਲਿਖਿਆ ਨਵੀਆਂ ਪਾਸਿੰਗ ਨੰਬਰਿੰਗ ਪਲੇਟਾ ਬਣਾਉਣ ਦੀ ਲੋੜ ਹੈ:-

1.	ਰਿਕਸ਼ਾ	6000
2.	ਬੀ.ਐਚ.ਸੀ	4000
3.	ਆਰ.ਸੀ	2000
4.	ਐਲ.ਸੀ	100
5.	ਟਾਂਗਾ	20
		12120

ਕੁੱਲ ਨਵੀਆਂ 12120 ਪਲੇਟਾਂ ਦੀ ਖਰੀਦ ਕਰਨ ਤੇ ਅੰਦਾਜਨ ਖਰਚ ਰੁਪਏ 6/- ਪ੍ਰਤੀ ਪਲੇਟ ਦੇ ਹਿਸਾਬ ਨਾਲ ਰੁਪਏ 73000/- ਆਵੇਗਾ ਅਤੇ ਨਗਰ ਨਿਗਮ ਨੂੰ ਲਗਭੱਗ 8,00,000 ਤੋਂ 10,00,000 ਰੁਪਏ ਆਮਦਨ ਹੋਵੇਗੀ। ਪਲੇਟਾਂ ਦਾ ਸਾਇਜ 6×4 ਹੋਵੇਗਾ ਅਤੇ ਪਲੇਟਾ ਦਾ ਗਰਾਉਂਡ ਰੰਗ ਪੀਲਾ ਅਤੇ ਉੱਪਰ ਅੱਖਰ ਕਾਲੇ ਰੰਗ ਨਾਲ ਲਿਖੇ ਹੋਣਗੇ ।

ਇੱਥੇ ਆਪ ਜੀ ਨੂੰ ਇਹ ਵੀ ਦੱਸਿਆ ਜਾਂਦਾ ਹੈ ਕਿ ਸਾਲ 2018-19 ਵਿੱਚ ਜ਼ੋ ਵੀ ਪਲੇਟਾਂ ਦੀ ਮੰਗ ਕੀਤੀ ਗਈ ਸੀ ਉਹਨਾਂ ਦੀ ਅਜੇ ਤੱਕ ਭਰਪਾਈ ਨਹੀਂ ਹੋ ਸਕੀ ਜਿਸ ਨਾਲ ਨਗਰ ਨਿਗਮ ਵੱਲੋ ਮਿੱਥਿਆ ਗਿਆ ਬਜਟ ਪੂਰਾ ਨਹੀਂ ਹੋ ਸਕਿਆ। ਸਟੋਰ ਕੀਪਰ(ਜ) ਵਲੋਂ ਇਹ ਪਲੇਟਾ ਦੀ ਖਰੀਦ ਕਰਨ ਲਈ ਹੁਕਮ ਦਿੱਤੇ ਜਾਣ।ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 25.4.19 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਹਿਤ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 29.5.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.6.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 37

ਵਿਸ਼ਾ:- ਸਵੱਛ ਭਾਰਤ ਮਿਸ਼ਨ ਤਹਿਤ I.E.C ਫੰਡ ਵਿੱਚੋ ਕੰਮ ਕਰਵਾਉਣ ਸਬੰਧੀ।

ਪੜ੍ਹਿਆ ਨੋਟ ਸੁਪਰਡੰਟ ਸਟੋਰ ਮਿਤੀ 23.7.2019 ਕਿ ਸ਼ਹਿਰ ਦੇ 80 ਵਾਰਡਾਂ ਵਿੱਚੇ ਵੱਖ-ਵੱਖ ਘਰਾਂ ਵਿੱਚੋ ਕੂੜਾ ਇੱਕਠਾ ਕਰਨ ਲਈ ਰੈਪ ਕਿਪਰਾਂ ਦੀ ਡਿਊਟੀ ਲਗਾਈ ਜਾ ਰਹੀ ਹੈ। ਜਿਸ ਨੂੰ ਨਗਰ ਨਿਗਮ ਵੱਲੋ ਬੈਚ ਦੇ ਤੌਰ ਤੇ ਇਕ ਕੁਰਤੀ ਸਿਲਾ ਕੇ ਦਿੱਤੀ ਜਾਣੀ ਹੈ। ਜਿਸ ਕਪੜੇ ਦੀ ਕੁਰਤੀ ਸਿਲਾ ਕੇ ਦਿੱਤੀ ਜਾਣੀ ਹੈ। ਉਹ ਨਗਰ ਨਿਗਮ ਸਟੋਰ ਵਿੱਚ ਪਹਿਲਾ ਹੀ ਉਲਪਬਧ ਹੈ। ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ ਸੀ ਕਿ ਜਿਹੜਾ ਕਪੜਾ ਸਟੋਰ ਜਨਰਲ ਵਿੱਚ ਉਪਲਬਧ ਹੈ, ਉਸ ਕਪੜੇ ਦੀਆਂ ਸ਼ਹਿਰ ਵਿੱਚੋ ਜਿਹੜੇ ਰੈਪ ਕੀਪਰ ਕੂੜਾ ਇਕਠਾ ਕਰਦੇ ਹਨ। ਉਨਾਂ ਨੂੰ ਬੈਚ ਦੇ ਤੌਰ ਤੇ ਕੁਰਤੀ ਸਿਲਾ ਕੇ ਦਿੱਤੀ ਜਾਵੇ। ਉਕਤ ਕੰਮ ਦੀਆਂ ਮਾਰਕਿਟ ਵਿਚੋ ਕੁਟੇਸ਼ਣਾਂ ਮੰਗਵਾਈਆਂ ਗਈਆਂ। ਕੁਟੇਸ਼ਨ ਅਨੁਸਾਰ ਮੈਸਰਜ ਕਮਲ ਮਹਿਲਾ ਸੈਲਫ ਹੈਲਪ ਗਰੁੱਪ ਦਾ ਰੇਟ ਘੱਟ ਅਤੇ ਵਾਜਬ ਹੈ। ਉਕਤ ਕੁਰਤੀਆਂ ਦੀ ਸਿਲਾਈ ਕਰਨ ਤੇ ਲਗਭੱਗ ਰੂ: 1,50,000/- ਦਾ ਖਰਚ ਆਵੇਗਾ। ਇਸ ਦੀ ਖਰੀਦ ਈ-ਟੈਂਡਰਿੰਗ ਕਾਲ ਰਾਹੀ ਕੀਤੀ ਜਾਵੇਗੀ।ਇਸ ਲਈ ਉੱਕਤ ਕੁਰਤੀਆਂ ਦੀ ਸਿਲਾਈ ਤੇ ਕਰਨ ਲਈ ਰੂ: 1,50,000/- ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਪਾਸੋ ਲੋੜੀਂਦੀ ਹੈ। ਸੰਯੁਕਤ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 23/07/2019 ਰਾਂਹੀ ਇਸ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਅਪਣੇ ਹੁੱਕਮ ਮਿਤੀ 23/07/2019 ਰਾਂਹੀ ਤਜਵੀਜ ਨਗਰ ਨਿਗਮ ਹਾਊਸ ਵਿਚ ਭੇਜਣ ਹਿੱਤ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 27/07/2019 ਰਾਂਹੀ ਇਸ ਤਜਵੀਜ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 38

ਵਿਸ਼ਾ: ਫਾਇਰ ਬ੍ਰਿਗੇਡ ਵਿਭਾਗ ਵਲੋਂ ਐਨ.ਓ.ਸੀ. ਜਾਰੀ ਕਰਨ ਤੇ ਫੀਸ ਲਗਾਉਣ ਬਾਰੇ।

ਪੜਿਆ ਨੋਟ ਏ.ਡੀ.ਐਫ.ਓ. ਕਿ ਕਾਰੋਬਾਰ ਅਦਾਰੇ, ਵਿਦਿਅਕ ਅਦਾਰੇ, ਇੰਡਸਟਰੀਅਲ ਅਦਾਰੇ, ਹੋਟਲ/ਰੈਸਟੋਰੈਂਟ ਅਦਾਰੇ, ਸ਼ਾਪਿੰਗ ਮਾਲ ਅਤੇ ਸਿਨੇਮਾ ਅਦਾਰੇ ਆਦਿ ਵਲੋਂ ਫਾਇਰ ਬ੍ਰਿਗੇਡ ਦਫਤਰ ਪਾਸੋਂ ਫਾਇਰ ਸੇਫਟੀ ਸਰਟੀਫਿਕੇਟ (ਐਨ.ਓ.ਸੀ.) ਦੀ ਮੰਗ ਕਰਨ ਤੇ ਸਬੰਧਤ ਅਦਾਰਿਆਂ ਦੀ ਫਾਇਰ ਸੇਫਟੀ ਪ੍ਰਬੰਧਾਂ ਦੀ ਚੈਕਿੰਗ ਕਰਨ ਉਪਰੰਤ ਇੱਕ ਸਾਲ ਲਈ ਫਾਇਰ ਸੇਫਟੀ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕੀਤਾ ਜਾਂਦਾ ਹੈ। ਸਥਾਨਕ ਸਰਕਾਰ ਵਿਭਾਗ ਵਲੋਂ ਇਸ ਦੀ ਕੋਈ ਫੀਸ ਨਿਰਧਾਰਤ ਨਾ ਕਰਨ ਕਾਰਨ ਨਗਰ ਨਿਗਮ ਫਾਇਰ ਬ੍ਰਿਗੇਡ ਜਲੰਧਰ ਵੀ ਕੋਈ ਫੀਸ ਵਸੂਲ ਨਹੀਂ ਕਰਦੀ। ਪੰਜਾਬ ਦੇ ਵੱਖ-ਵੱਖ ਫਾਇਰ ਸਟੇਸ਼ਨਾਂ ਵਲੋਂ ਆਪਣੇ ਪੱਧਰ ਤੇ ਫਾਇਰ ਸੇਫਟੀ ਸਰਟੀਫਿਕੇਟ (ਐਨ.ਓ.ਸੀ.) ਜਾਰੀ ਕਰਨ ਦੀ ਫੀਸ ਨਿਸ਼ਚਿਤ ਕੀਤੀ ਹੋਈ ਹੈ।

ਇਥੇ ਜਿਕਰਯੋਗ ਹੈ ਕਿ ਸਥਾਨਕ ਸਰਕਾਰ ਵਲੋਂ ਪੰਜਾਬ ਦੇ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੇ ਫਾਇਰ ਬ੍ਰਿਗੇਡ ਵਿਭਾਗ ਵਲੋਂ ਫਾਇਰ ਐਨ.ਓ.ਸੀ. ਜਾਰੀ ਕਰਨ ਦੀ ਫੀਸ ਨਿਰਧਾਰਤ ਕਰਨ ਬਾਰੇ ਮਾਮਲਾ ਵਿਚਾਰ ਅਧੀਨ ਹੈ। ਜਦੋਂ ਸਥਾਨਕ ਸਰਕਾਰ ਵਲੋਂ ਐਨ.ਓ.ਸੀ. ਜਾਰੀ ਕਰਨ ਦੀ ਫੀਸ ਨਿਰਧਾਰਤ ਕਰਨ ਸਬੰਧੀ ਫੈਸਲਾ ਆ ਜਾਂਦਾ ਹੈ ਤਾਂ ਸਰਕਾਰ ਵਲੋਂ ਨਿਰਧਾਰਤ ਕੀਤੀ ਫੀਸ ਸਬੰਧਤ ਅਦਾਰਿਆਂ ਪਾਸੋਂ ਵਸੂਲ ਕੀਤੀ ਜਾਵੇਗੀ। ਇਸ ਲਈ ਜੱਦ ਤੱਕ ਫੈਸਲਾ ਨਹੀਂ ਆਉਂਦਾ ਤੱਦ ਤੱਕ ਨਗਰ ਨਿਗਮ ਜਲੰਧਰ ਦੀ ਆਮਦਨ ਵਿੱਚ ਵਾਧਾ ਕਰਨ ਲਈ ਨਗਰ ਨਿਗਮ ਦੀ ਹੱਦ ਵਿੱਚ ਪੈਂਦੇ ਹਰ ਤਰ੍ਹਾਂ ਦੇ ਵਪਾਰਕ ਅਦਾਰਿਆਂ ਤੋਂ ਫਾਇਰ ਬ੍ਰਿਗੇਡ ਵਿਭਾਗ ਵਲੋਂ ਐਨ.ਓ.ਸੀ. ਜਾਰੀ ਕਰਨ ਦੀ ਰੁ. 5000/- ਅਤੇ ਵਿਦਿਅਕ ਅਦਾਰਿਆਂ ਤੋਂ ਰੁ. 2000/- ਫੀਸ ਲਗਾਉਣ ਦੀ ਤਜਵੀਜ ਹੈ। ਇਹ ਫੀਸ ਪਹਿਲੀ ਵਾਰੀ ਲਗਾਈ ਜਾ ਰਹੀ ਹੈ।ਇਸ ਲਈ ਫੀਸ ਨਿਰਧਾਰਤ ਕਰਨ ਜਾਂ ਫਿਰ ਵਧਾਉਣ ਘਟਾਉਣ ਵਾਸਤੇ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਨੂੰ ਭੇਜਣ ਹਿੱਤ ਰਿਪੋਰਟ ਪੇਸ਼ ਹੈ। ਜਿਸ ਤੇ ਸੰਯੁਕਤ ਕਮਿਸ਼ਨਰ (ਵੀ) ਜੀ ਵਲੋਂ ਇਸ ਤਜਵੀਜ ਸਬੰਧੀ ਗੱਲਬਾਤ ਕੀਤੀ ਗਈ। ਨਗਰ ਨਿਗਮ ਫਗਵਾੜਾ ਅਤੇ ਨਗਰ ਨਿਗਮ ਪਠਾਨਕੋਟ ਵਲੋਂ ਐਨ.ਓ.ਸੀ. ਜਾਰੀ ਕਰਨ ਸਬੰਧੀ ਲਗਾਈ ਫੀਸ ਬਾਰੇ ਪਾਸ ਮਤੇ ਦੀ ਸਰਕਾਰ ਤੋਂ ਪ੍ਰਵਾਨਗੀ ਲਈ ਹੋਈ ਹੈ।ਇਸ ਲਈ ਤਜਵੀਜ ਅਗਲੀ ਹਾਊਸ ਦੀ ਹੋਣ ਵਾਲੀ ਮੀਟਿੰਗ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿਤ ਪੇਸ਼ ਹੈ । ਜਿਸ ਤੇ ਸੰਯੁਕਤ ਕਮਿਸ਼ਨਰ (ਵੀ) ਜੀ ਵਲੋਂ ਮਿਤੀ: 12-10-18 ਨੂੰ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਕਮਿਸ਼ਨਰ ਜੀ ਨੇ ਮਿਤੀ: 17-10-18 ਰਾਹੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 30.10.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 39

ਵਿਸ਼ਾ:- ਅੱਗ ਬੁਝਾਉਂਦੇ ਸਮੇਂ ਸਰਵਸ਼੍ਰੀ ਵਿਪਨ ਕੁਮਾਰ ਲੀਡਿੰਗ ਫਾਇਰਮੈਨ, ਨਰੇਸ਼ ਕੁਮਾਰ ਲੀਡਿੰਗ ਫਾਇਰਮੈਨ, ਅਵਨੀਸ਼ ਫਾਇਰਮੈਨ ਅਤੇ ਸਬ ਫਾਇਰ ਅਫਸਰ ਰਜਿੰਦਰ ਸ਼ਰਮਾ ਵਲੋਂ ਸ਼ਲਾਘਾਯੋਗ ਕੰਮ ਕਰਨ ਬਦਲੇ ਇਕ ਅਡਵਾਂਸ ਇੰਕਰੀਮੈਂਟ ਦੇਣ ਬਾਰੇ।

ਪੜ੍ਹਿਆ ਨੋਟ ਏ.ਡੀ.ਐਫ.ਓ. ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਫਾਇਰ ਬ੍ਰਿਗੇਡ ਇੰਪਲਾਈਜ ਯੂਨੀਅਨ (ਰਜਿ.) ਵਲੋਂ ਆਪਣੇ ਪੱਤਰ ਨੰ: ਐਫ.ਬੀ.ਈ.ਯੂ./08/2018 ਮਿਤੀ: 21-06-2018 ਰਾਹੀਂ ਮਾਨਯੋਗ ਮੇਅਰ ਜੀ ਅਤੇ ਕਮਿਸ਼ਨਰ ਜੀ ਪਾਸੋਂ ਮੰਗ ਕੀਤੀ ਹੈ ਕਿ ਸਰਵਸ਼੍ਰੀ ਵਿਪਨ ਕੁਮਾਰ ਲੀਡਿੰਗ ਫਾਇਰਮੈਨ, ਨਰੇਸ਼ ਕੁਮਾਰ ਲੀਡਿੰਗ ਫਾਇਰਮੈਨ, ਅਵਨੀਸ਼ ਫਾਇਰਮੈਨ ਅਤੇ ਸਬ ਫਾਇਰ ਅਫਸਰ ਰਜਿੰਦਰ ਸ਼ਰਮਾ ਵਲੋਂ ਸ਼ਲਾਘਾਯੋਗ ਕੰਮ ਕਰਨ ਬਦਲੇ ਇਕ ਅਡਵਾਂਸ ਇੰਕਰੀਮੈਂਟ ਦਿੱਤੀ ਜਾਵੇ। ਜਿਵੇਂ ਕਿ ਨਗਰ ਨਿਗਮ ਲੁਧਿਆਣਾ ਦੇ ਕਰਮਚਾਰੀਆਂ ਵਲੋਂ ਮੈਸ. ਮਲਿਕਾ ਟੈਕਸਟਾਈਲਜ ਫੈਕਟਰੀ ਲੁਧਿਆਣਾ ਵਿੱਚ ਮਿਤੀ: 11.05.2017 ਨੂੰ ਲੱਗੀ ਅੱਗ ਨੂੰ ਬੁਝਾਉਂਦੇ ਸਮੇਂ ਸ਼ਲਾਘਾਯੋਗ ਕੰਮ ਕਰਨ ਬਦਲੇ ਸ਼੍ਰੀ ਹਜੂਰਾ ਸਿੰਘ ਸਬ ਫਾਇਰ ਅਫਸਰ, ਸ਼੍ਰੀ ਨਰੇਸ਼ ਕੁਮਾਰ ਅਤੇ ਸ਼੍ਰੀ ਲਵਲੇਸ਼ ਕੁਮਾਰ ਫਾਇਰਮੈਨ ਨੂੰ ਨਗਰ ਨਿਗਮ ਲੁਧਿਆਣਾ ਵਲੋਂ ਇਨਾਂ ਨੂੰ ਇਕ ਸਪੈਸ਼ਲ ਅਡਵਾਂਸ ਇੰਕਰੀਮੈਂਟ ਦਾ ਲਾਭ ਦਿੱਤਾ ਗਿਆ ਹੈ। ਉਕਤ ਯੂਨੀਅਨ ਦੀ ਮੰਗ ਜਾਇਜ ਹੈ ਕਿਉਂਕਿ ਨਗਰ ਨਿਗਮ ਫਾਇਰ ਬ੍ਰਿਗੇਡ ਜੰਲਧਰ ਮਿਤੀ: 19.03.18 ਨੂੰ ਮੈਸ. ਕਪੂਰ ਕਰਿਆਣਾ ਸਟੋਰ ਨਿਊ ਕੈਲਾਸ਼ ਨਗਰ, ਗੁੱਜਾਪੀਰ ਰੋਡ, ਜਲੰਧਰ ਅੱਗ ਦੀ ਘਟਨਾ ਤੇ ਸ਼੍ਰੀ ਵਿਪਨ ਕੁਮਾਰ ਲੀਡਿੰਗ ਫਾਇਰਮੈਨ ਵਲੋਂ ਬੇਮਿਸਾਲ ਬਹਾਦੁਰੀ ਦਾ ਸਬੂਤ ਦਿੰਦੇ ਹੋਏ ਅਤੇ ਆਪਣੀ ਜਾਣ ਨੂੰ ਜ਼ੋਖਿਮ ਵਿੱਚ ਪਾ ਕੇ ਅੱਗ ਬੁਝਾਉਂਦੇ ਹੋਏ ਅੱਗ ਨਾਲ ਝੁਲਸ ਗਿਆ ਸੀ ਅਤੇ ਮਿਤੀ: 30.10.2017 ਨੂੰ ਐਚ.ਡੀ.ਫੂਡ ਪ੍ਰੋਡਕਟਸ, ਪਠਾਨਕੋਟ ਚੌਂਕ, ਜਲੰਧਰ ਵਿਖੇ ਸ਼੍ਰੀ ਅਵਨੀਸ਼ ਫਾਇਰਮੈਨ ਵਲੋਂ ਬੇਮਿਸਾਲ ਬਹਾਦੁਰੀ ਦਾ ਸਬੂਤ ਦਿੰਦੇ ਹੋਏ ਅਤੇ ਆਪਣੀ ਜਾਣ ਨੂੰ ਜ਼ੋਖਿਮ ਵਿੱਚ ਪਾ ਕੇ ਅੱਗ ਬੁਝਾਉਂਦੇ ਹੋਏ ਅੱਗ ਨਾਲ ਝੁਲਸ ਗਿਆ ਸੀ ਅਤੇ ਮਿਤੀ: 29.11.2013 ਨੂੰ ਸ਼ਿਵਾ ਜੀ ਨਗਰ ਬਸਤੀ ਦਾਨਿਸ਼ਮੰਦਾਂ ਅੱਗ ਦੀ ਘਟਨਾ ਤੇ ਅੱਗ ਬੁਝਾਉਂਦੇ ਹੋਏ ਸ਼੍ਰੀ ਨਰੇਸ਼ ਕੁਮਾਰ ਫਾਇਰਮੈਨ (ਹੁਣ ਲੀਡਿੰਗ ਫਾਇਰਮੈਨ) ਅਤੇ ਸਬ ਫਾਇਰ ਅਫਸਰ ਸ਼੍ਰੀ ਰਜਿੰਦਰ ਸ਼ਰਮਾ ਵਲੋਂ ਬੇਮਿਸਾਲ ਬਹਾਦੁਰੀ ਦਾ ਸਬੂਤ ਦਿੰਦੇ ਹੋਏ ਅਤੇ ਆਪਣੀ ਜਾਣ ਨੂੰ ਜ਼ੋਖਿਮ ਵਿੱਚ ਪਾ ਕੇ ਅੱਗ ਬੁਝਾਉਂਦੇ ਹੋਏ ਅੱਗ ਨਾਲ ਝੁਲਸ ਗਏ ਸੀ। ਇਸ ਲਈ ਫਾਇਰ ਬ੍ਰਿਗੇਡ ਜਲੰਧਰ ਦੇ ਸ਼੍ਰੀ ਵਿਪਨ ਕੁਮਾਰ ਲੀਡਿੰਗ ਫਾਇਰਮੈਨ, ਸ਼੍ਰੀ ਅਵਨੀਸ਼ ਫਾਇਰਮੈਨ, ਸ਼੍ਰੀ ਨਰੇਸ਼ ਕੁਮਾਰ ਲੀਡਿੰਗ ਫਾਇਰਮੈਨ (ਗੈਰ-ਪ੍ਰਾਂਤੀਕਰਨ) ਅਤੇ ਸਬ ਫਾਇਰ ਅਫਸਰ ਸ਼੍ਰੀ ਰਜਿੰਦਰ ਸ਼ਰਮਾ (ਪ੍ਰਾਂਤੀਕਰਨ) ਸ਼ਲਾਘਾਯੋਗ ਕੰਮ ਦੇ ਬਦਲੇ ਨਗਰ ਨਿਗਮ ਲੁਧਿਆਣਾ ਦੀ ਤਰ੍ਹਾਂ ਇਕ ਸਪੈਸ਼ਲ ਅਡਵਾਂਸ ਇੰਕਰੀਮੈਂਟ ਦਾ ਲਾਭ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਅਜਿਹੇ ਇਨਾਮ ਦੇਣ ਨਾਲ ਦੂਜੇ ਕਰਮਚਾਰੀਆਂ ਦਾ ਅੱਗੇ ਵੱਧ ਕੇ ਕੰਮ ਕਰਨ ਦਾ ਹੌਂਸਲਾ ਵੱਧਦਾ ਹੈ। ਮਾਨਯੋਗ ਕਮਿਸ਼ਨਰ ਜੀ ਦੇ ਹੁਕਮ ਮਿਤੀ: 07-01-2019 ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਪ੍ਰਾਂਤੀਕਰਨ ਅਤੇ ਗੈਰ ਪ੍ਰਾਂਤੀਕਰਣ ਅਸਾਮੀਆਂ ਦੇ ਕੇਸ ਵਿੱਚ ਜ਼ੋ ਨਾਰਮਲ ਇੰਕਰੀਮੈਂਟ ਦੇਣ ਯੋਗ ਹੈ ਉਸ ਲਈ ਸਮਰਥ ਅਥਾਰਟੀ ਕਮਿਸ਼ਨਰ ਜੀ ਹਨ ਅਤੇ ਜੇਕਰ ਕਿਸੇ ਕਰਮਚਾਰੀ ਜਾਂ ਅਧਿਕਾਰੀ ਨੂੰ ਐਡਵਾਂਸ ਇੰਕਰੀਮੈਂਟ ਦੇਣੀ ਹੈ ਤਾਂ ਉਸ ਦਾ ਉਪਬੰਧ ਨਾ ਤਾਂ ਨਗਰ ਨਿਗਮ ਜਲੰਧਰ ਵਲੋਂ ਧਾਰਾ 75 ਤਹਿਤ ਕੋਈ ਰੈਗੁਲੇਸ਼ਨ ਬਣਾਈ ਗਈ ਹੈ ਅਤੇ ਨਾ ਹੀ ਪ੍ਰਾਂਤੀਕਰਨ ਅਤੇ ਗੈਰ ਪ੍ਰਾਂਤੀਕਰਣ ਅਸਾਮੀਆਂ ਨੂੰ ਅਜਿਹੀ ਤਰੱਕੀ ਦੇਣ ਲਈ 1978 ਦੇ ਰੂਲਾਂ ਵਿੱਚ ਕੋਈ ਉਪਬੰਧ ਹੈ। ਅਜਿਹੀ ਸਥਿਤੀ ਵਿੱਚ ਨਗਰ ਨਿਗਮ ਵਲੋਂ ਮਤਾ ਪਾਸ ਕਰਨ ਉਪਰੰਤ ਸਥਾਨਕ ਸਰਕਾਰ ਦੀ ਪ੍ਰਵਾਨਗੀ ਨਾਲ ਤਰੱਕੀ ਦਿੱਤੀ ਜਾ ਚੁੱਕੀ ਹੈ।

ਅਮਲਾ ਸੁਪਰਡੰਟ ਦੀ ਰਿਪੋਰਟ ਅਨੁਸਾਰ ਫਾਇਰ ਬ੍ਰਿਗੇਡ ਇੰਪਲਾਈਜ ਯੂਨੀਅਨ, ਜਲੰਧਰ ਵਲੋਂ ਆਪਣੇ ਮੰਗ ਪੱਤਰ ਇਹ ਵੀ ਲਿਖਿਆ ਹੈ ਕਿ ਉਕਤ ਕਰਮਚਾਰੀਆਂ ਦੀ ਤਰ੍ਹਾਂ ਸ਼ਲਾਘਾਯੋਗ ਕੰਮ ਕਰਨ ਦੇ ਬਦਲੇ ਨਗਰ ਨਿਗਮ, ਲੁਧਿਆਣਾ ਵਲੋਂ ਆਪਣੇ ਕਰਮਚਾਰੀਆਂ ਨੂੰ ਇੱਕ ਸਪੈਸ਼ਲ ਅਡਵਾਂਸ ਸਲਾਨਾ ਤਰੱਕੀ ਦਾ ਲਾਭ ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਪੱਤਰ ਨੰ: ਸ7-ਡਸਸ-ਮਸਸ-(ਫਾਇਰ)-2018/ 27688-89 ਮਿਤੀ: 17.05.2018 ਰਾਂਹੀ ਦਿੱਤਾ ਗਿਆ ਸੀ। Punjab Civil Services Rules (Vol.-1 Part 1) 4.10 ਵਿਚ ਕੰਮਪੀਟੈਂਟ ਅਥਾਰਟੀ ਪਾਸ ਅਡਵਾਂਸ ਇੱਕ ਸਲਾਨਾ ਤਰੱਕੀ ਦਾ ਲਾਭ ਦੇਣ ਦਾ ਅਖਤਿਆਰ ਹੈ।

ਫਾਇਰ ਬ੍ਰਿਗੇਡ ਇੰਪਲਾਈਜ ਯੂਨੀਅਨ, ਜਲੰਧਰ ਵਲੋਂ ਦਿੱਤੇ ਗਏ ਮੰਗ ਪੱਤਰ ਨੂੰ ਮੁੱਖ ਰਖਦੇ ਹੋਏ ਉਕਤ ਕਰਮਚਾਰੀਆਂ ਨੂੰ ਸ਼ਲਾਘਾਯੋਗ ਕੰਮ ਕਰਨ ਦੇ ਬਦਲੇ ਇੱਕ ਸਪੈਸ਼ਲ ਅਡਵਾਂਸ ਸਲਾਨਾ ਤਰੱਕੀ ਦਾ ਲਾਭ ਦੇਣ ਸਬੰਧੀ ਮਾਨਯੋਗ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਸੰਯੁਕਤ ਕਮਿਸ਼ਨਰ (ਆਰ) ਨੇ ਅਪਣੇ ਹੁਕਮ ਮਿਤੀ 26.2.19 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 28.02.19 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮ ਅਨੁਸਾਰ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 40

ਵਿਸ਼ਾ :- 24×7 ਸਰਫੇਸ ਵਾਟਰ ਸਪਲਾਈ ਪ੍ਰੋਜੈਕਟ ਅਧੀਨ WTP ਅਤੇ ਸਟੋਰੇਜ਼ ਟੈਂਕ ਲਈ ਜਮੀਨ ਐਕੁਆਇਰ ਕਰਨ ਬਾਬਤ।

ਪੜ੍ਹਿਆ ਨੋਟ ਕਾਰਪੋਰੇਸ਼ਨ ਇੰਜੀਨੀਅਰ, ਓ.ਐਂਡ.ਐਮ ਕਿ ਚੀਫ ਇੰਜੀਨੀਅਰ (ਵੈਸਟ) ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਅੰਮ੍ਰਿਤਸਰ ਜੀ ਨੇ ਆਪਣੇ ਪੱਤਰ ਨੰਬਰ 9066 ਮਿਤੀ 14.12.2018 ਰਾਹੀ ਲਿਖਿਆ ਹੈ ਕਿ ਜਲੰਧਰ ਸ਼ਹਿਰ ਵਿਖੇ ਸਰਫੇਸ ਵਾਟਰ ਪ੍ਰੋਜੈਕਟ ਲਈ ਗਠਿਤ ਕੀਤੀ ਟੈਕਨੀਕਲ ਟੀਮ ਨੇ ਮਿਤੀ : 07.12.2018 ਨੂੰ ਜਲੰਧਰ ਡਿਸਟ੍ਰੀਬਿਊਟਰੀ ਦੇ ਨਾਲ-ਨਾਲ ਸਾਇਟ ਦਾ ਦੌਰਾ ਕੀਤਾ ਗਿਆ। ਟੈਕਨੀਕਲ ਟੀਮ ਨੇ ਸਰਵਸਮੰਤੀ ਨਾਲ ਫੈਸਲਾ ਲਿਆ ਕਿ ਆਦਮਪੁਰ ਹੈਂਡਵਰਕਸ ਤੋਂ ਲੈ ਕੇ ਕਿਸ਼ਨਗੜ੍ਹ ਚੌਂਕ ਤੱਕ ਜਲੰਧਰ ਡਿਸਟ੍ਰੀਬਿਊਟਰੀ ਦੇ ਨਾਲ-ਨਾਲ ਕਿਤੇ ਵੀ ਵਿਸ਼ੇ ਅਧੀਨ ਪ੍ਰੋਜੈਕਟ ਲਈ 100 ਏਕੜ ਜਗ੍ਹਾ ਖਰੀਦ ਕੀਤੀ ਜਾਵੇ। ਇਹ ਜਗ੍ਹਾ ਪੰਜਾਬ ਸਰਕਾਰ ਦੁਆਰਾ ਜਾਰੀ ਕੀਤੀ ਗਈ ਨਵੀਂ ਐਕੁਜੇਸ਼ਨ ਪਾਲਿਸੀ ਅਧੀਨ ਖਰੀਦ ਕੀਤੀ ਜਾਣੀ ਹੈ। ਇਸ ਜਗ੍ਹਾ ਦੀ ਖਰੀਦ ਦਾ ਖਰਚਾ 24×7 ਸਰਫੇਸ ਵਾਟਰ ਸਪਲਾਈ ਪ੍ਰੋਜੈਕਟ ਅਧੀਨ ਕੀਤਾ ਜਾਵੇਗਾ।ਜਗ੍ਹਾ ਖ਼ਰੀਦ ਕਰਨ ਲਈ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ, ਓ.ਐਂਡ.ਐਮ ਨੇ ਆਪਣੇ ਨੋਟ ਮਿਤੀ 18.12.2018 ਰਾਹੀ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਹਿੱਤ ਸਿਫਾਰਿਸ਼ ਕੀਤੀ ਹੈ, ਜਿਸ ਤੇ ਮਾਣਯੋਗ ਕਮਿਸ਼ਨਰ ਜੀ ਨੇ ਮਿਤੀ : 18.12.2018 ਰਾਹੀ ਲਿਖਿਆ ਹੈ ਕਿ "The land need to acquired. The same has to be approved by house. Kindly consent may be accorded in anticipation. Date for workshop may also be given."ਮਾਣਯੋਗ ਮੇਅਰ ਜੀ ਨੇ ਆਪਣੇ ਹੁਕਮ ਮਿਤੀ : 19.12.2018 ਰਾਹੀ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 41

ਵਿਸ਼ਾ :- 10 ਸੀਵਰਮੈਨ ਡੀ.ਸੀ.ਰੇਟ ਤੇ ਰੱਖਣ ਸਬੰਧੀ।

ਪੜ੍ਹਿਆ ਨੋਟ ਸੁਪਰਡੰਟ (ਓ.ਐਂਡ.ਐਮ) ਜਿਸ ਨਾਲ ਕਾਰਜਕਾਰੀ ਇੰਜੀਨੀਅਰ ਨੇ ਮਿਤੀ : 11.03.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ ਕਿ ਨਗਰ ਨਿਗਮ ਜਲੰਧਰ ਵੱਲੋ ਮਾਣਯੋਗ ਹਾਊਸ ਦੇ ਮਤਾ ਨੰਬਰ : 86 ਮਿਤੀ : 5.12.2016 ਰਾਹੀ 180 ਸੀਵਰਮੈਨਾਂ ਨੂੰ ਪੱਕਾ ਕਰਨ ਦੀ ਪ੍ਰਵਾਨਗੀ ਦਿੱਤੀ ਸੀ ਜਿਸਨੂੰ ਸਥਾਨਕ ਸਰਕਾਰ ਦੇ ਪੱਤਰ ਨੰ: 5-ਡਸਸ-ਮਸਸ-17/31102 ਮਿਤੀ : 6.6.2017 ਰਾਹੀ ਮਤਾ ਨੰ : 86 ਨੂੰ ਸਥਾਨਕ ਸਰਕਾਰ ਦੇ ਪੱਤਰ ਨੰ: ਸ1-ਜਬ-ਡਸਸ-2016/ 65006-21 ਮਿਤੀ : 30.12.2016 ਰਾਹੀ ਕੱਚੇ ਸੀਵਰਮੈਨਾਂ ਨੂੰ ਰੈਗੂਲਰ ਕਰਨ ਸਬੰਧੀ ਜਾਰੀ ਹਦਾਇਤਾਂ ਅਨੁਸਾਰ ਕਾਰਵਾਈ ਕਰਨ ਦੀ ਪ੍ਰਵਾਨਗੀ ਦਿੱਤੀ ਸੀ ਜਿਹਨਾਂ ਵਿੱਚੋ 10 ਕੱਚੇ ਸੀਵਰਮੈਨ ਨੂੰ ਕੁੱਝ ਕਾਰਨਾਂ ਕਰਕੇ ਅਜੇ ਤੱਕ ਰੈਗੂਲਰ ਨਹੀਂ ਕੀਤਾ ਗਿਆ ਹੈ।

ਸੀਵਰ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਲਈ 10 ਸੀਵਰਮੈਨ ਮਿਤੀ : 04/2019 ਤੋਂ ਲੈ ਕਿ ਮਿਤੀ : 03/2020 ਤੱਕ ਡੀ.ਸੀ.ਰੇਟ ਤੇ ਰੱਖਣ ਲਈ ਅਨੁਮਾਨਤ ਤਖਮੀਨਾਂ ਰੁਪਏ 12,60,960/- ਤਿਆਰ ਕੀਤਾ ਗਿਆ ਹੈ। ਮਾਣਯੋਗ ਕਮਿਸ਼ਨਰ ਸਾਹਿਬ ਜੀ ਦੀ ਪ੍ਰਵਾਨਗੀ ਲੈਣ ਉਪਰੰਤ ਮਾਨਯੋਗ ਹਾਊਸ ਪਾਸੋਂ ਮੰਨਜ਼ੂਰੀ ਲੈਣੀ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਆਪਣੇ ਹਸਤਾਖ਼ਰ ਮਿਤੀ : 6.8.2019 ਰਾਹੀ ਲਿਖਿਆ ਹੈ ਕਿ ਸੀਵਰਮੈਨਾਂ ਨੂੰ ਸੇਲਰੀ ਦੇਣਾ ਅਤੀ ਜਰੂਰੀ ਹੈ। ਇਸ ਲਈ ਉਪਰੋਕਤ ਤਜੀਵਜ਼ ਦੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਦੀ ਸ਼ਿਫਾਰਸ਼ ਕੀਤੀ ਹੈ।ਮਾਨਯੋਗ ਮੇਅਰ ਜੀ ਨੇ ਮਿਤੀ 6.8.2019 ਨੂੰ ਉਕਤ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 42

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਓ.ਐਂਡ.ਐਮ ਸ਼ਾਖਾ ਵੱਲੋਂ ਆਉਟ ਸੋਰਸ ਤੇ ਸਟਾਫ ਰੱਖਣ ਸਬੰਧੀ ਮਤਾ ਨੰ: 30 (ਤਖਮੀਨਾ ਰੁਪਏ: 83,62,248/-) ਅਤੇ 34 (ਤਖਮੀਨਾ ਰੁਪਏ 8,12,520/-) ਵਿੱਚ 50% ਵਾਧੇ ਦੀ ਪ੍ਰਵਾਨਗੀ ਬਾਰੇ। ਇਸ ਦਫਤਰ ਦਾ ਪੱਤਰ ਨੰ: 74/CE/WS/g dt 09.09.19 ਦੇ ਸਬੰਧ ਵਿੱਚ।

ਹਵਾਲਾ:- ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਮਿਉਂਸਪਲ ਭਵਨ, ਚੰਡੀਗੜ੍ਹ ਦਾ ਮੀਮੋ ਨੰ: ਸ1-ਮਸਸ- ਡਸਸ -2019/41210 ਮਿਤੀ 17.09.19.

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ ਓ.ਐਂਡ ਐਮ. ਮਿਤੀ 19.9.2019 ਕਿ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਨਗਰ ਨਿਗਮ ਜਲੰਧਰ ਦੀ ਓ.ਐਂਡ.ਐਮ ਸ਼ਾਖਾ ਵੱਲੋਂ ਆਉਟ ਸੋਰਸ ਤੇ ਸਟਾਫ ਰੱਖਣ ਸਬੰਧੀ ਮਤਾ ਨੰ: 30 (ਤਖਮੀਨਾ ਰੁਪਏ: 83,62,248/-) ਅਤੇ ਮਤਾ ਨੰ: 34 (ਤਖਮੀਨਾ ਰੁਪਏ 8,12,520/-) ਵਿੱਚ 50% ਵਾਧੇ ਦੀ ਪ੍ਰਵਾਨਗੀ ਪਹਿਲਾ ਹੀ ਸਥਾਨਕ ਸਰਕਾਰ ਵਿਭਾਗ ਨੇ ਅਪਣੇ ਪੱਤਰ ਨੰ: ਸ1-ਡਸਸ-ਮਸਸ-2019/26906 ਮਿਤੀ 02.07.19 ਰਾਹੀਂ ਸਟਾਫ ਦੀਆਂ ਸੇਵਾਵਾਂ ਵਿੱਚ 6 ਮਹੀਨੇ ਤੱਕ ਜਾਂ ਕੱਚੇ ਮੁਲਾਜਮਾਂ ਨੂੰ ਰੈਗੁਲਰ ਕਰਨ ਸਬੰਧੀ ਨਵਾਂ ਕਾਨੂੰਨ ਦੇ ਹੋਂਦ ਵਿੱਚ ਆਉਣ ਤੱਕ ਵਾਧਾ ਦੇ ਦਿੱਤਾ ਗਿਆ ਸੀ, ਪਰੰਤੂ ਇਸ ਵਿੱਚ ਤਖਮੀਨੇ ਤੇ ਆਉਣ ਵਾਲੇ ਖਰਚੇ ਸਬੰਧੀ ਸਪਸ਼ਟ ਨਹੀ ਕੀਤਾ ਗਿਆ।

ਇਸ ਸਬੰਧ ਵਿੱਚ ਨਗਰ ਨਿਗਮ ਵੱਲੋਂ ਅਪਣੇ ਪੱਤਰ ਨੰ: 74/CE/WS/g dt 09.09.19 ਰਾਹੀਂ ਸਪਸ਼ਟੀਕਰਨ ਵਾਸਤੇ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਮਿਉਂਸਪਲ ਭਵਨ, ਚੰਡੀਗੜ੍ਹ ਲਿਖ ਕੇ ਭੇਜਿਆ ਗਿਆ, ਜਿਸ ਰਾਹੀਂ ਉਹਨਾ ਵੱਲੋਂ ਤਖਮੀਨੇ ਤੇ ਆਉਣ ਵਾਲੇ ਖਰਚੇ ਸਬੰਧੀ ਹਾਊਸ ਵਿੱਚ ਮਤਾ ਪ੍ਰਵਾਨ ਕਰਵਾਉਣ ਉਪਰੰਤ ਬਣਦੀ ਕਾਰਵਾਈ ਲਈ ਲਿਖਿਆ ਗਿਆ ਹੈ। ਹਵਾਲੇ ਅਧੀਨ ਪੱਤਰਾਂ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਜਲੰਧਰ ਦੀ ਓ.ਐਂਡ.ਐਮ ਸ਼ਾਖਾ ਵੱਲੋਂ ਆਉਟ ਸੋਰਸ ਤੇ ਰੱਖੇ ਫਿਟਰ ਕੁਲੀ ਅਤੇ ਮੈਸਨ ਸਟਾਫ ਦੀ 3 ਮਹੀਨੇ 18 ਦਿਨ ਦੀ ਬਾਕੀ ਰਹਿੰਦੀ ਤਨਖਾਹ ਦੀ ਅਦਾਇਗੀ ਕਰਨ ਲਈ ਤਖਮੀਨਾ ਰੁਪਏ 27,41,634/- ਦਾ ਤਿਆਰ ਕੀਤਾ ਗਿਆ ਹੈ, ਇਸ ਤਖਮੀਨਾ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ : 19.09.2019 ਰਾਹੀਂ ਤਖਮੀਨਾ ਹਾਊਸ ਵਿਚ ਰੱਖਣ ਦੀ ਸਿਫਾਰਿਸ਼ ਕੀਤੀ ਹੈ।ਮਾਨਯੋਗ ਮੇਅਰ ਜੀ ਨੇ ਮਿਤੀ 19.09.2019 ਰਾਹੀਂ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਸ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਖਮੀਨਾ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 43

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਓ.ਐਂਡ.ਐਮ ਸ਼ਾਖਾ ਵੱਲੋਂ ਆਉਟ ਸੋਰਸ ਤੇ ਸਟਾਫ ਰੱਖਣ ਸਬੰਧੀ ਮਤਾ ਨੰ: 30 (ਤਖਮੀਨਾ ਰੁਪਏ: 83,62,248/-) ਅਤੇ 34 (ਤਖਮੀਨਾ ਰੁਪਏ 8,12,520/-) ਵਿੱਚ 50% ਵਾਧੇ ਦੀ ਪ੍ਰਵਾਨਗੀ ਬਾਰੇ। ਇਸ ਦਫਤਰ ਦਾ ਪੱਤਰ ਨੰ: 74/CE/WS/g dt 09.09.19 ਦੇ ਸਬੰਧ ਵਿੱਚ।

ਹਵਾਲਾ:- ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਮਿਉਂਸਪਲ ਭਵਨ, ਚੰਡੀਗੜ੍ਹ ਦਾ ਮੀਮੋ ਨੰ: ਸ1-ਮਸਸ-ਡਸਸ -2019/41210 ਮਿਤੀ 17.09.19.

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ ਓ.ਐਂਡ ਐਮ. ਮਿਤੀ 19.9.2019 ਕਿ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਨਗਰ ਨਿਗਮ ਜਲੰਧਰ ਦੀ ਓ.ਐਂਡ.ਐਮ ਸ਼ਾਖਾ ਵੱਲੋਂ ਆਉਟ ਸੋਰਸ ਤੇ ਸਟਾਫ ਰੱਖਣ ਸਬੰਧੀ ਮਤਾ ਨੰ: 30 (ਤਖਮੀਨਾ ਰੁਪਏ: 83,62,248/-) ਅਤੇ 34 (ਤਖਮੀਨਾ ਰੁਪਏ 8,12,520/-) ਵਿੱਚ 50% ਵਾਧੇ ਦੀ ਪ੍ਰਵਾਨਗੀ ਪਹਿਲਾ ਹੀ ਸਥਾਨਕ ਸਰਕਾਰ ਵਿਭਾਗ ਨੇ ਅਪਣੇ ਪੱਤਰ ਨੰ: ਸ1-ਡਸਸ-ਮਸਸ-2019/26906 ਮਿਤੀ 02.07.19 ਰਾਹੀਂ ਸਟਾਫ ਦੀਆਂ ਸੇਵਾਵਾਂ ਵਿੱਚ 6 ਮਹੀਨੇ ਤੱਕ ਜਾਂ ਕੱਚੇ ਮੁਲਾਜਮਾਂ ਨੂੰ ਰੈਗੁਲਰ ਕਰਨ ਸਬੰਧੀ ਨਵਾਂ ਕਾਨੂੰਨ ਦੇ ਹੋਂਦ ਵਿੱਚ ਆਉਣ ਤੱਕ ਵਾਧਾ ਦੇ ਦਿੱਤਾ ਗਿਆ ਸੀ, ਪਰੰਤੂ ਇਸ ਵਿੱਚ ਤਖਮੀਨੇ ਤੇ ਆਉਣ ਵਾਲੇ ਖਰਚੇ ਸਬੰਧੀ ਸਪਸ਼ਟ ਨਹੀ ਕੀਤਾ ਗਿਆ।

ਇਸ ਸਬੰਧ ਵਿੱਚ ਨਗਰ ਨਿਗਮ ਵੱਲੋਂ ਅਪਣੇ ਪੱਤਰ ਨੰ: 74/CE/WS/g dt 09.09.19 ਰਾਹੀਂ ਸਪਸ਼ਟੀਕਰਨ ਵਾਸਤੇ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਮਿਉਂਸਪਲ ਭਵਨ, ਚੰਡੀਗੜ੍ਹ ਲਿਖ ਕੇ ਭੇਜਿਆ ਗਿਆ, ਜਿਸ ਰਾਹੀਂ ਉਹਨਾ ਵੱਲੋਂ ਤਖਮੀਨੇ ਤੇ ਆਉਣ ਵਾਲੇ ਖਰਚੇ ਸਬੰਧੀ ਹਾਉਸ ਵਿੱਚ ਮਤਾ ਪ੍ਰਵਾਨ ਕਰਵਾਉਣ ਉਪਰੰਤ ਬਣਦੀ ਕਾਰਵਾਈ ਲਈ ਲਿਖਿਆ ਗਿਆ ਹੈ। ਹਵਾਲੇ ਅਧੀਨ ਪੱਤਰਾਂ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਜਲੰਧਰ ਦੀ ਓ.ਐਂਡ.ਐਮ ਸ਼ਾਖਾ ਵੱਲੋਂ ਆਉਟ ਸੋਰਸ ਤੇ ਰੱਖੇ ਕੰਪਿਉਟਰ ਓਪਰੇਟਰ ਸਟਾਫ ਦੀ 3 ਮਹੀਨੇ 21 ਦਿਨ ਦੀ ਬਾਕੀ ਰਹਿੰਦੀ ਤਨਖਾਹ ਦੀ ਅਦਾਇਗੀ ਕਰਨ ਲਈ ਤਖਮੀਨਾ ਰੁਪਏ 2,39,180/- ਦਾ ਤਿਆਰ ਕੀਤਾ ਗਿਆ ਹੈ, ਇਸ ਤਖਮੀਨਾ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ। ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਨੇ ਮਿਤੀ : 19.09.2019 ਰਾਹੀਂ ਤਖਮੀਨਾ ਹਾਊਸ ਵਿਚ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਮਾਨਯੋਗ ਮੇਅਰ ਜੀ ਨੇ ਮਿਤੀ 19.09.2019 ਰਾਹੀਂ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਇਸ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਖਮੀਨਾ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 44

ਵਿਸ਼ਾ:- ਸ਼ਹਿਰ ਦੀ ਵਾਟਰ ਸਪਲਾਈ ਦੀ ਰਿਪੇਅਰ ਅਤੇ ਮੇਨਟੀਨੈਂਸ ਵਾਸਤੇ ਮੈਨ-ਪਾਵਰ (6 ਮੈਸਨ ਅਤੇ 58 ਫਿਟਰ ਕੁੱਲੀ/ਹੈਲਪਰ) ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਪੱਤਰ ਨੰ: ATBP/73/DWSS dt 09.09.14 ਰਾਹੀਂ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਜਾਰੀ ਨਾਰਮਜ ਅਨੁਸਾਰ ਆਉਟ ਸੋਰਸ ਰਾਹੀਂ ਇਕ ਸਾਲ ਲਈ ਠੇਕੇ ਤੇ ਰੱਖਣ ਬਾਰੇ।

ਤਖਮੀਨਾ ਰੁਪਏ: 89,12,208/- ((ਜੇਕਰ ਸਰਕਾਰ ਵੱਲੋਂ ਕੋਈ ਜੀ.ਐਸ.ਟੀ ਲਗਾਇਆ ਜਾਂਦਾ ਉਹ ਵੱਖਰਾ ਹੋਵੇਗਾ)

ਪੜਿਆ ਨੋਟ ਕਾਰਜਕਾਰੀ ਇੰਜੀਨੀਅਰ ਨੇ ਮਿਤੀ 20.11.18 ਕਿ ਨਗਰ ਨਿਗਮ ਵਿੱਚ ਹਰ ਸਾਲ ਵਾਟਰ ਸਪਲਾਈ ਦੀਆਂ ਨਵੀਆਂ ਲਾਇਨਾਂ ਪਾਉਣ ਕਰਕੇ ਸ਼ਹਿਰ ਵਿੱਚ ਵਾਟਰ ਸਪਲਾਈ ਲਾਇਨਾਂ ਦੀ ਕੁੱਲ ਲੰਬਾਈ 1027 ਕਿਲੋ ਮੀਟਰ ਤੋ ਜਿਆਦਾ ਹੋ ਗਈ ਹੈ, ਜਿਸ ਦੇ ਰੱਖ ਰੱਖਾਵ ਲਈ ਪ੍ਰਮੁੱਖ ਸਕੱਤਰ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਿਪਾਰਟਮੈਂਟ ਪੰਜਾਬ ਸਰਕਾਰ ਦੇ ਪੱਤਰ ਨੰ: ATBP/73/DWSS dt 09.09.14 ਰਾਹੀਂ ਜਾਰੀ ਨਾਰਮਜ਼ ਅਨੁਸਾਰ ਹਰੇਕ 30 ਕਿਲੋ ਮੀਟਰ ਵਾਟਰ ਸਪਲਾਈ ਲਾਇਨ ਦੇ ਰੱਖ ਰੱਖਾਵ ਲਈ ਇਕ ਫਿਟਰ ਅਤੇ 2 ਫਿਟਰ ਕੁੱਲੀ ਲੋੜੀਂਦੇ ਹਨ। 1027 ਕਿਲੋ ਮੀਟਰ ਵਾਟਰ ਸਪਲਾਈ ਲਾਇਨ ਦੇ ਰੱਖ ਰੱਖਾਵ ਲਈ ਹੇਠ ਲਿਖੇ ਅਨੁਸਾਰ ਸਟਾਫ ਲੋੜੀਂਦਾ ਹੈ:-

Sr. No	Post	Required Staff as per norms	Total Required Staff as per norms	At present total working staff	Total Staff More Required
1	Fitter	1 No. Fitter Required every 30 KM Pipe Line	1027 KMx1/30 = 34 Nos.	14 Nos	20 Nos
2	Fitter Coolie	2 No. Fitter Coolie Required every 30 KM Pipe Line	1027 KMx2/30 = 68 Nos.	33 Nos	35 Nos
For leave arrangement			9 Nos	-	9 Nos
Total			111 Nos	47 Nos	64 Nos

ਉਪਰੋਕਤ ਤੋ ਇਲਾਵਾ ਵਾਟਰ ਸਪਲਾਈ ਲਾਇਨਾਂ ਤੇ ਲਗੇ ਹੋਏ ਸਲੂਸ ਵਾਲਵ ਅਤੇ ਫਾਈਅਰ ਹਾਈਡਰੈਂਟ ਆਦਿ ਦੀਆਂ ਬਣੀਆਂ ਹੋਇਆ ਹੋਦੀਆਂ ਦੀ ਰਿਪੇਅਰ ਅਤੇ ਮੇਨਟੀਨੈਂਸ ਲਈ ਜ਼ੋਨ ਵਾਈਜ਼ ਮੈਸਨਾਂ ਦੀ ਵੀ ਬਹੁਤ ਲੋੜ ਹੈ। ਇਹਨਾ ਲੋੜੀਂਦੀਆਂ ਅਸਾਮੀਆਂ ਤੇ ਕਰਮਚਾਰੀ ਪਿਛਲੇ 4-5 ਸਾਲ ਤੋ ਆਉਟ ਸੋਰਸ ਤੇ ਠੇਕੇ ਤੇ ਰੱਖੇ ਜਾ ਰਹੇ ਹਨ ਜੀ। ਇਹਨਾਂ ਆਉਟ ਸੋਰਸ ਤੇ ਰੱਖੇ ਕਰਮਚਾਰੀਆਂ ਦੀ ਉਦੋ ਤੱਕ ਲੋੜ ਹੈ, ਜਦੋ ਤੱਕ ਨਗਰ ਨਿਗਮ ਵਿੱਚ ਨਵੀਂ ਭਰਤੀ ਨਹੀ ਹੋ ਜਾਂਦੀ।

ਨਗਰ ਨਿਗਮ ਵਿੱਚ ਲਗੇ ਹੋਏ ਵਾਟਰ ਸਪਲਾਈ ਸਿਸਟਮ ਦੀ ਰਿਪੇਅਰ ਅਤੇ ਮੇਨਟੀਨੈਂਸ ਵਾਸਤੇ ਰੈਗੂਲਰ ਸਟਾਫ ਦੀ ਘਾਟ ਹੋਣ ਕਰਕੇ 6 ਮੈਸਨ(ਸਕਿਲਡ) ਅਤੇ 58 ਫਿਟਰ ਕੁੱਲੀ/ਹੈਲਪਰ (ਅਨਸਕਿਲਡ) ਆਉਟ ਸੋਰਸ ਰਾਹੀਂ ਠੇਕੇ ਤੇ ਰੱਖੇ ਹੋਏ ਹਨ ਅਤੇ ਇਹਨਾ ਦਾ ਕੰਟਰੈਕਟ ਖਤਮ ਹੋਣ ਵਾਲਾ ਹੈ। ਵਾਟਰ ਸਪਲਾਈ ਦੀ ਰਿਪੇਅਰ ਅਤੇ ਮੇਨਟੀਨੈਂਸ ਲੋਕ ਹਿੱਤ ਵਿੱਚ ਕਰਨੀ ਬਹੁਤ ਜਰੂਰੀ ਹੈ। ਇਸ ਲਈ ਰੱਖ ਰੱਖਾਵ ਦੇ ਇਸ ਕੰਮ ਲਈ ਪਿਛਲੇ ਸਾਲ ਦੀ ਤਰ੍ਹਾ ਹੀ ਇਸ ਸਾਲ ਫਿਰ 6 ਮੈਸਨ(ਸਕਿਲਡ) ਅਤੇ 58 ਫਿਟਰ ਕੁੱਲੀ/ਹੈਲਪਰ (ਅਨਸਕਿਲਡ) ਆਉਟ ਸੋਰਸ ਰਾਹੀਂ ਠੇਕੇ ਤੇ ਰੱਖਣ ਲਈ ਮੁੱਖ ਸਕੱਤਰ ਪੰਜਾਬ ਸਰਕਾਰ/ਸਥਾਨਕ ਸਰਕਾਰ ਦੇ ਪਿਠਅੰਕਨ ਨੰ: 1/12/2011-2 ਸਸ4/2157 ਮਿਤੀ 11-08-11 ਰਾਹੀਂ ਜਾਰੀ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਪੱਤਰ ਨੰ: ਐਸ.ਟੀ/28009 ਮਿਤੀ 23.10.18 ਰਾਹੀਂ ਮਿਤੀ 01.09.18 ਤੋ ਜਾਰੀ ਮਿਨੀਮਮ ਵੇਜਿਜ਼ ਅਨੁਸਾਰ ਰੁਪਏ 89,12,208/- ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਵਿੱਚ ਮਿਨੀਮਮ ਵੇਜਿਜ਼ ਤੋ ਇਲਾਵਾ 13.36% ਈ.ਪੀ.ਐਫ, 4.75% ਈ.ਐਸ.ਆਈ ਅਤੇ ਰੂਲਾਂ ਅਨੁਸਾਰ 10% ਕੰਟਰੈਕਟਰ ਪ੍ਰੋਫਿਟ ਦਾ ਉਪਬੰਧ ਕੀਤਾ ਗਿਆ ਹੈ। ਜੋਨ ਵਾਈਜ਼ ਲੋੜੀਂਦੇ ਕਰਮਚਾਰੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ:	ਜ਼ੋਨ ਨੰ:	ਫਿਟਰ ਕੁੱਲੀ	ਮੈਸਨ
1	1	7	1
2	2	7	1
3	3	10	1
4	4	5	
5	4ਏ	5	1
6	5	7	
7	5ਏ	3	1
8	6	8	
9	7	6	1
ਕੁੱਲ ਜ਼ੋੜ		58	6

ਇਹਨਾ ਕਰਮਚਾਰੀਆਂ ਨੂੰ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਸਮੇ-ਸਮੇ ਸਿਰ ਨਿਰਧਾਰਿਤ ਕੀਤੀਆਂ ਜਾਣ ਵਾਲੀਆਂ ਮਿਨੀਮਮ ਵੇਜਿਜ਼ ਅਦਾਇਗੀ ਯੋਗ ਹੋਣਗੀਆਂ ਅਤੇ ਇਸ ਤੋ ਇਲਾਵਾ ਈ.ਪੀ.ਐਫ ਅਤੇ ਈ.ਐਸ.ਆਈ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਇਹਨਾ ਕਰਮਚਾਰੀਆਂ ਦਾ ਈ.ਪੀ.ਐਫ ਅਤੇ ਈ.ਐਸ.ਆਈ ਵੀ ਦੇਣਯੋਗ ਹੋਵੇਗਾ। ਇਹ ਕੰਮ ਈ-ਟੈਂਡਰਿੰਗ ਰਾਹੀਂ ਪ੍ਰਵਾਨਿਤ ਸਰਵਿਸ ਪ੍ਰੋਵਾਇਡਰ ਜਿਹੜਾ ਈ.ਪੀ.ਐਫ ਵਿਭਾਗ, ਈ.ਐਸ.ਆਈ ਵਿਭਾਗ ਅਤੇ ਲੇਬਰ ਵਿਭਾਗ ਨਾਲ ਸੂਚੀਬੱਧ ਹੋਵੇ, ਨੂੰ ਅਲਾਟ ਕੀਤਾ ਜਾਵੇਗਾ। ਇਸ ਤਖਮੀਨੇ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋ ਲੋੜੀਂਦੀ ਹੈ। ਇਸ ਤੋ ਇਲਾਵਾ ਅਗਰ ਸਰਕਾਰ ਵੱਲੋਂ ਕੋਈ ਜੀ.ਐਸ.ਟੀ ਆਦਿ ਲਗਾਇਆ ਜਾਂਦਾ ਹੈ ਤਾਂ ਉਸ ਅਨੁਸਾਰ ਅਦਾਇਗੀ ਕਰਨ ਦੀ ਪ੍ਰਵਾਨਗੀ ਵੀ ਲੋੜੀਂਦੀ ਹੈ ਜੀ।

ਉਪਰੋਕਤ ਅਨੁਸਾਰ ਤਖਮੀਨਾ ਅਤੇ ਜੇਕਰ ਕੋਈ ਜੀ.ਐਸ.ਟੀ ਆਦਿ ਲਗਾਇਆ ਜਾਂਦਾ ਹੈ ਤਾਂ ਉਸ ਦੀ ਵੀ ਨਗਰ ਨਿਗਮ ਹਾਊਸ ਵਿੱਚ ਪ੍ਰਵਾਨਗੀ ਲੋੜੀਂਦੀ ਹੈ ਜੀ।

ਉਪਰੋਕਤ ਅਨੁਸਾਰ ਤਖਮੀਨਾ ਅਤੇ ਜੇਕਰ ਕੋਈ ਜੀ.ਐਸ.ਟੀ ਆਦਿ ਲਗਾਇਆ ਜਾਂਦਾ ਹੈ ਤਾਂ ਉਸ ਦੀ ਵੀ ਨਗਰ ਨਿਗਮ ਹਾਊਸ ਵਿੱਚ ਪ੍ਰਵਾਨਗੀ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 17.12.18 ਰਾਹੀਂ ਲਿਖਿਆ ਹੈ ਕਿ ਪਹਿਲੇ ਟੈਂਡਰਾਂ ਦੀ ਮਿਆਦ ਮਿਤੀ 31.03.19 ਤੱਕ ਹੈ। ਇਸ ਲਈ ਤਖਮੀਨਾ ਹਾਊਸ ਦੀ ਅਪਰੂਵਲ ਲਈ ਪੇਸ਼ ਹੈ। ਸੰਯੁਕਤ ਕਮਿਸ਼ਨਰ ਅਤੇ ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 18.01.19 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 21.01.19 ਰਾਹੀਂ ਇਸ ਕੰਮ ਦੀ ਪੁਰਾਣੀ ਫਾਈਲ ਮੰਗੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 22.02.19 ਰਾਹੀਂ ਪੁਰਾਣੀ ਫਾਈਲ ਅਟੈਚ ਕਰਕੇ ਭੇਜੀ ਹੈ, ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 28.02.19 ਰਾਹੀਂ ਨਿਗਰਾਨ ਇੰਜੀਨੀਅਰ ਜੀ ਨੂੰ ਗਲਬਾਤ ਕਰਨ ਨੂੰ ਕਿਹਾ। ਮਾਨਯੋਗ ਮੇਅਰ ਜੀ ਦੇ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਨਿਗਰਾਨ ਇੰਜੀਨੀਅਰ ਨੇ ਸਪਸ਼ਟ ਕੀਤਾ ਕਿ ਵਿਸ਼ੇ ਅਧੀਨ ਪੁਰਾਣਾ ਸਟਾਫ ਮਾਨਯੋਗ ਮੇਅਰ ਜੀ ਦੇ ਸਾਹਮਨੇ ਪੇਸ਼ ਕੀਤਾ ਅਤੇ ਲਿਖਿਆ ਕਿ ਇਹਨਾ ਕਰਮਚਾਰੀਆਂ ਦਾ ਸਮਾਂ ਮਿਤੀ 31.03.19 ਤੱਕ ਖਤਮ ਹੋ ਰਿਹਾ ਹੈ। ਇਸ ਲਈ ਤਖਮੀਨੇ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਪ੍ਰਵਾਨਗੀ ਦਿੱਤੀ ਜਾਵੇ ਜੀ। ਮਾਨਯੋਗ ਮੇਅਰ ਜੀ ਨੇ ਨਿਗਰਾਨ ਇੰਜੀਨੀਅਰ ਦੀ ਸਿਫਾਰਿਸ਼ ਤੇ ਉਪਰੋਕਤ ਅਨੁਸਾਰ ਪ੍ਰਵਾਨਗੀ ਕਰ ਦਿੱਤੀ ਹੈ।

ਤਖਮੀਨਾ ਅੰਤਿਮ ਪ੍ਰਵਾਨਗੀ ਲਈ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 45

ਵਿਸ਼ਾ:- ਵਾਟਰ ਰੇਟ ਸ਼ਾਖਾ, ਆਡਿਟ ਸ਼ਾਖਾ, ਕੰਪਲੇਂਟ ਸੈਲ, ਨਕਸ਼ਾ ਸ਼ਾਖਾ ਅਤੇ ਵਰਕਸ਼ਾਪ ਸ਼ਾਖਾ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ 6 ਕੰਪਿਉਟਰ ਉਪਰੇਟਰ ਕਰਮਚਾਰੀ ਆਉਟ ਸੋਰਸ ਤੇ ਇਕ ਸਾਲ ਲਈ ਠੇਕੇ ਤੇ ਰੱਖਣ ਦੇ ਤਖਮੀਨੇ ਦੀ ਪ੍ਰਵਾਨਗੀ ਬਾਰੇ।

ਤਖਮੀਨਾ ਰੁਪਏ 9,89,640/- (ਜੇਕਰ ਸਰਕਾਰ ਵੱਲੋਂ ਕੋਈ ਜੀ.ਐਸ.ਟੀ ਲਗਾਇਆ ਜਾਂਦਾ ਉਹ ਵੱਖਰਾ ਹੋਵੇਗਾ)

ਪੜਿਆ ਨੋਟ ਕਾਰਜਕਾਰੀ ਇੰਜੀਨੀਅਰ ਨੇ ਮਿਤੀ 31.12.18 ਕਿ ਵਾਟਰ ਰੇਟ ਸ਼ਾਖਾ ਵਿੱਚ ਪੋਸਟਿੰਗ ਦੇ ਕੰਮ ਲਈ, ਆਡਿਟ ਸ਼ਾਖਾ, ਕੰਪਲੇਂਟ ਸ਼ਾਖਾ, ਲੇਖਾ ਸ਼ਾਖਾ ਅਤੇ ਵਰਕਸ਼ਾਪ ਸ਼ਾਖਾ ਵਿੱਚ ਰੋਜਾਨਾ ਦੇ ਫੁਟਕਲ ਕੰਮਾਂ ਵਾਸਤੇ ਸਟਾਫ ਦੀ ਬਹੁਤ ਘਾਟ ਹੈ, ਜਿਸ ਕਰਕੇ ਕੰਮ ਕਾਜ ਦਾ ਕਾਫੀ ਹਰਜਾ ਹੁੰਦਾ ਹੈ। ਇਹਨਾ ਸ਼ਾਖਾ ਦੇ ਕੰਮਾਂ ਵਾਸਤੇ ਪਿਛਲੇ 3-4 ਸਾਲ ਤੋ ਕੰਪਿਉਟਰ ਓਪਰੇਟਰ ਕਰਮਚਾਰੀ ਆਉਟ ਸੋਰਸ ਰਾਹੀਂ ਠੇਕੇ ਤੇ ਰੱਖੇ ਜਾਂਦੇ ਰਹੇ ਹਨ। ਪਿਛਲੇ ਸਾਲ ਇਹ ਕੰਪਿਉਟਰ ਓਪਰੇਟਰ ਆਉਟ ਸੋਰਸ ਰਾਹੀਂ ਠੇਕੇ ਤੇ ਰੱਖੇ ਗਏ ਸਨ ਅਤੇ ਉਹਨਾ ਦਾ ਠੇਕਾ ਖਤਮ ਹੋਣ ਵਾਲਾ ਹੈ। ਇਹਨਾ ਕਰਮਚਾਰੀਆਂ ਦੀ ਸੇਵਾਵਾਂ ਦੀ ਅਜੇ ਬਹੁਤ ਜਰੂਰਤ ਹੈ। ਇਸ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਪੱਤਰ ਨੰ: ਐਸ.ਟੀ/28009 ਮਿਤੀ 23.10.18 ਰਾਹੀਂ ਮਿਤੀ 01.09.18 ਤੋ ਜਾਰੀ ਮਿਨੀਮਮ ਵੇਜਿਜ਼ ਅਨੁਸਾਰ ਰੁਪਏ 9,89,640/- ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਵਿੱਚ ਮਿਨੀਮਮ ਵੇਜਿਜ਼ ਤੋ ਇਲਾਵਾ 13.36% ਈ.ਪੀ.ਐਫ, 4.75% ਈ.ਐਸ.ਆਈ ਅਤੇ ਰੂਲਾਂ ਅਨੁਸਾਰ 10% ਕੰਟਰੈਕਟਰ ਪ੍ਰੋਫਿਟ ਦਾ ਉਪਬੰਧ ਕੀਤਾ ਗਿਆ ਹੈ। ਇਹਨਾਂ ਆਉਟ ਸੋਰਸ ਤੇ ਰੱਖੇ ਕਰਮਚਾਰੀਆਂ ਦੀ ਉਦੋ ਤੱਕ ਲੋੜ ਹੈ, ਜਦੋ ਤੱਕ ਨਗਰ ਨਿਗਮ ਵਿੱਚ ਨਵੀਂ ਭਰਤੀ ਨਹੀ ਹੋ ਜਾਂਦੀ।

ਇਸ ਤਖਮੀਨੇ ਵਿੱਚ ਪੰਜਾਬ ਸਰਕਾਰ ਦੇ ਲੇਬਰ ਵਿਭਾਗ ਵੱਲੋਂ ਮਿਤੀ 01.09.18 ਤੋ ਨਿਰਧਾਰਿਤ ਕੰਪਿਉਟਰ ਓਪਰੇਟਰ ਦੀ ਮਿਨੀਮਮ ਵੇਜਿਜ਼ ਰੁਪਏ 9754/- ਪ੍ਰਤੀ ਮਹੀਨਾ ਲਏ ਗਏ ਹਨ ਅਤੇ ਇਸ ਤੋ ਇਲਾਵਾ ਈ.ਪੀ.ਐਫ, ਈ.ਐਸ.ਆਈ, ਕੰਟਰੈਕਟਰ ਪ੍ਰੋਫਿਟ, ਇਨਕਮ ਟੈਕਸ ਅਤੇ ਲੇਬਰ ਸੈਸ ਦਾ ਰੂਲਾਂ ਅਨੁਸਾਰ ਉਪਬੰਧ ਹੈ। ਅਗਰ ਇਹਨਾ ਵਿਭਾਗਾ ਵੱਲੋਂ ਇਹਨਾ ਦਰਾ ਵਿੱਚ ਵਾਧਾ ਜਾਂ ਘਾਟਾ ਕੀਤਾ ਜਾਂਦਾ ਹੈ ਤਾਂ ਉਸ ਅਨੁਸਾਰ ਅਦਾਇਗੀ ਦੇਣਯੋਗ ਹੋਵੇਗੀ। ਇਸ ਤੋ ਇਲਾਵਾ ਅਗਰ ਸਰਕਾਰ ਵੱਲੋਂ ਜੀ.ਐਸ.ਟੀ ਲਗਾਇਆ ਜਾਂਦਾ ਹੈ ਤਾਂ ਉਸ ਅਦਾਇਗੀ ਕਰਨ ਦੀ ਪ੍ਰਵਾਨਗੀ ਲੋੜੀਂਦੀ ਹੈ ਜੀ। ਉਪਰੋਕਤ ਅਨੁਸਾਰ ਤਖਮੀਨੇ ਦੀ ਨਗਰ ਨਿਗਮ ਹਾਊਸ ਤੋ ਪ੍ਰਵਾਨਗੀ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 02.1.19 ਰਾਹੀਂ ਲਿਖਿਆ ਹੈ ਕਿ ਪਹਿਲੇ ਟੈਂਡਰਾਂ ਦੀ ਮਿਆਦ ਮਿਤੀ 31.03.19 ਤੱਕ ਹੈ। ਇਸ ਲਈ ਤਖਮੀਨਾ ਹਾਊਸ ਦੀ ਅਪਰੂਵਲ ਲਈ ਪੇਸ਼ ਹੈ। ਸੰਯੁਕਤ ਕਮਿਸ਼ਨਰ ਅਤੇ ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 18.01.19 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 21.01.19 ਰਾਹੀਂ ਇਸ ਕੰਮ ਦੀ ਪੁਰਾਣੀ ਫਾਈਲ ਮੰਗੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 22.02.19 ਰਾਹੀਂ ਪੁਰਾਣੀ ਫਾਈਲ ਅਟੈਚ ਕਰਕੇ ਭੇਜੀ ਹੈ, ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 28.02.19 ਰਾਹੀਂ ਨਿਗਰਾਨ ਇੰਜੀਨੀਅਰ ਜੀ ਨੂੰ ਗਲਬਾਤ ਕਰਨ ਨੂੰ ਕਿਹਾ। ਮਾਨਯੋਗ ਮੇਅਰ ਜੀ ਦੇ ਹੁਕਮਾਂ ਨੂੰ ਮੁੱਖ ਰੱਖਦੇ ਹੋਏ ਨਿਗਰਾਨ ਇੰਜੀਨੀਅਰ ਨੇ ਸਪਸ਼ਟ ਕੀਤਾ ਕਿ ਵਿਸ਼ੇ ਅਧੀਨ ਪੁਰਾਣਾ ਸਟਾਫ ਮਾਨਯੋਗ ਮੇਅਰ ਜੀ ਦੇ ਸਾਹਮਨੇ ਪੇਸ਼ ਕੀਤਾ ਅਤੇ ਲਿਖਿਆ ਕਿ ਇਹਨਾ ਕਰਮਚਾਰੀਆਂ ਦਾ ਸਮਾ ਮਿਤੀ 31.03.19 ਤੱਕ ਖਤਮ ਹੋ ਰਿਹਾ ਹੈ। ਇਸ ਲਈ ਤਖਮੀਨੇ ਦੀ ਪ੍ਰਵਾਨਗੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਉਸ ਪ੍ਰਵਾਨਗੀ ਦਿੱਤੀ ਜਾਵੇ ਜੀ।ਮਾਨਯੋਗ ਮੇਅਰ ਜੀ ਨੇ ਨਿਗਰਾਨ ਇੰਜੀਨੀਅਰ ਦੀ ਸਿਫਾਰਿਸ਼ ਤੇ ਉਪਰੋਕਤ ਅਨੁਸਾਰ ਪ੍ਰਵਾਨਗੀ ਕਰ ਦਿੱਤੀ ਹੈ।

ਤਖਮੀਨਾ ਅੰਤਿਮ ਪ੍ਰਵਾਨਗੀ ਲਈ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 46

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਹਦੂਦ ਅੰਦਰ ਆਉਂਦੇ ਹਰ ਇੱਕ ਪ੍ਰਾਪਰਟੀ ਨੂੰ ਜੀ. ਆਈ. ਐਸ ਦੁਆਰਾ ਜਾਰੀ ਯੂ. ਆਈ. ਡੀ. ਨੰਬਰ ਪੇਂਟ ਨਾਲ ਲਿਖਣ ਬਾਰੇ।

ਹਵਾਲਾ: ਨਗਰ ਨਿਗਮ ਹਾਊਸ ਦੇ ਮਤਾ ਨੰ: 133 ਮਿਤੀ 18.10.2018, ਉਪਰੋਕਤ ਵਿਸ਼ੇ ਸਬੰਧੀ ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਸੁਪਰਡੰਟ ਪ੍ਰਾਪਰਟੀ ਟੈਕਸ ਅਤੇ ਜੁਆਇੰਟ ਕਮਿਸ਼ਨਰ (ਆਰ) ਨਗਰ ਨਿਗਮ ਜਲੰਧਰ ਜੀ ਵਲੋਂ ਇੱਕ ਨੋਟ ਮਿਤੀ 08.08.2018 ਰਾਹੀਂ ਬੀ.ਐਂਡ.ਆਰ ਸ਼ਾਖਾ ਨੂੰ ਲਿਖਿਆ ਗਿਆ ਹੈ ਕਿ ਨਗਰ ਨਿਗਮ ਜਲੰਧਰ ਵਿੱਚ ਮੈ: ਦਾਰਾਸ਼ਾਹ ਐਂਡ. ਕੰਪਨੀ ਵਲੋਂ ਜਲੰਧਰ ਦੀ ਹਦੂਦ ਅੰਦਰ ਆਉਂਦੀ ਹਰੇਕ ਪ੍ਰਾਪਰਟੀ ਦਾ ਜ਼ੋ ਜੀ.ਆਈ.ਐਸ ਸਰਵੇ ਕਰਵਾਇਆ ਗਿਆ ਹੈ ਉਸ ਅਨੁਸਾਰ ਨਗਰ ਨਿਗਮ ਜਲੰਧਰ ਅਧੀਨ ਆਉਂਦੀਆਂ ਕੁੱਲ 2,92,362 ਪ੍ਰਾਪਰਟੀਜ਼ ਦਾ ਯੂ.ਆਈ.ਡੀ ਨੰਬਰ ਦਿੱਤਾ ਗਿਆ ਹੈ ਤਾਂ ਕਿ ਹਰੇਕ ਪ੍ਰਾਪਰਟੀ ਤੋਂ ਪ੍ਰਾਪਰਟੀ ਟੈਕਸ ਵਸੂਲਿਆ ਜਾ ਸਕੇ। ਉਕਤ ਅਧਿਕਾਰੀਆਂ ਵਲੋਂ ਲਿਖਿਆ ਗਿਆ ਹੈ ਕਿ ਹਰੇਕ ਪ੍ਰਾਪਰਟੀ ਦਾ ਯੂ.ਆਈ.ਡੀ ਨੰਬਰ ਉਸ ਪ੍ਰਾਪਰਟੀ ਦੇ ਬਾਹਰ ਪੇਂਟ ਨਾਲ ਲਿਖਵਾਇਆ ਜਾਵੇ ਤਾਂ ਕਿ ਹਰੇਕ ਅਸੈਸੀ ਨੂੰ ਆਪਣਾ ਯੂ.ਆਈ.ਡੀ ਨੰਬਰ ਪਤਾ ਚੱਲ ਸਕੇ ਅਤੇ ਉਸ ਅਨੁਸਾਰ ਆਪਣਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਸਕੇ।

ਉਕਤ ਅਨੁਸਾਰ ਬੀ.ਐਂਡ.ਆਰ ਸ਼ਾਖਾ ਵਲੋਂ ਹਰ ਪ੍ਰਾਪਰਟੀ ਦੇ ਬਾਹਰ ਪੀਲੇ ਰੰਗ ਨਾਲ ਪੇਂਟ ਕਰਨ ਅਤੇ ਉਸ ਉੱਪਰ ਕਾਲੇ ਰੰਗ ਦੇ ਅੱਖਰਾਂ ਨਾਲ ਯੂ.ਆਈ.ਡੀ ਨੰਬਰ ਲਿਖਵਾਉਣ ਦਾ ਤਖਮੀਨਾ ਰਕਮ 132.93 ਲੱਖ ਦਾ ਤਿਆਰ ਕੀਤਾ ਗਿਆ ਹੈ। ਇਹ ਤਖਮੀਨਾ ਸੀ.ਐਸ.ਆਰ ਰੇਟਾ ਅਤੇ ਮੌਜੂਦਾ ਪਰੀਮੀਅਮ ਅਨੁਸਾਰ ਤਿਆਰ ਕੀਤਾ ਗਿਆ ਹੈ।ਇਸ ਤਖਮੀਨੇ ਸਬੰਧੀ ਮਾਨਯੋਗ ਕਮਿਸ਼ਨਰ ਸਾਹਿਬ, ਮੇਅਰ ਸਾਹਿਬ, ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ), ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਅਤੇ ਪ੍ਰਾਪਰਟੀ ਟੈਕਸ ਦੇ ਸੁਪਰਡੰਟ ਨਾਲ ਵੀ ਡਿਸਕਸ ਕੀਤਾ ਗਿਆ ਹੈ। ਇਹ ਵੀ ਡਿਸਕਸ ਕੀਤਾ ਗਿਆ ਕਿ ਜੇ ਇਹ ਯੂ.ਆਈ.ਡੀ ਨੰਬਰ ਵੱਖ- ਵੱਖ ਬ੍ਰਾਂਚਾ ਵਲੋਂ ਪਹਿਲਾਂ ਕੀਤੀ ਜਾ ਰਹੀ ਬਿਲਿੰਗ ਰਾਹੀਂ ਪ੍ਰਾਪਰਟੀ ਮਾਲਕ ਨੂੰ ਨੋਟ ਕਰਵਾ ਦਿੱਤੇ ਜਾਣ ਤਾਂ ਵਿਸ਼ੇ ਅਧੀਨ ਦਰਸਾਏ ਕੰਮ ਦਾ ਖਰਚਾ ਬੱਚ ਸਕਦਾ ਹੈ ਪਰੰਤੂ ਕਾਫੀ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਪ੍ਰਾਪਰਟੀ ਟੈਕਸ, ਵਾਟਰ ਸਪਲਾਈ ਬਿਲਿੰਗ ਆਦਿ ਦੀ ਸਹੀ ਤਰੀਕੇ ਨਾਲ ਰਿਕਵਰੀ ਲਈ ਹਰ ਪ੍ਰਾਪਰਟੀ ਦੇ ਬਾਹਰ ਪੇਂਟ ਨਾਲ ਯੂ.ਆਈ.ਡੀ ਨੰਬਰ ਲਿਖਣਾ ਜਰੂਰੀ ਹੈ।ਵਿਚਾਰ ਵਟਾਂਦਰੇ ਦੌਰਾਨ ਨਿਗਰਾਨ ਇੰਜੀਨੀਅਰ (ਓ.ਐਂਡ.ਐਮ) ਵਲੋਂ ਵੀ ਮਾਨਯੋਗ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਜੀ ਨੂੰ ਦੱਸਿਆ ਗਿਆ ਕਿ ਨਗਰ ਨਿਗਮ ਬਠਿੰਡਾ ਵਿੱਚ ਵੀ ਹਰ ਪ੍ਰਾਪਰਟੀ ਦੇ ਬਾਹਰ ਇਸੇ ਤਰ੍ਹਾਂ ਪੇਂਟ ਨਾਲ ਯੂ.ਆਈ.ਡੀ ਨੰਬਰ ਲਿਖਵਾਇਆ ਗਿਆ ਹੈ ਜਿਸ ਨਾਲ ਰਿਕਵਰੀ ਵਿੱਚ ਸੁਧਾਰ ਹੋਇਆ ਹੈ।ਇਸ ਲਈ ਫੈਸਲਾ ਕੀਤਾ ਗਿਆ ਕਿ ਇਹ ਪੇਂਟ ਨਾਲ ਯੂ.ਆਈ.ਡੀ ਨੰਬਰ ਲਿਖਣ ਦਾ ਐਸਟੀਮੇਟ ਜਨਰਲ ਹਾਊਸ ਦੇ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇ।ਉਕਤ ਅਨੁਸਾਰ ਇਹ ਰਿਪੋਰਟ ਅਤੇ ਵਿਸ਼ੇ ਅਧੀਨ ਦਰਸਾਏ ਕੰਮ ਦਾ ਤਖਮੀਨਾ ਨਗਰ ਨਿਗਮ ਦੇ ਜਨਰਲ ਹਾਊਸ ਦੇ ਵਿਚਾਰ ਅਤੇ ਪ੍ਰਵਾਨਗੀ ਲਈ ਪੇਸ਼ ਕਰਨ ਹਵਾਲੇ ਅਧੀਨ ਮਤੇ ਰਾਹੀਂ ਵਿਚਾਰਿਆ ਗਿਆ ਸੀ ਅਤੇ ਵਿਚਾਰਣ ਉਪਰੰਤ ਹਾਊਸ ਵਲੋਂ ਇਹ ਮੱਦ ਲੰਬਿਤ ਰੱਖੀ ਗਈ ਸੀ ਅਤੇ ਇਹ ਵੀ ਫੈਸਲਾ ਹੋਇਆ ਸੀ ਕਿ ਕਮਿਸ਼ਨਰ ਇਸ ਕੰਮ ਦੇ ਰੇਟਾਂ ਨੂੰ ਮੁੜ੍ਹ ਘੋਖ ਲੈਣ।

ਇਸ ਸਬੰਧੀ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 16.1.2019 ਰਾਹੀਂ ਰਿਪੋਰਟ ਕੀਤੀ ਹੈ ਕਿ ਇਹ ਤਖ਼ਮੀਨਾ ਪਰੀਮਿਅਮ ਲਿਸਟ ਵਿੱਚ ਜਿਹੜੇ ਸੀ.ਐਸ.ਆਰ.+ ਸੀਲਿੰਗ ਪਰੀਮਿਅਮ ਅਨੁਸਾਰ ਹੀ ਤਿਆਰ ਕੀਤਾ ਗਿਆ ਹੈ ਜਿਸ ਨਾਲ ਐਸ.ਈ.(ਬੀ ਐਂਡ ਆਰ) ਨੇ ਸਹਿਮਤੀ ਪ੍ਰਗਟਾਈ ਹੈ ਅਤੇ ਤਜਵੀਜ਼ ਮੁੜ੍ਹ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਹਿੱਤ ਸਿਫਾਰਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ 18.1.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 21.1.2019 ਰਾਹੀਂ ਇਸ ਤਖਮੀਨੇ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਖਮੀਨਾ ਨਗਰ ਨਿਗਮ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 47

ਵਿਸ਼ਾ:- 66 ਕੇ.ਵੀ ਅੰਡਰਗਰਾਉਂਡ ਕੇਬਲ ਦੀ ਉਸਾਰੀ ਵਾਸਤੇ ਐਨ.ਓ.ਸੀ ਜਾਰੀ ਕਰਨ ਬਾਰੇ।

ਹਵਾਲਾ: ਨਗਰ ਨਿਗਮ ਹਾਊਸ ਦੇ ਮਤਾ ਨੰ: 165 ਮਿਤੀ 18.10.2018

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਜਿਸ ਨਾਲ ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਸੀਨੀਅਰ ਕਾਰਜਕਾਰੀ ਇੰਜੀਨੀਅਰ ਟੀ.ਐਲ ਮੰਡਲ ਪਾਵਰਕਾਮ ਜਲੰਧਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਨੇ ਆਪਣੇ ਪੱਤਰ ਨੰ.3909 ਮਿਤੀ 22.12.2017 ਰਾਹੀਂ ਲਿਖਿਆ ਹੈ ਕਿ ਜਲੰਧਰ ਸ਼ਹਿਰ ਦੇ ਬਿਜਲੀ ਸਪਲਾਈ ਸਿਸਟਮ ਵਿੱਚ ਸੁਧਾਰ ਕਰਨ ਵਾਸਤੇ 66 ਕੇ.ਵੀ ਅੰਡਰਗਰਾਉਂਡ ਕੇਬਲ ਪਾਉਣ ਲਈ ਮੁੱਖ ਇੰਜੀਨੀਅਰ ਟੀ.ਐਸ.ਪੀ. ਐਸ.ਪੀ.ਸੀ.ਐਲ ਪਟਿਆਲਾ ਵਲੋਂ ਸਾਲ 2017-18 ਦੌਰਾਨ ਕਰਵਾਏ ਜਾਣ ਵਾਲੇ ਕੰਮਾਂ ਦੀ ਪਲੈਨਿੰਗ ਲਿਸਟ ਦੇ ਲੜੀ ਨੰ. 20 ਅਨੁਸਾਰ ਵਰਕ ਆਰਡਰ ਜਾਰੀ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਵੇਰਕਾ ਮਿਲਕ ਪਲਾਂਟ ਨੇੜੇ ਸਲੇਮਪੁਰ ਰੋਡ ਦੇ ਕਿਨਾਰੇ ਦਰਸਾਏ ਅਨੁਸਾਰ 4 ਫੁੱਟ ਚੋੜੀ 5 ਫੁੱਟ ਡੂੰਘੀ ਟਰੈਂਚ ਦੀ ਖੁਦਾਈ ਕਰਕੇ ਅੰਡਰਗਰਾਉਂਡ ਕੇਬਲ ਲੇਇੰਗ ਦਾ ਕੰਮ ਕੀਤਾ ਜਾਵੇਗਾ। ਇਸ ਕੇਬਲ ਦੀ ਕੁੱਲ ਲੰਬਾਈ 1797 ਮੀਟਰ ਅਤੇ ਕੇਬਲ ਦਾ ਸਾਈਜ $630mm^2$ ਦਰਸਾਇਆ ਗਿਆ ਹੈ। ਉਹਨਾਂ ਵਲੋਂ ਨਗਰ ਨਿਗਮ ਨੂੰ ਬੇਨਤੀ ਕੀਤੀ ਗਈ ਹੈ ਕਿ ਉਪਰੋਕਤ ਅਨੁਸਾਰ ਸੜਕ ਦੀ ਖੁਦਾਈ ਦਾ ਕੰਮ ਕਰਨ ਲਈ ਲੋੜੀਂਦਾ ਬੀ.ਟੀ. ਬਿੱਲ ਇਸ ਦਫ਼ਤਰ ਨੂੰ ਭੇਜਿਆ ਜਾਵੇ ਤਾਂ ਕਿ ਇਹ ਚਾਰਜਸ ਜਮ੍ਹਾ ਕਰਵਾ ਕੇ ਸਮੇਂ ਸਿਰ ਉਕਤ ਕੇਬਲ ਲੇਇੰਗ ਦਾ ਕੰਮ ਸ਼ਡਿਊਲ ਅਨੁਸਾਰ ਕਰਵਾਇਆ ਜਾਵੇ। ਇਸ ਸਬੰਧੀ ਦਫ਼ਤਰੀ ਰਿਪੋਰਟ ਮਿਤੀ 14.05.18 ਅਨੁਸਾਰ ਨਗਰ ਨਿਗਮ ਵਲੋਂ ਇਹ ਸੜਕ ਸਾਲ 2015 ਵਿੱਚ ਬਣਾਈ ਗਈ ਸੀ ਅਤੇ ਇਹ ਸੜਕ ਹੁਣ ਵੀ ਬਹੁਤ ਵਧੀਆ ਕੰਡੀਸ਼ਨ ਵਿੱਚ ਹੈ। ਇਸ ਸੜਕ ਦੇ ਜਿਆਦਾ ਹਿੱਸੇ ਦੀ ਚੋੜਾਈ 18 ਫੁੱਟ ਹੈ। ਪੀ.ਐਸ.ਪੀ.ਸੀ.ਐਲ ਵਲੋਂ 1797 ਮੀਟਰ ਲੰਬਾਈ ਉੱਪਰ 4 ਫੁੱਟ ਚੋੜੀ 5 ਫੁੱਟ ਡੂੰਘੀ ਟਰੈਂਚ ਪੁੱਟਣ ਦੀ ਮੰਜੂਰੀ ਮੰਗੀ ਗਈ ਹੈ ਪਰੰਤੂ ਇਸ ਪੁਟਾਈ ਕਾਰਣ ਜਗ੍ਹਾ ਨਰਮ ਹੋਣ ਕਾਰਣ ਸਾਈਡਾ ਤੋਂ ਸੜਕ ਹੋਰ ਡੈਮੇਜ਼ ਹੋ ਜਾਵੇਗੀ। ਜਦੋਂ ਇਸ ਦੀ ਖੁਦਾਈ ਦੀ ਬਾਕੀ ਮਿੱਟੀ ਬਾਹਰ ਕੱਢੀ ਜਾਵੇਗੀ ਤਾਂ ਲਗਭੱਗ ਸਾਰੀ ਸੜਕ ਖਰਾਬ ਹੋ ਜਾਵੇਗੀ। ਇਸ ਤੋਂ ਇਲਾਵਾ ਇਹ ਸੜਕ ਨਾਲ ਜੁੜਦੀਆ ਕਲੋਨੀਆਂ ਜਿਵੇ ਕਿ ਬੈਂਕ ਕਲੋਨੀ, ਨਿਊ ਗੁਰੂ ਅਮਰਦਾਸ ਨਗਰ, ਅਮਨ ਵਿਹਾਰ, ਸਰਾਭਾ ਨਗਰ, ਬਾਬਾ ਮੋਹਨ ਦਾਸ ਨਗਰ, ਅਸ਼ੋਕ ਵਿਹਾਰ, ਗੁਰੂ ਰਾਮਦਾਸ ਨਗਰ ਅਤੇ ਪਿੰਡ ਸਲੇਮਪੁਰ ਦਾ ਟਰੈਫਿਕ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਇਸ ਵਿੱਚੋਂ ਕੁੱਝ ਕਲੋਨੀਆਂ ਜਿਵੇ ਕਿ ਬੈਂਕ ਕਲੋਨੀ, ਨਿਊ ਗੁਰੂ ਅਮਰਦਾਸ ਨਗਰ ਅਤੇ ਅਮਨ ਵਿਹਾਰ ਵਿੱਚ ਜਾਣ ਲਈ ਰਸਤਾ ਸਿਰਫ ਇਸੇ ਸੜਕ ਰਾਹੀਂ ਹੀ ਹੈ। ਇਸ ਲਈ ਉਕਤ ਦਰਸਾਈਆ ਕਲੋਨੀਆ ਦੇ ਆਉਣ ਜਾਣ ਦਾ ਰਸਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ।

ਉਪਰੋਕਤ ਦਰਸਾਏ ਅਨੁਸਾਰ ਆਵਾਜਾਈ ਦੀਆਂ ਮੁਸ਼ਕਿਲਾ ਨੂੰ ਧਿਆਨ ਵਿੱਚ ਰੱਖਦੇ ਹੋਏ ਨਗਰ ਨਿਗਮ ਵਲੋਂ ਆਪਣੇ ਪੱਤਰ ਨੰ. ਸੀ.ਈ. (ਜੇ)-618 ਮਿਤੀ 18.01.18 ਰਾਹੀਂ ਪੀ.ਐਸ.ਪੀ.ਸੀ.ਐਲ ਨੂੰ ਇਹ ਕੇਬਲ ਪਾਉਣ ਲਈ ਕਿਸੇ ਹੋਰ Alternative route ਦੀ ਤਜਵੀਜ ਭੇਜਣ ਲਈ ਲਿਖਿਆ ਗਿਆ ਸੀ ਪਰੰਤੂ ਪੀ.ਐਸ.ਪੀ.ਸੀ.ਐਲ ਨੇ ਪੱਤਰ ਨੰ. 474 ਮਿਤੀ 02.02.18 ਰਾਹੀਂ ਸੂਚਿਤ ਕੀਤਾ ਹੈ ਕਿ ਇਸ ਅੰਡਰਗਰਾਉਂਡ ਕੇਬਲ ਪਾਉਣ ਲਈ ਕੋਈ ਹੋਰ Alternative route ਸੰਭਵ ਨਹੀਂ ਹੈ ਇਸ ਲਈ ਇਸ ਰੂਟ ਦੇ ਬੀ.ਟੀ ਬਿੱਲ ਦੀ ਮੰਗ ਕੀਤੀ ਗਈ ਹੈ।ਇਸ ਉਪਰੰਤ ਇਸ ਏਰੀਏ ਵਿੱਚ ਕੇਬਲ ਪਾਉਣ ਕਾਰਣ ਆਉਣ ਵਾਲੀਆਂ ਮੁਸ਼ਕਿਲਾ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਦਫ਼ਤਰ ਦੇ ਪੱਤਰ ਨੰ. ਸੀ.ਈ. (ਜੇ) 734 ਮਿਤੀ 07.06.18 ਰਾਹੀਂ ਪੀ.ਐਸ.ਪੀ.ਸੀ.ਐਲ ਦੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਨੂੰ ਇਸ ਮਸਲੇ ਨੂੰ ਹੱਲ ਕਰਨ ਲਈ ਮਿਤੀ 12.06.18 ਨੂੰ ਮੀਟਿੰਗ ਲਈ ਬੁਲਾਇਆ ਗਿਆ। ਪੀ.ਐਸ.ਪੀ.ਸੀ.ਐਲ ਵਲੋਂ ਇਹ ਮੀਟਿੰਗ ਉਹਨਾਂ ਦੇ ਸਬੰਧਤ ਐਸ.ਡੀ.ਓ ਵਲੋਂ ਸ਼੍ਰੀ ਰਵਿੰਦਰ ਸਿੰਘ ਬੈਂਸ ਅਤੇ ਭਾਰਤ ਆਨੰਦ AEE ਵਲੋਂ ਅਟੈਂਡ ਕੀਤੀ ਗਈ। ਨਗਰ ਨਿਗਮ ਦੇ ਅਧਿਕਾਰੀਆਂ ਵਲੋਂ ਆਉਣ ਵਾਲੀਆਂ ਮੁਸ਼ਕਿਲਾ ਨੂੰ ਧਿਆਨ ਵਿੱਚ ਰੱਖਦੇ ਹੋਏ ਕਿਹਾ ਗਿਆ ਕਿ ਇਹ ਕੇਬਲ ਓਪਨ ਟਰੈਂਚ ਦੀ ਬਜਾਏ ਐਚ.ਡੀ.ਡੀ ਟੈਕਨਾਲੋਜੀ ਰਾਹੀਂ ਪਾ ਲਈ ਜਾਵੇ ਪਰੰਤੂ ਉਹਨਾਂ ਵਲੋਂ ਕਿਹਾ ਗਿਆ ਕਿ ਇਸ ਕੰਮ ਲਈ ਐਚ.ਡੀ.ਡੀ ਟੈਕਨਾਲੋਜੀ ਸੰਭਵ ਨਹੀਂ ਹੈ। ਇਹ ਕੰਮ ਓਪਨ ਟਰੈਂਚ ਪੱਟ ਕੇ ਹੀ ਕੀਤਾ ਜਾ ਸਕਦਾ ਹੈ। ਇਸ ਉਪਰੰਤ ਪੀ.ਐਸ.ਪੀ.ਸੀ.ਐਲ ਦੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਵਲੋਂ ਮੋਬਾਇਲ ਰਾਹੀਂ ਵੀ ਇਹ ਬੀ.ਟੀ ਬਿੱਲ ਜਾਰੀ ਕਰਨ ਲਈ ਕਿਹਾ ਜਾ ਰਿਹਾ ਹੈ।

ਉਪਰੋਕਤ ਰਿਪੋਰਟ ਨਗਰ ਨਿਗਮ ਦੇ ਹਾਊਸ ਦੀ ਅਗਲੀ ਹੋਣ ਵਾਲੀ ਮੀਟਿੰਗ ਵਿੱਚ ਵਿਚਾਰ ਕਰਨ ਲਈ ਅਤੇ ਬੀ.ਟੀ ਬਿੱਲ ਜਾਰੀ ਕਰਨ ਬਾਰੇ ਫੈਸਲਾ ਕਰਨ ਲਈ ਭੇਜਣ ਦੀ ਸਿਫਾਰਿਸ਼ ਕੀਤੀ ਗਈ ਸੀ।ਨਿਗਰਾਨ ਇੰਜੀਨੀਅਰ ਨਗਰ ਨਿਗਮ ਵਲੋਂ ਮਿਤੀ 10.08.2018 ਨੂੰ ਇਸਦਾ ਬੀ.ਟੀ ਬਿੱਲ ਬਣਾ ਕੇ ਨਾਲ ਅਟੈਚ ਕਰਨ ਲਈ ਕਿਹਾ ਗਿਆ ਸੀ, ਜਿਸ ਸਬੰਧੀ ਤਾਰ ਪਾਉਣ ਦੀ ਕੁੱਲ ਲੰਬਾਈ 5894 ਫੁੱਟ ਵਿੱਚ 4 ਫੁੱਟ ਰੋਡ ਕਟਿੰਗ ਦੀ ਚੌੜਾਈ ਲਈ ਸੜਕ ਦੀ 6 ਫੁੱਟ ਚੌੜਾਈ ਵਿੱਚ ਡੈਮੇਜ਼ ਮਨ ਕੇ ਕੁੱਲ ਏਰੀਆਂ 35365 ਵਰਗ ਫੁੱਟ @ 240 ਰੁ: ਪ੍ਰਤੀ ਵਰਗ ਫੁੱਟ ਕੁੱਲ ਰਕਮ 84,87,600/- ਦਾ ਬੀ.ਟੀ ਬਿੱਲ ਬਣਾਇਆ ਗਿਆ ਸੀ। ਇਸਦੇ ਰੋਡ ਕਟਿੰਗ ਚਾਰਜਸ ਡਾਇਰੈਕਟਰ, ਸਥਾਨਕ ਸਰਕਾਰ ਵਲੋਂ ਜਾਰੀ ਪੱਤਰ ਨੰ. 40446-47 ਮਿਤੀ 13.07.2017 ਅਨੁਸਾਰ ਲਗਾਏ ਗਏ ਹਨ। ਕਮਿਸ਼ਨਰ ਸਾਹਿਬ ਵਲੋਂ ਮਿਤੀ 26.9.2018 ਰਾਹੀਂ ਨੋਟ ਦਿੱਤਾ ਗਿਆ ਸੀ ਕਿ ਇਹ ਰੀਸੋਟਰੇਸ਼ਨ ਚਾਰਜਸ ਸਿਰਫ ਸੜਕ ਦੀ ਡੈਮੇਜ਼ ਦੇ ਹਨ।ਇਸ ਤੋਂ ਇਲਾਵਾ ਜੇ ਕੋਈ ਅੰਡਰ ਗਰਾਉਂਡ ਸਰਵਿਸ ਨੂੰ ਨੁਕਸਾਨ ਹੁੰਦਾ ਹੈ ਤਾਂ ਕਾਰਜਕਾਰੀ ਏਜੰਸੀ ਨੂੰ ਉਸ ਲਈ ਵੱਖਰੀ ਰਕਮ ਜਮ੍ਹਾਂ ਕਰਵਾਉਣੀ ਪਵੇਗੀ। ਹਵਾਲੇ ਅਧੀਨ ਮਤੇ ਰਾਹੀਂ ਇਹ ਤਜ਼ਵੀਜ਼ ਨਗਰ ਨਿਗਮ ਹਾਊਸ ਵਲੋਂ ਲੰਬਿਤ ਰੱਖੀ ਗਈ ਸੀ ।

ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਵਲੋਂ ਮੁੜ੍ਹ ਇਹ ਤਜ਼ਵੀਜ਼ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਰੱਖਣ ਦੀ ਸਿਫਾਰਸ਼ ਕੀਤੀ ਹੈ ਜਿਸ ਨਾਲ ਐਸ.ਈ.(ਬੀ ਐਂਡ ਆਰ) ਨੇ ਵੀ ਸਿਫਾਰਸ਼ ਕੀਤੀ ਹੈ। ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 6.12.2018 ਅਤੇ ਕਮਿਸ਼ਨਰ ਜੀ ਨੇ ਮਿਤੀ 14.12.2018 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 17.1.19 ਰਾਹੀਂ ਤਜ਼ਵੀਜ਼ ਮੁੜ੍ਹ ਨਗਰ ਨਿਗਮ ਹਾਊਸ ਵਿੱਚ ਵਿਚਾਰ ਲਈ ਭੇਜੀ ਗਈ ਸੀ।

ਇਸ ਉਪਰੰਤ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਮਿਤੀ 25.7.2019 ਰਾਹੀਂ ਲਿਖਿਆ ਹੈ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਵੱਲੋ ਵਿਸ਼ੇ ਅਧੀਨ ਕੇਸ ਵਿੱਚ ਰੋਡ ਕਟਿੰਗ ਦੀ ਪ੍ਰਵਾਨਗੀ ਦੀ ਮੰਗ ਕੀਤੀ ਗਈ ਸੀ। ਇਸ ਸਬੰਧੀ ਨਗਰ ਨਿਗਮ ਵੱਲੋ ਰੁ: 84,87,600/- ਦਾ ਬੀ.ਟੀ. ਬਿੱਲ ਤਿਆਰ ਕੀਤਾ ਗਿਆ ਸੀ ਅਤੇ ਉਕਤ ਕੇਸ ਦੀ ਪ੍ਰਵਾਨਗੀ ਲਈ ਤਜਵੀਜ਼ ਮਤਾ ਨੰ. 165 ਮਿਤੀ : 18.10.2018 ਰਾਹੀਂ ਨਗਰ ਨਿਗਮ ਜਲੰਧਰ ਦੇ ਹਾਊਸ ਵਿੱਚ ਭੇਜੀ ਗਈ ਸੀ। ਮਾਨਯੋਗ ਹਾਊਸ ਵੱਲੋ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ :-

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ।

ਦੱਸਿਆ ਜਾਂਦਾ ਹੈ ਕਿ ਐਮ.ਐਲ.ਏ. ਜਲੰਧਰ (ਨਾਰਥ) ਨੇ ਆਪਣੇ ਪੱਤਰ ਮਿਤੀ ਨਿੱਲ ਜ਼ੋ ਕਿ ਮਾਨਯੋਗ ਮੇਅਰ ਸਾਹਿਬ ਵੱਲੋ ਮਿਤੀ : 25.07.2019 ਨੂੰ ਮਾਰਕ ਕੀਤਾ ਗਿਆ ਹੈ, ਰਾਹੀਂ ਹੇਠ ਅਨੁਸਾਰ ਮੰਗ ਕੀਤੀ ਗਈ ਹੈ।

This is work being done by PSPCL in Public interest and is necessary for development of the area. At this work is on hold due to some inter department formalities, necessary action may be taken at your end to reinitiate the project so that it may be completed at the earliest.

ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਜੇਕਰ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਅਜੇ ਟਾਇਮ ਲੱਗ ਸਕਦਾ ਹੈ ਤਾਂ ਐਮ.ਐਲ.ਏ ਜਲੰਧਰ (ਨਾਰਥ) ਦੀ ਮੰਗ ਅਤੇ ਪਬਲਿਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਕੇਸ ਦੀ ਪ੍ਰਵਾਨਗੀ ਮਾਨਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਜਾਵੇ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਵੱਲੋ ਮਿਤੀ : 20.07.2019 ਰਾਹੀ ਉਪਰੋਕਤ ਤਜਵੀਜ਼ ਪ੍ਰਵਾਨ ਕਰਨ ਦੀ ਸਿਫਾਰਿਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ : 25.07.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਆਪਣੇ ਹੁੱਕਮ ਮਿਤੀ 25.07.2019 ਰਾਹੀਂ ਇਸ ਤਜਵੀਜ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 48

ਵਿਸ਼ਾ:- Request for issuance of No-objection Certificate (NOC) for proposed junction improvement work under Jalandhar Smart City Mission.

ਹਵਾਲਾ:- Letter No. JSCL-CEO-2018-104 Dated 27.07.2018

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 3.8.18 ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਸੀ.ਈ.ਓ ਜਲੰਧਰ ਸਮਾਰਟ ਸਿਟੀ ਲਿਮਿਟਡ ਵਲੋਂ ਹਵਾਲੇ ਅਧੀਨ ਪੱਤਰ ਰਾਹੀਂ ਹੇਠ ਲਿਖੇ ਚੌਂਕਾਂ ਦੀ ਡਿਵੈਲਪਮੈਂਟ ਲਈ **No-objection Certificate (NOC)** ਦੀ ਮੰਗ ਕੀਤੀ ਗਈ ਹੈ। ਇਹ ਜੰਕਸ਼ਨ ਸਮਾਰਟ ਸਿਟੀ ਮਿਸ਼ਨ ਅਧੀਨ ਡਿਵੈਲਪ ਕੀਤੇ ਜਾਣੇ ਹਨ।

1. ਸ਼੍ਰੀ ਗੁਰੂ ਅਮਰਦਾਸ ਚੌਂਕ
2. ਡਾ. ਬੀ.ਆਰ ਅੰਬੇਦਕਰ ਚੌਂਕ
3. ਸ਼੍ਰੀ ਗੁਰੂ ਰਵਿਦਾਸ ਚੌਂਕ
4. ਸ਼ਹੀਦ ਰਮਨ ਦਾਦਾ ਚੌਂਕ (ਕਪੂਰਥਲਾ ਚੌਂਕ)
5. ਭਗਵਾਨ ਵਾਲਮੀਕੀ ਜੀ ਚੌਂਕ
6. ਬੀ.ਐਮ.ਸੀ ਚੌਂਕ
7. ਪੀ.ਐਨ.ਬੀ ਚੌਂਕ (ਐਮ.ਸੀ.ਜੇ ਚੌਂਕ)
8. ਐਚ.ਐਮ.ਵੀ ਚੌਂਕ (ਵਰਕਸ਼ਾਪ ਚੌਂਕ)
9. ਕਪੂਰਥਲਾ ਰੋਡ ਅਤੇ 120 ਫੁੱਟ ਰੋਡ ਜੰਕਸ਼ਨ
10. ਦੋਆਬਾ ਚੌਂਕ
11. ਮਾਡਲ ਆਊਨ ਮਾਰਕੀਟ ਰੋਡ ਇੰਟਰਸੈਕਸ਼ਨ

ਉਪਰੋਕਤ ਚੌਂਕਾਂ ਦੇ ਸਬੰਧ ਵਿੱਚ ਐਨ.ਓ.ਸੀ ਜਾਰੀ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਇਸ ਸਬੰਧੀ ਨਿਗਰਾਨ ਇੰਜੀਨਿਅਰ (ਓ ਐਂਡ ਐਮ) ਵਲੋਂ ਮਿਤੀ 20.8.2018 ਰਾਹੀਂ ਐਨ.ਓ.ਸੀ.ਦੇਣ ਸਬੰਧੀ ਲਿਖਿਆ ਹੈ ਕਿ ਓ ਐਂਡ ਐਮ ਸ਼ਾਖਾ ਨੂੰ ਕੋਈ ਇਤਰਾਜ਼ ਨਹੀਂ ਹੈ । ਕਾਰਜਕਾਰੀ ਇੰਜੀਨਿਅਰ (ਬਾਗਬਾਨੀ) ਨੇ ਆਪਣੇ ਨੋਟ ਮਿਤੀ 25.10.18 ਰਾਹੀਂ ਲਿਖਿਆ ਹੈ ਕਿ ਇੰਟਰਸੈਕਸ਼ਨ/ ਚੌਂਕਾਂ ਵਿੱਚ ਲੱਗੇ ਦਰਖ਼ਤਾਂ ਅਤੇ ਹੋਰ ਸਜਾਵਟੀ ਬੂਟਿਆਂ ਨੂੰ ਨੁਕਸਾਨ ਨਾ ਹੋਵੇ।ਇਸ ਸਬੰਧੀ ਇਹ ਵੀ ਲਿਖਿਆ ਜਾਂਦਾ ਹੈ ਕਿ ਜਿਨ੍ਹਾਂ ਚੌਂਕਾਂ ਦੀ ਸਾਂਭ ਸੰਭਾਲ ਦਾ ਇਕਰਾਰਨਾਮਾ ਪਹਿਲਾ ਹੀ ਕੁੱਝ ਪ੍ਰਾਈਵੇਟ ਅਦਾਰਿਆ ਨੂੰ ਦਿੱਤਾ ਗਿਆ ਹੈ, ਉਹਨਾਂ ਦਾ ਇਕਰਾਰਨਾਮਾ ਸਮਾਰਟ ਸਿਟੀ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾ ਰੱਦ ਕੀਤਾ ਜਾਵੇਗਾ। ਇਸ ਲਈ ਵਿਸ਼ੇ ਅਧੀਨ ਐਨ.ਓ.ਸੀ. ਜਾਰੀ ਕਰਨ ਲਈ ਤਜਵੀਜ਼ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਭੇਜਣ ਲਈ ਸਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 25.1.2019 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਆਸ ਤੇ ਮੰਜੂਰੀ ਦੇਣ ਦੀ ਸ਼ਿਫਾਰਸ਼ ਕੀਤੀ ਹੈ। ਜਿਸ ਦੀ ਮਾਨਯੋਗ ਮੇਅਰ ਜੀ ਨੇ ਮਿਤੀ 25.1.2019 ਰਾਹੀਂ ਮੰਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ । ਇਹ ਵੀ ਫੈਸਲਾ ਹੋਇਆ ਕਿ ਸਤਿਗੁਰੂ ਕਬੀਰ ਚੌਂਕ ਨੂੰ ਵੀ ਸਮਾਰਟ ਸਿਟੀ ਮਿਸ਼ਨ ਅਧੀਨ ਡਿਵੈਲਪ ਕਰਨ ਲਈ ਐਨ.ਓ.ਸੀ. ਦਿੱਤੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 49

ਵਿਸ਼ਾ :- ਥਾਣਾ ਡਵੀਜ਼ਨ ਨੰਬਰ-1 ਕਮਿਸ਼ਨਰੇਟ ਜਲੰਧਰ ਦੀ ਬਿਲਡਿੰਗ ਦੀ ਉਸਾਰੀ ਲਈ ਬਰਲਟਨ ਪਾਰਕ ਜਲੰਧਰ ਵਿਖੇ 06 ਕਨਾਲ ਜਗ੍ਹਾ ਅਲਾਟ ਕਰਨ ਬਾਰੇ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 5.10.2018 ਕਿ ਕਮਿਸ਼ਨਰ ਪੁਲਿਸ, ਜਲੰਧਰ, ਵਲੋਂ ਆਪਣੇ ਪੱਤਰ ਨੰ: 44819 ਮਿਤੀ 22.6.2018 ਰਾਹੀਂ ਲਿਖਿਆ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਥਾਣਾ ਡਵੀਜ਼ਨ ਨੰਬਰ-1, ਕਮਿਸ਼ਨਰੇਟ ਜਲੰਧਰ ਇੱਕ ਮੰਨਜ਼ੂਰ ਸ਼ੁਦਾ ਥਾਣਾ ਹੈ। ਇਸ ਥਾਣੇ ਦੀ ਆਪਣੀ ਕੋਈ ਬਿਲਡਿੰਗ ਨਹੀਂ ਹੈ ਅਤੇ ਇਹ ਥਾਣਾ ਇਸ ਸਮੇਂ ਇੰਡਸਟਰੀ ਡਿਪਾਰਟਮੈਂਟ, ਹੁਣ ਪੰਜਾਬ ਸਮਾਲ ਇੰਡਸਟਰੀ ਅਤੇ ਐਕਸਪੋਰਟ ਕਾਰਪੋਰੇਸ਼ਨ ਜਲੰਧਰ (ਮੁੱਖ ਦਫ਼ਤਰ ਚੰਡੀਗੜ੍ਹ), ਦੀ ਬਿਲਡਿੰਗ ਵਿੱਚ ਕੰਮ ਕਰ ਰਿਹਾ ਹੈ। ਥਾਣਾ ਡਵੀਜ਼ਨ ਨੰਬਰ 1 ਕਮਿਸ਼ਨਰੇਟ ਜਲੰਧਰ ਦੇ ਏਰੀਆਂ ਵਿੱਚ ਬਹੁਤ ਸਾਰੀਆਂ ਇੰਡਸਟਰੀਆਂ/ ਕਾਰਖਾਨੇ ਆਉਂਦੇ ਹਨ। ਇੰਨ੍ਹਾਂ ਕਾਰਖਾਨਿਆਂ ਵਿੱਚ ਵੱਖ-ਵੱਖ ਸੂਬਿਆਂ ਤੋਂ ਪ੍ਰਵਾਸੀ ਭਾਰਤੀ ਕੰਮ ਕਰਦੇ ਹਨ। ਥਾਣਾ ਕਮਿਸ਼ਨਰੇਟ ਜਲੰਧਰ ਦੀ ਹਦੂਦ ਅੰਦਰ ਡੀ.ਏ.ਵੀ ਕਾਲਜ, ਮੇਹਰ ਚੰਦ ਪੋਲੀਟੈਕਨਿਕ ਕਾਲਜ਼ ਤੋਂ ਇਲਾਵਾ ਬਹੁਤ ਸਾਰੇ ਸਕੂਲ ਅਤੇ ਵਪਾਰਕ ਅਦਾਰੇ ਵੀ ਆਉਂਦੇ ਹਨ, ਜਿੰਨ੍ਹਾਂ ਦੀ ਸੁਰੱਖਿਆ ਨੂੰ ਹਰ ਪੱਖੋ ਯਕੀਨੀ ਬਣਾਉਣਾ ਅਤੀ ਜਰੂਰੀ ਹੈ। ਇਸ ਤੋਂ ਇਲਾਵਾ ਥਾਣਾ ਡਵੀਜ਼ਨ ਨੰਬਰ 1 ਕਮਿਸ਼ਨਰੇਟ ਜਲੰਧਰ ਦੇ ਏਰੀਆਂ ਵਿੱਚ ਬਹੁਤ ਸਾਰੀਆਂ ਕਲੋਨੀਆਂ ਵਿਕਸਿਤ ਹੋ ਚੁੱਕੀਆਂ ਹਨ, ਜ਼ੋ ਇਹਨਾਂ ਕਲੋਨੀਆਂ ਵਿੱਚ ਰਹਿ ਰਹੀ ਪਬਲਿਕ ਨੂੰ ਵੀ ਸੁਰੱਖਿਆ ਮੁਹੱਈਆਂ ਕਰਵਾਉਣੀ ਮਹਿਕਮਾਂ ਪੁਲਿਸ ਦੀ ਜ਼ਿੰਮੇਵਾਰੀ ਹੈ।

ਇਸ ਲਈ ਥਾਣਾ ਡਵੀਜ਼ਨ ਨੰਬਰ 1 ਕਮਿਸ਼ਨਰੇਟ ਜਲੰਧਰ ਦੀ ਬਿਲਡਿੰਗ ਦੀ ਉਸਾਰੀ ਲਈ ਬਰਲਟਨ ਪਾਰਕ, ਜਲੰਧਰ ਵਿਖੇ ਜਗ੍ਹਾ ਦੀ ਸ਼ਨਾਖਤ ਕੀਤੀ ਗਈ ਹੈ। ਇਹ ਜਗ੍ਹਾ ਮੁੱਖ ਸੜ੍ਹਕ ਪਰ ਮੌਜੂਦ ਹੈ, ਜਿਸ ਦਾ ਖਸਰਾ ਨੰਬਰ 1260 ਪਰ ਅਧਾਰਿਤ ਹੈ। ਇਸ ਜਗ੍ਹਾ ਦਾ ਕੁੱਲ ਰਕਬਾ 18 ਕਨਾਲ 2 ਮਰਲੇ ਹੈ ਅਤੇ ਇਸ ਜਗ੍ਹਾ ਦੀ ਮਾਲਕੀ ਨਗਰ ਨਿਗਮ ਜਲੰਧਰ ਦੇ ਨਾਮ ਪਰ ਹੈ ਅਤੇ ਇਹ ਜਗ੍ਹਾ ਖਾਲੀ ਪਈ ਹੈ। ਇਸ ਰਕਬੇ ਵਿੱਚੋ 6 ਕਨਾਲ ਜਗ੍ਹਾ ਮਹਿਕਮਾ ਪੁਲਿਸ ਥਾਣਾ ਡਵੀਜ਼ਨ ਨੰਬਰ 1 ਕਮਿਸ਼ਨਰੇਟ ਜਲੰਧਰ ਦੀ ਬਿਲਡਿੰਗ ਦੀ ਉਸਾਰੀ ਲਈ ਲੋੜੀਂਦੀ ਹੈ। ਇਸ ਜਗ੍ਹਾ ਪਰ ਥਾਣਾ ਡਵੀਜ਼ਨ ਨੰਬਰ 1 ਕਮਿਸ਼ਨਰੇਟ ਜਲੰਧਰ ਦੀ ਬਿਲਡਿੰਗ ਦੀ ਉਸਾਰੀ ਹੋਣ ਨਾਲ ਕਾਨੂੰਨ ਵਿਵਸਥਾ ਪਰ ਨਜਰ ਰੱਖਣ, ਪੁਲਿਸ ਵੱਲੋ ਤੁਰੰਤ ਸਹਾਇਤਾ ਮੁਹੱਈਆ ਕਰਨ ਅਤੇ ਥਾਣਾ ਡਵੀਜ਼ਨ ਨੰਬਰ 1 ਕਮਿਸ਼ਨਰੇਟ ਵਿੱਚ ਪੈਦੇਂ ਏਰੀਏ ਦੀ ਪਬਲਿਕ ਨੂੰ ਪੁਲਿਸ ਸਹਾਇਤਾ ਹਾਸਿਲ ਕਰਨ ਵਿੱਚ ਬਹੁਤ ਸੋਖ ਹੋ ਜਾਵੇਗੀ। ਇਸ ਤੋਂ ਇਲਾਵਾ ਬਲਟਰਨ ਪਾਰਕ ਵਿੱਚ ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਹਾਕੀ ਮੈਚਾਂ ਦਾ ਆਯੋਜਨ ਹੁੰਦਾ ਹੈ ਅਤੇ ਇਨ੍ਹਾ ਮੈਚਾ ਨੂੰ ਦੇਖਣ ਵਾਸਤੇ ਬਹੁਤ ਸਾਰੀ ਪਬਲਿਕ ਦਾ ਇੱਕਠ ਹੁੰਦਾ ਹੈ, ਜਿਨ੍ਹਾਂ ਦੀ ਸੁਰੱਖਿਆ ਪ੍ਰਬੰਧ ਕਰਨ ਦੇ ਵਿੱਚ ਆਸਾਨੀ ਹੋ ਜਾਵੇਗੀ।

ਇਸ ਲਈ ਉਪਰੋਕਤ ਦੇ ਮੱਦੇ ਨਜਰ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ, ਕਿ ਬਰਲਟਨ ਪਾਰਕ ਜਲੰਧਰ ਵਿਖੇ 18 ਕਨਾਲ 2 ਮਰਲੇ ਜਗ੍ਹਾ ਵਿੱਚੋ 6 ਕਨਾਲ ਜਗ੍ਹਾ ਥਾਣਾ ਡਵੀਜ਼ਨ ਨੰਬਰ 1 ਕਮਿਸ਼ਨਰੇਟ ਜਲੰਧਰ ਦੀ ਬਿਲਡਿੰਗ ਦੀ ਉਸਾਰੀ ਲਈ ਪੁਲਿਸ ਵਿਭਾਗ ਦੇ ਨਾਮ ਪਰ ਅਲਾਟ ਕਰਨ ਲਈ ਹਾਊਸ ਦੀ ਮੀਟਿੰਗ ਵਿੱਚ ਮਤਾ ਪਾ ਕੇ ਉਕਤ ਜਗ੍ਹਾ ਪੁਲਿਸ ਵਿਭਾਗ ਦੇ ਨਾਮ ਪਰ ਅਲਾਟ ਕੀਤੀ ਜਾਵੇ।

ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਬਰਲਟਨ ਪਾਰਕ ਸਮਾਰਟ ਸਿਟੀ ਪ੍ਰੋਜੈਕਟ ਅਧੀਨ ਵਿਕਸਤ ਕੀਤਾ ਜਾ ਰਿਹਾ ਹੈ, ਇਸ ਲਈ ਇਸ ਸਬੰਧੀ ਸੀ.ਈ.ਓ., ਸਮਾਰਟ ਸਿਟੀ ਨੂੰ ਲੋੜੀਂਦੀ ਕਾਰਵਾਈ ਹਿੱਤ ਤਜ਼ਵੀਜ਼ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਮੈਨੇਜਰ ਸਮਾਰਟ ਸਿਟੀ, ਜਲੰਧਰ, ਵਲੋਂ ਮਿਤੀ 9.10.2018 ਰਾਹੀਂ ਲਿਖਿਆ ਹੈ ਕਿ "In the 4th meeting of Board of Directors of JSCL, the Board was decided/considered that the proposal of Smart Police Station (which comes in ABD area) already included under the Jalandhar Smart City Project. Survey is under process (item no. 4.4, S.No. 37- MOM)."

ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਵਲੋਂ ਉਕਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਅਤੇ ਕਮਿਸ਼ਨਰ ਪੁਲਿਸ, ਜਲੰਧਰ ਨੂੰ ਜਾਣਕਾਰੀ ਦੇਣ ਹਿੱਤ ਸਿਫਾਰਸ਼ ਕੀਤੀ ਹੈ।ਵਧੀਕ ਕਮਿਸ਼ਨਰ ਵਲੋਂ ਮਿਤੀ 19.11.18 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ । ਕਮਿਸ਼ਨਰ ਜੀ ਨੇ ਮਿਤੀ 25.1.2019 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਆਸ ਤੇ ਮੰਜੂਰੀ ਦੇਣ ਦੀ ਸ਼ਿਫਾਰਸ਼ ਕੀਤੀ ਹੈ।ਜਿਸ ਨੂੰ ਮਾਨਯੋਗ ਮੇਅਰ ਜੀ ਨੇ ਮਿਤੀ 25.1.2019 ਰਾਹੀਂ ਮੰਜੂਰੀ ਦਿੱਤੀ ਹੈ।

ਤਜਵੀਜ ਨਗਰ ਨਿਗਮ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 50

Subject: - Requirement of NOC to carry out Development at Burlton Park in Jalandhar City under Smart City mission.

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 30.11.18 ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ Jalandhar Smart City Ltd. vide its letter no. CEO-JSCL-2018-148 dt 14.09.18 has desired NOC to carry out development at Burlton Park in Jalandhar City under Smart City mission as under:

As you are aware, JSCL is in process of developing a Sports Hub at Burlton Park area (entire app. Total area 63 acres) under the Smart City Mission. The project envisages to develop a sports hub in Burlton Park with facilities that are state of the art including training facilities for athletes, sportsmen and women. In terms of physical infrastructure and planning, Some of the following facilities expected to be allied in- house to thrive as a pioneer Sports Hub area as such:

- *Multi-purpose stadium*
- *Multi-level car parking*
- *Football field, swimming pool, skating ring, gymnasium and other facilities*
- *Development of Mall, Hotel, Cafeteria, Club and creation of sports marts*
- *Administrative and support unit.*

PMC is in process of preparing its feasibility study which is to be submitted to PMIDC for approval. However, as per the requirement of Advisor State Level Technical Committee; a NOC is required from your side to carry on above said development at Burlton Park

In this regard it is reported that that Hon' able Punjab and Haryana High court has issued directions on dated 30.10.13 in CWP 16224 of 2012 O&M Madan Lal Sharma and others v/s State of Punjab and others on the issue of existing trees plants and environment.

"Learned counsel for the corporation assured that the project will be undertaken only after obtaining requisite permission from concerned authorities including from the State Environment Impact Authority, as assured on 09.07.2013."

The NOC for development in Burlton Park as mentioned above in JSCL letter can only be granted with the condition that all the directions made by Hon' ble Punjab and Haryana High court as mentioned above in CWP 16224 of 2012 O & M Madan Lal Sharma and others v/s State of Punjab and others will be complied with before the execution of any work.

The report is forwarded for consideration and decision of General House of the Corporation. ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਵਲੋਂ ਉਕਤ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਹਿੱਤ ਸਿਫਾਰਸ਼ ਕੀਤੀ ਹੈ। ਸੰਯੁਕਤ ਕਮਿਸ਼ਨਰ (ਏ) ਵਲੋਂ ਅਤੇ ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 21.1.19 ਰਾਹੀਂ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 51

ਵਿਸ਼ਾ:– Request for issuance of No-objection Certificate (NOCs) for DPRs of Projects identified for Implementation of Jalandhar City under SMART City Mission.

ਹਵਾਲਾ:– No:-CEO-JSCL-2018-114, Dt:09.08.18

ਪੜ੍ਹਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕਿ ਉਪਰੋਕਤ ਵਿਸ਼ੇ ਸਬੰਧੀ ਹਵਾਲੇ ਤਹਿਤ ਪੱਤਰ ਰਾਹੀਂ CEO SMART City ਵੱਲੋਂ ਹੇਠਾਂ ਦਰਸਾਏ ਗਏ ਪ੍ਰੋਜੈਕਟ ਸਬੰਧੀ NOC ਦੀ ਮੰਗ ਕੀਤੀ ਗਈ ਹੈ:–

1 Industry Area (Nivia Park)
2 Dr. B. R. Ambedkar Park
3 Green Area under D.A.V Flyover
4 Roads: (i) Mahavir Marg from Kapurthala chowk to Basti adda road intersection.
(ii) Kapurthala road from Kapurthala chowk to intersection.
(iii) 120'-0" road from intersection of Kapurthala road to Babrik chowk (2.2 Km)

ਲੜੀ ਨੰ:2 ਤੋਂ 4 ਤੱਕ ਦੇ ਪ੍ਰੋਜੈਕਟ ਦੀ ਸਥਿਤੀ ਸਪੱਸ਼ਟ ਹੈ, ਇਹ ਨਗਰ ਨਿਗਮ ਜਲੰਧਰ ਦੀ ਮਲਕੀਤੀ ਹੈ ਅਤੇ ਕੋਈ ਮੁਦਾਖ਼ਲਤ ਨਹੀਂ ਕੀਤੀ ਹੋਈ ਹੈ।ਲੜੀ ਨੰ:1 ਦੀ ਮਲਕੀਤੀ ਬਾਰੇ ਸਪੱਸ਼ਟ ਨਹੀਂ ਹੈ। ਇਸ ਸਬੰਧੀ PSIEC ਵਿਭਾਗ ਨੂੰ NOC ਪ੍ਰਾਪਤ ਕਰਨ ਬਾਰੇ ਪੱਤਰ ਲਿਖਿਆ ਗਿਆ ਸੀ। PSIEC ਵੱਲੋਂ ਜਾਰੀ ਪੱਤਰ ਨੰ:PSIEC/EE-IV/1343, ਮਿਤੀ:12/10/2018 ਵਿੱਚ ਕਿਹਾ ਗਿਆ ਹੈ ਕਿ ਇਹ PSIEC ਦੇ ਅਧਿਕਾਰ ਖੇਤਰ ਅੰਦਰ ਨਹੀਂ ਆਉਦਾ।ਇੱਥੇ ਇਹ ਵੀ ਦੱਸਣ ਯੋਗ ਹੋਵੇਗਾ ਕਿ ਇਹ ਪਾਰਕ ਨਗਰ ਨਿਗਮ ਜਲੰਧਰ ਵੱਲੋਂ Maintain ਕੀਤਾ ਜਾ ਰਿਹਾ ਹੈ।ਇਸ ਲਈ ਇਸ ਪਾਰਕ ਦੀ NOC ਦੇਣ ਵਿੱਚ ਵੀ ਕੋਈ ਇਤਰਾਜ ਨਹੀਂ ਹੋਣਾ ਚਾਹੀਦਾ।

ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਉਪਰੋਕਤ ਪ੍ਰੋਜੈਕਟਾਂ ਸਬੰਧੀ NOC ਦੇਣ ਬਾਰੇ ਫੈਸਲਾ ਲੈਣਾ ਯੋਗ ਹੋਵੇਗਾ।ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 18.1.19 ਰਾਹੀਂ ਸਿਫਾਰਸ਼ ਕੀਤੀ ਹੈ ਕਿ ਇਹ ਐਨ.ਓ.ਸੀ. ਦੇਣ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ । ਕਮਿਸ਼ਨਰ ਜੀ ਨੇ ਮਿਤੀ 18.1.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ।ਮਾਨਯੋਗ ਮੇਅਰ ਜੀ ਨੇ ਮਿਤੀ 12.2.19 ਰਾਹੀਂ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/– ਜਗਦੀਸ ਰਾਜ ਰਾਜਾ, ਮੇਅਰ
29.11.2019

ਮਤਾ ਨੰ: 52

Subject: - Issuance of Roof Utilisation Certificate for 10 years (NOC) for implementation of Roof Top Solar Power System (CAPEX Model) on various Government buildings in Jalandhar City under the Smart City Mission.

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਕਿ In the above cited subject that installation of Roof Top solar power system is taken by the Jalandhar Smart City project. As per request submitted by JSCL, MCJ old and new building is also earmarked for roof top solar system under SCM. They need to require roof Utilisation Certificate for 10 Year (NOC) before the commencement of the Solar Project on both building .JSCL is incurring full CAPEX expenditure for this project and the buildings will get benefitted from this renewal energy source of electricity free of cost for next 25 years. It is also to inform that there is proposal for construction of Town Hall at top (level four) of the new building for which the various meetings have been done by MC administration.

As per the format submitted by JSCL for issue of NOC an undertaking has to submitted by MCJ that *if any modification is done at roof top before completion of 10 years, MCJ will take complete responsibility of the expenditure involved in shifting the roof top solar system to a suitable place.* The proposal is submitted for consideration for issue a NOC for old and new building of MCJ. This is for your information please. ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 23.1.19 ਰਾਹੀਂ ਸਿਫਾਰਸ਼ ਕੀਤੀ ਹੈ ਕਿ ਇਹ ਐਨ.ਓ.ਸੀ. ਦੇਣ ਲਈ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਜਾਵੇ । ਕਮਿਸ਼ਨਰ ਜੀ ਨੇ ਮਿਤੀ 25.1.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਮਿਤੀ 12.2.19 ਰਾਹੀਂ ਇਸ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 53

ਵਿਸ਼ਾ :- ਮਕਸੂਦਾਂ ਚੌਂਕ ਜਲੰਧਰ ਵਿੱਚ ਸਕਿਓਰਟੀ ਲਈ ਸੀ.ਸੀ.ਟੀ.ਵੀ ਕੈਮਰਿਆਂ ਦਾ ਕੰਟਰੋਲ ਰੂਮ ਬਣਾਉਣ ਦੀ ਮੰਜ਼ੂਰੀ ਹਾਸਲ ਕਰਨ ਸਬੰਧੀ।

ਪੜ੍ਹਿਆ ਦਫ਼ਤਰੀ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਕਿ ਉਪਰੋਕਤ ਵਿਸ਼ੇ ਅਧੀਨ ਮੁੱਖ ਅਫ਼ਸਰ, ਥਾਣਾ ਡਵੀਜ਼ਨ ਨੰ : 03 ਕਮਿਸ਼ਨਰੇਟ ਜਲੰਧਰ ਵੱਲੋ ਪੱਤਰ ਨੰ: 11-SP ਮਿਤੀ : 11.01.2019 ਰਾਹੀ ਲਿਖਿਆ ਗਿਆ ਹੈ ਕਿ ਥਾਣਾਂ ਹਜਾ ਦੇ ਏਰੀਏ ਦੀ ਸਕਿਓਰਟੀ ਦੇ ਮੱਦੇਨਜ਼ਰ ਵੱਖ-ਵੱਖ ਪੁਆਂਇੰਟਾਂ ਤੇ ਸੀ.ਸੀ.ਟੀ.ਵੀ ਕੈਮਰੇ ਲਗਾਏ ਜਾਣੇ ਹਨ। ਇਨ੍ਹਾਂ ਦਾ ਕੰਟਰੋਲ ਰੂਮ ਮਕਸੂਦਾਂ ਚੌਂਕ ਜਲੰਧਰ ਵਿਖੇ ਬਣਾਇਆ ਜਾਣਾ ਹੈ। ਜਿਸ ਕਰਕੇ ਮਕਸੂਦਾ ਚੌਂਕ ਜਲੰਧਰ ਵਿਖੇ ਕਾਰਪੋਰੇਸ਼ਨ ਦੀ ਜਗ੍ਹਾ ਤੇ ਇੱਕ ਕਮਰਾ ਬਣਾਉਣ ਦੀ ਮੰਗ ਕੀਤੀ ਹੈ। ਇਸ ਜਗ੍ਹਾ ਦਾ ਮੌਕਾ ਥਾਣਾ ਨੰ: 01 ਦੇ ਮੁਲਾਜ਼ਮ ਸ਼੍ਰੀ ਹੀਰਾ ਲਾਲ ਵੱਲੋ ਮੌਕੇ ਤੇ ਪਹੁੰਚ ਕੇ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਅਤੇ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਨੂੰ ਦਿਖਾਇਆ ਗਿਆ ਹੈ। ਮੌਕੇ ਤੇ ਦਿਖਾਏ ਅਨੁਸਾਰ ਅਤੇ ਥਾਣਾ ਡਵੀਜ਼ਨ ਨੰ : 01 ਦੇ ਪੱਤਰ 33-5P ਮਿਤੀ : 18.01.2019 ਰਾਹੀ ਲਿਖਿਆ ਗਿਆ ਹੈ ਕਿ ਇਸ ਚੌਂਕ ਵਿੱਚ ਪਹਿਲਾ ਹੀ ਸੈਕਰਡ ਹਾਰਟ ਹਸਪਤਾਲ ਵੱਲੋ ਇੱਕ ਗਜੀਬੋ ਬਣਾਇਆ ਗਿਆ ਹੈ ਅਤੇ ਸੈਕਰਡ ਹਾਰਟ ਹਸਪਤਾਲ ਵਾਲਿਆ ਨੇ ਇਸ ਗਜੀਬੋ ਨੂੰ ਸੀ.ਸੀ.ਟੀ.ਵੀ ਕੈਮਰਿਆਂ ਦੇ ਕੰਟਰੋਲ ਰੂਮ ਵਾਸਤੇ ਇਸ ਨੂੰ ਕਮਰੇ ਵਿੱਚ ਤਬਦੀਲ ਕਰਨ ਸਬੰਧੀ ਸਹਿਮਤੀ ਦਿੱਤੀ ਹੈ। ਇਸ ਸਬੰਧੀ ਰਿਪੋਰਟ ਕੀਤੀ ਜਾਂਦੀ ਹੈ ਕਿ ਨਗਰ ਨਿਗਮ ਵੱਲੋ ਇਹ ਜਗ੍ਹਾ ਸੀ.ਸੀ.ਟੀ.ਵੀ ਕੈਮਰਿਆਂ ਦੇ ਕੰਟਰੋਲ ਰੂਮ ਬਣਾਉਣ ਲਈ ਥਾਣਾ ਡਵੀਜ਼ਨ ਨੰ: 01 ਕਮਿਸ਼ਨਰੇਟ ਜਲੰਧਰ ਨੂੰ ਇਸ ਸ਼ਰਤ ਤੇ ਪ੍ਰਵਾਨਗੀ ਦੇਣੀ ਯੋਗ ਹੋਵੇਗੀ ਕਿ ਭਵਿੱਖ ਵਿੱਚ ਜੇ ਨਗਰ ਨਿਗਮ, ਨੂੰ ਸੜ੍ਹਕ ਚੌੜੀ ਕਰਨ ਲਈ ਜਾਂ ਸੜ੍ਹਕ ਨੂੰ ਵਿਕਸਿਤ ਕਰਨ ਲਈ ਇਸ ਜਗ੍ਹਾ ਦੀ ਲੋੜ ਹੋਵੇਗੀ ਤਾਂ ਥਾਣਾ ਡਵੀਜਨ ਨੰ: 01 ਵੱਲੋ ਇਹ ਜਗ੍ਹਾ ਨਗਰ ਨਿਗਮ ਨੂੰ ਵਾਪਿਸ ਦੇ ਦਿੱਤੀ ਜਾਵੇਗੀ। ਜਿਸ ਤੇ ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ : 18.01.2019 ਰਾਹੀ ਹਾਊਸ ਦੀ ਮੰਨਜ਼ੂਰੀ ਲੈਣ ਹਿੱਤ ਸਿਫਾਰਿਸ਼ ਕੀਤੀ ਹੈ। ਜਿਸ ਨਾਲ ਕਮਿਸ਼ਨਰ ਜੀ ਨੇ ਮਿਤੀ : 25.01.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ: 11.02.2019 ਰਾਹੀਂ ਤਜਵੀਜ ਨਗਰ ਨਿਗਮ, ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 54

ਵਿਸ਼ਾ:- ਜਲੰਧਰ ਸ਼ਹਿਰ ਵਿੱਚ ਸੜਕਾਂ ਤੋਂ ਰੇਤਾ, ਬਜਰੀ ਅਤੇ ਹੋਰ ਮਲਬਾ ਦੂਰ ਕਰਨ ਸਬੰਧੀ ਮੁਹਿੰਮ ਚਲਾਉਣ ਬਾਰੇ।

ਹਵਾਲਾ: ਸਥਾਨਕ ਸਰਕਾਰ ਪੰਜਾਬ ਦੇ ਪੱਤਰ ਨੰ:5/50/2015-5ਸਸ4/96 ਮਿਤੀ 27 ਮਈ, 2016 ਦੇ ਸਬੰਧ ਵਿੱਚ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ ਸ਼ਾਖਾ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਰਿਪੋਰਟ ਕੀਤੀ ਜਾਂਦੀ ਹੈ ਕਿ ਸਥਾਨਕ ਸਰਕਾਰ ਪੰਜਾਬ ਦੇ ਹਵਾਲੇ ਅਧੀਨ ਪੱਤਰ ਅਨੁਸਾਰ ਨਗਰ ਨਿਗਮ ਜਲੰਧਰ ਦੀਆਂ ਸੜਕਾਂ/ਗਲੀਆਂ ਵਿੱਚ ਰੇਤਾ, ਬਜਰੀ ਅਤੇ ਹੋਰ ਮਲਬੇ ਨੂੰ ਦੂਰ ਕਰਨ ਸਬੰਧੀ ਮੁਹਿੰਮ ਚਲਾਈ ਜਾਣੀ ਹੈ ਅਤੇ ਸੜਕਾਂ/ਗਲੀਆਂ ਵਿੱਚ ਪਏ ਮਟੀਰੀਅਲ ਨੂੰ ਨਾ ਚੁੱਕਣ ਵਾਲਿਆ ਖਿਲਾਫ PMC Act 1976 ਦੀ ਧਾਰਾ 394-ਬੀ ਅਤੇ PMA 1911 ਦੀ ਧਾਰਾ 229 ਅਧੀਨ ਕਾਰਵਾਈ ਕੀਤੀ ਜਾਵੇ ਅਤੇ ਹੇਠ ਲਿਖੇ ਅਨੁਸਾਰ ਕੰਪੋਜੀਸ਼ਨ ਲੈਣ ਲਈ ਵਿਚਾਰ ਲਿਆ ਜਾਵੇ:-

1) ਪਹਿਲੀ ਉਲੰਘਣਾ ਲਈ- 1000 ਰੁਪਏ ਜੁਰਮਾਨਾ ਅਤੇ 24 ਘੰਟੇ ਵਿੱਚ ਜਗ੍ਹਾਂ ਖਾਲੀ ਕਰਨ ਦੀ ਹਦਾਇਤ।
2) ਦੂਜੀ ਉਲੰਘਣਾ ਲਈ-2000 ਰੁਪਏ ਜੁਰਮਾਨਾ ਅਤੇ 24 ਘੰਟੇ ਵਿੱਚ ਜਗ੍ਹਾਂ ਖਾਲੀ ਕਰਨ ਦੀ ਹਦਾਇਤ।
3) ਤੀਸਰੀ ਉਲੰਘਣਾ ਲਈ- 5000 ਰੁਪਏ ਜੁਰਮਾਨਾ ਅਤੇ ਰਾਅ ਮਟੀਰੀਅਲ ਨੂੰ ਜਬਤ ਕਰਨਾ।

ਮਾਨਯੋਗ ਕਮਿਸ਼ਨਰ ਨਗਰ ਨਿਗਮ ਵੱਲੋਂ ਮਿਤੀ 02-01-2017 ਰਾਹੀਂ ਕੰਨਟਰਕਸ਼ਨ ਅਤੇ ਡੈਮੋਲੇਸ਼ਨ ਮਟੀਰੀਅਲ ਸੁੱਟਣ ਲਈ ਜਗ੍ਹਾਂ ਦੀ ਚੋਣ ਕੀਤੀ ਗਈ ਸੀ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:-

Sr. No	Name of site	Area (kanal-Marla)
1	Village Ladhewali	14-0
2	Village Salampur Musalamana	17-12
3	Village Birring	5-0
4	Basti Bawa Khel near Baba Tabe Shah Dargah (Kabir Vihar)	14-4

ਉਕਤ ਸਾਈਟਾਂ ਸਬੰਧੀ ਮਿਤੀ 16-12-2018 ਨੂੰ ਅਖਬਾਰਾਂ ਵਿੱਚ ਪਬਲਿਕ ਨੋਟਿਸ ਵੀ ਜਾਰੀ ਕੀਤਾ ਗਿਆ ਹੈ। ਹਵਾਲੇ ਅਧੀਨ ਪੱਤਰ ਰਾਹੀਂ ਲੋਕਾਂ ਪਾਸੋਂ ਟੀਪਿੰਗ ਫੀਸ ਪ੍ਰਤੀ ਟਨ ਮਲਬੇ ਦੇ ਹਿਸਾਬ ਨਾਲ ਲੈਣ ਅਤੇ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਕੋਲੋਂ ਉਕਤ ਅਨੁਸਾਰ ਜੁਰਮਾਨਾਂ/ਫੀਸ ਲੈਣ ਸਬੰਧੀ ਤਜਵੀਜ ਮਾਨਯੋਗ ਹਾਊਸ ਵਿੱਚ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਭੇਜਣਾ ਯੋਗ ਹੋਵੇਗਾ।

ਉਪਰੋਕਤ ਤੋਂ ਇਲਾਵਾ ਇਸ ਸਬੰਧੀ ਸਬੰਧਿਤ ਵਿਭਾਗ/ਤਹਿਬਜਾਰੀ ਨੂੰ ਇਨ੍ਹਾਂ ਉਲੰਘਣਾ ਕਰਨ ਵਾਲਿਆਂ ਖਿਲਾਫ ਚਾਲਾਨ ਕਰਨ ਹਿੱਤ ਹਦਾਇਤਾਂ ਜਾਰੀ ਕੀਤੀਆਂ ਜਾਣ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਸੀ. ਐਂਡ ਡੀ. ਵੇਸਟ ਮੇਨੇਜਮੈਂਟ ਰੂਲਜ਼-2016 ਨੂੰ ਲਾਗੂ ਕਰਨ ਸਬੰਧੀ ਮਤਾ ਨੰ:172 ਮਿਤੀ 18-10-2018 ਰਾਹੀਂ ਮਾਨਯੋਗ ਹਾਊਸ ਨਗਰ ਨਿਗਮ ਜਲੰਧਰ ਵੱਲੋ ਪਾਸ ਕੀਤਾ ਗਿਆ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ) ਨੇ ਮਿਤੀ 18.1.2019 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 18.1.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.1.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 55

ਵਿਸ਼ਾ:- ਪੀ.ਆਈ.ਡੀ.ਬੀ. ਫੇਜ਼-1 ਵਿੱਚੋਂ ਮੁਕੰਮਲ ਨਾ ਕੀਤੇ ਗਏ ਕੰਮ ਨਗਰ ਨਿਗਮ ਫੰਡਾਂ ਵਿੱਚੋਂ ਕਰਵਾਉਣ ਬਾਰੇ।

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 21.2.19 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਿਤੀ 20-02-2019 ਨੂੰ ਮਾਨਯੋਗ ਮੇਅਰ ਜੀ ਵੱਲੋਂ ਸ਼ਹਿਰ ਦੀਆਂ ਮੇਨ ਸੜਕਾਂ ਦੇ ਬਾਰੇ ਮੀਟਿੰਗ ਕੀਤੀ ਗਈ। ਜਿਸ ਵਿੱਚ ਕਮਿਸ਼ਨਰ, ਨਗਰ ਨਿਗਮ, ਜਲੰਧਰ, ਨਿਗਰਾਨ ਇੰਜੀਨਿਅਰ, ਹਲਕਾ ਕਾਰਜਕਾਰੀ ਇੰਜੀਨਿਅਰ ਸ਼ਾਮਿਲ ਹੋਏ। ਕਾਰਜਕਾਰੀ ਇੰਜੀਨਿਅਰ-ਨਾਰਥ ਅਤੇ ਸੈਂਟਰਲ ਵੱਲੋ ਧਿਆਨ ਵਿੱਚ ਲਿਆਂਦਾ ਗਿਆ ਕਿ ਸਾਲ 2016 ਵਿੱਚ ਪੀ.ਆਈ.ਡੀ.ਬੀ. ਦੀਆਂ ਗ੍ਰਾਂਟਾਂ ਵਿੱਚ ਕੁਝ ਮੇਨ ਸੜਕਾਂ ਅਤੇ ਸੜਕਾਂ ਦੇ ਤਖਮੀਨੇ ਤਿਆਰ ਕੀਤੇ ਗਏ ਸਨ। ਇਨ੍ਹਾਂ ਕੰਮਾਂ ਦੇ ਵਰਕ ਆਰਡਰ ਠੇਕੇਦਾਰ ਅਜੰਸੀਆਂ ਨੂੰ ਅਲਾਟ ਕਰ ਦਿੱਤੇ ਗਏ ਹਨ, ਪ੍ਰੰਤੂ ਸਰਕਾਰ ਵੱਲੋਂ ਪੱਤਰ ਨੰ: 3/3/2017-ਅ.ਮਿ/612 ਮਿਤੀ 14-07-2017 ਵਿੱਚ ਹਦਾਇਤ ਕੀਤੀ ਗਈ ਕਿ ***the project where work has not started as yet as per the decision dated 18-03-2017 should not be taken up.***

ਜੇਕਰ ਉਕਤ ਕੰਮ ਅੱਜ ਦੀ ਮਿਤੀ ਵਿੱਚ ਨਗਰ ਨਿਗਮ ਫੰਡਾਂ ਵਿੱਚੋ ਕਰਵਾਏ ਜਾਂਦੇ ਹਨ ਤਾਂ ਇਸ ਵਿੱਚ ਨਗਰ ਨਿਗਮ ਜਲੰਧਰ ਦਾ ਵਿੱਤੀ ਲਾਭ ਹੋਵੇਗਾ ਕਿਉਕਿ ਇਹ ਕੰਮ ਪੁਰਾਣੇ ਰੇਟਾਂ ਤੇ ਹੀ ਠੇਕੇਦਾਰਾਂ ਵਲੋਂ ਕੀਤੇ ਜਾਣਗੇ ਅਤੇ ਇਸਦੇ ਮੁੜ ਟੈਂਡਰ ਲਗਾਉਣ ਤੇ ਸਮਾਂ ਵੀ ਬਰਬਾਰ ਨਹੀਂ ਹੋਵੇਗਾ। ਮੀਟਿੰਗ ਵਿੱਚ ਇਹ ਵੀ ਫੈਸਲਾ ਲਿਆ ਗਿਆ ਕਿ ਇਨ੍ਹਾਂ 34 ਕੰਮਾਂ ਵਿੱਚੋਂ ਹੇਠ ਲਿਖੇ 03 ਜਰੂਰੀ ਕੰਮ ਨਗਰ ਨਿਗਮ ਫੰਡਾਂ ਵਿੱਚੋਂ ਕਰਵਾ ਲਏ ਜਾਣ:-

Sr. No.	**Name of road**	**Est. Amount (Rs. in Lacs)**
1	P/L of 25 mm SDBC in main Gulab Devi Road W. No. 38	38.43
2	Laying of BM and PC on circular road from Patel Chowk towards Valmiki gate	22.53
3	P/L SDBC on the main road from Sabzi Mandi Chowk to Workshop Chowk	62.06
4	P/L 25mm thich SDBC on main road from Lal Bahadur Shastri Chowk to Kamal Palace Chowk	37.40
5	P/L 25mm thick SDBC on main road from BMC Chowk to Ladowali road.	62.00

ਉਕਤ ਅਨੁਸਾਰ ਦਰਸਾਏ ਗਏ ਕੰਮ ਨਗਰ ਨਿਗਮ ਫੰਡਾਂ ਵਿੱਚੋ ਕਰਵਾਉਣ ਲਈ ਆਪ ਜੀ ਦੀ ਪ੍ਰਵਾਨਗੀ ਅਤੇ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਭੇਜਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਵਿੱਚੋ ਕੁਝ ਸੜਕਾਂ ਦੇ ਦੁਬਾਰਾ ਤਖਮੀਨੇ ਤਿਆਰ ਕੀਤੇ ਗਏ ਸਨ ਜਿਹੜੇ ਕਿ ਪ੍ਰਵਾਨਗੀ ਦੇ ਪ੍ਰੋਸੈਸ ਵਿੱਚ ਹਨ। ਜੇਕਰ ਉਕਤ ਕੰਮ ਨਗਰ ਨਿਗਮ ਫੰਡਾਂ ਵਿੱਚੋ ਕਰਵਾ ਲਏ ਜਾਂਦੇ ਹਨ ਤਾਂ ਪਹਿਲਾਂ ਤਿਆਰ ਕੀਤੇ ਗਏ ਤਖਮੀਨੇ ਵਿੱਤ ਅਤੇ ਠੇਕਾ ਕਮੇਟੀ/ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਉਪਰੰਤ ਤਬਦੀਲ ਜਾਂ ਰੱਦ ਕਰ ਦਿੱਤੇ ਜਾਣਗੇ ਜੀ। ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 21.2.2019 ਰਾਹੀਂ ਕੰਮ ਜ਼ਰੂਰੀ ਹੋਣ ਕਾਰਣ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਕਰਨ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਸਹਿਮਤੀ ਹਸਤਾਖ਼ਰ ਕੀਤੇ ਹਨ। ਮੇਅਰ ਜੀ ਵਲੋਂ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜ਼ਵੀਜ਼ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 56

ਵਿਸ਼ਾ:- Deployment of Project Manager (SCP) and Data Entry Operator on outsource basis for B&R (for Two year).

ਪੜ੍ਹਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ.ਐਂਡ ਆਰ.) ਮਿਤੀ 23.5.2019 ਕਿ ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੀ ਬੀ ਐਂਡ ਆਰ ਸ਼ਾਖਾ ਵਿੱਚ ਡਾਟਾ ਐਂਟਰੀ ਉਪਰੇਟਰ 13 ਨੰਬਰ ਅਤੇ ਇੱਕ ਪ੍ਰੋਜੇਕਟ ਮੈਨੇਜਰ (ਸਮਾਰਟ ਸਿਟੀ ਪ੍ਰੋਜੈਕਟ) ਕੰਮ ਕਰ ਰਿਹਾ ਹੈ। ਇਹ ਅਸਾਮੀਆਂ ਆਉਟਸੋਰਸ ਬੇਸਿਜ਼ ਤੇ ਭਰੀਆਂ ਗਈਆਂ ਹਨ ਜਿਸ ਸਬੰਧੀ ਹਰ ਸਾਲ ਟੈਂਡਰ ਲਗਾਇਆ ਜਾਂਦਾ ਹੈ। ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਇਹ ਸਟਾਫ ਹਾਇਰ ਕਰਨ ਸਬੰਧੀ ਪੁਰਾਣੇ ਅਲਾਟਿਡ ਕੰਮ ਦੀ ਮਿਆਦ ਮਿਤੀ 31-05-2019 ਨੂੰ ਖਤਮ ਹੋ ਰਹੀ ਹੈ ਕਿਉ ਜ਼ੋ ਇਸ ਕੰਮ ਦੇ ਨਵੇ ਤਖਮੀਨੇ ਰੁ: 50.61 ਲੱਖ ਦੀ ਪ੍ਰਵਾਨਗੀ ਮਾਨਯੋਗ ਹਾਊਸ ਨਗਰ ਨਿਗਮ ਜਲੰਧਰ ਵੱਲੋਂ ਮਤਾ ਨੰ: 163(16) ਮਿਤੀ 18-10-2018 ਰਾਹੀਂ ਦਿੱਤੀ ਗਈ ਸੀ। ਇਸ ਕੰਮ ਦਾ ਟੈਂਡਰ 1.13% ਸੇਵਿੰਗ ਤੇ ਪ੍ਰਾਪਤ ਹੋਇਆ ਸੀ। ਇਹ ਕੇਸ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 15 ਮਿਤੀ 15-01-2019 ਰਾਹੀਂ ਹੇਠ ਲਿਖੇ ਮੱਦ ਰਾਹੀਂ ਲੰਬਿਤ ਕੀਤਾ ਗਿਆ ਸੀ:-

"ਇਹ ਵੀ ਫੈਸਲਾ ਹੋਇਆ ਕਿ ਇਸੇ ਅਨੁਲਗ ਦੇ ਲੜੀ ਨੰ: 10 ਦੇ ਟੈਂਡਰ ਨੂੰ ਹਾਲ ਦੀ ਘੜੀ ਲੰਬਿਤ ਰਖਿਆ ਜਾਂਦਾ ਹੈ ਅਤੇ ਇਹ ਮਿਸਲ ਘੋਖਨ ਉਪਰੰਤ ਟੈਂਡਰ ਪ੍ਰਵਾਨ ਕਰਨ ਹਿੱਤ ਕਮਿਸ਼ਨਰ ਨਗਰ ਨਿਗਮ, ਜਲੰਧਰ ਨੂੰ ਕਮੇਟੀ ਵੱਲੋਂ ਅਧਿਕਾਰ ਦਿੱਤੇ ਜਾਂਦੇ ਹਨ।"

ਮਾਨਯੋਗ ਕਮਿਸ਼ਨਰ ਜੀ ਵਲੋ ਮਿਤੀ 24-01-2019 ਨੂੰ ਮੇਅਰ ਦਫਤਰ ਵਿਖੇ ਹੋਈ ਮੀਟਿੰਗ ਦੌਰਾਨ ਇਹ ਸਟਾਫ ਆਉਟਸੋਰਸ ਬੇਸਿਜ਼ ਤੇ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਰਾਹੀਂ ਰੱਖਣ ਦੇ ਹੁਕਮ ਕੀਤੇ ਗਏ ਸਨ। ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਤੋ ਇਨ੍ਹਾਂ ਅਸਾਮੀਆਂ ਸਬੰਧੀ ਯੋਗਤਾ ਅਤੇ ਸੈਲਰੀ ਦੀ ਕੁਟੇਸ਼ਨ ਮੰਗੀ ਗਈ ਸੀ ਜਿਸ ਵਿੱਚ ਮੈਸਰਜ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਵੱਲੋਂ ਕੁਟੇਸ਼ਨ ਵਿੱਚ 2.90% ਐਡਮਿਨ ਚਾਰਜਿਜ ਪਾਏ ਗਏ ਸਨ। ਜਿਸ ਦਾ ਤਖਮੀਨਾ ਰੁ: 51.68 ਲੱਖ ਦੀ ਪ੍ਰਵਾਨਗੀ ਦਿਤੀ ਗਈ ਅਤੇ ਕੇਸ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਹਿੱਤ ਭੇਜਿਆ ਗਿਆ ।ਚੋਣ ਜਾਬਤਾ ਲੱਗਾ ਹੋਇਆ ਕਰਕੇ ਹਾਊਸ ਦੀ ਮੀਟਿੰਗ ਨਹੀਂ ਕੀਤੀ ਗਈ।

ਇਸੇ ਦੌਰਾਨ ਸੀ.ਵੀ.ਓ. ਆਫਿਸ ਚੰਡੀਗੜ੍ਹ ਵੱਲੋ ਪੱਤਰ ਨੰ:ਸੀ.ਵੀ.ਓ-2019/1493-95 ਮਿਤੀ 06-05-2019 ਜਾਰੀ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਵੱਲੋਂ Govt. of Punjab, Department of Finance ਦੇ ਪੱਤਰ ਨੰ: No. 7/74/2015-1FP1/734 dt. 27-02-2015 ਦਾ ਹਵਾਲਾ ਦਿੰਦੇ ਹੋਏ ਹੇਠ ਲਿਖੀ ਹਦਾਇਤ ਕੀਤੀ ਗਈ ਹੈ:-

"at the time of Hiring staff on Contract of any category through service provider/contractor, maximum services charges paid to the service provider/contractor that in no case be more than 1% (one percent) of the amount of contract."

ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਨੂੰ ਸਰਕਾਰ ਦੀਆਂ ਉਕਤ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੜ ਤੋ ਕੁਟੇਸ਼ਨ ਭੇਜਣ ਲਈ ਈ-ਮੇਲ ਮਿਤੀ 28-05-2019 ਰਾਹੀਂ ਲਿਖਿਆ ਗਿਆ। ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਵੱਲੋਂ ਈ-ਮੇਲ ਮਿਤੀ 30-05-2019 ਨੂੰ ਸੋਧੀ ਹੋਈ ਕੁਟੇਸ਼ਨ ਭੇਜੀ ਗਈ ਹੈ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ :-

M/S GRETIS INDIA PRIVATE LIMITED								
Cost sheet for								
S.no	**Designation**	**Rate of Pay**	**E.S.I. (Employer Share) 4.75%**	**P.F. (Employer Share) 13%**	**CTC**	**Admin Charges @1%**	GST 18%	**Total invoice value**
1	Manager	**25,000**	0	0	25000	250	4,545	29795
2	Computer Operator	**11,578**	550	1505	13633	136	2,478	16247

ਉਕਤ ਅਨੁਸਾਰ ਡਾਟਾ ਐਂਟਰੀ ਉਪਰੇਟਰ 13 ਨੰਬਰ ਅਤੇ 1 ਪ੍ਰੋਜੈਕਟ ਮੇਨੇਜਰ (ਸਮਾਰਟ ਸਿਟੀ) ਨੂੰ ਰੱਖਣ ਲਈ ਕੁੱਲ ਰੁ: 2,41,006/- ਮਾਸਿਕ, ਰੁ: 28,92,072/- ਸਲਾਨਾ ਅਤੇ 2 ਸਾਲ ਲਈ ਰੁ: 57,84,144/- ਆਉਣ ਦਾ ਅਨੁਮਾਨ ਹੈ। ਇਸ ਕੁਟੇਸ਼ਨ ਵਿੱਚ ਜੀ.ਐਸ.ਟੀ. 18% ਕੰਪਨੀ ਵੱਲੋ ਐਡ ਕੀਤਾ ਗਿਆ ਹੈ ਜ਼ੋ ਕਿ ਪਹਿਲਾਂ ਦਿੱਤੀ ਕੁਟੇਸ਼ਨ ਵਿੱਚ ਨਹੀਂ ਲਗਾਇਆ ਗਿਆ ਸੀ।

ਆਪ ਜੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਜਾਂਦਾ ਹੈ ਕਿ ਇਸ ਸਟਾਫ ਨੂੰ ਰੱਖਣ ਲਈ ਪਹਿਲਾਂ ਚੱਲ ਰਹੇ ਕੰਮ ਦੀ ਮਿਆਦ ਮਿਤੀ 31-05-2019 ਨੂੰ ਖਤਮ ਹੋਣ ਜਾ ਰਹੀ ਹੈ। ਮਾਨਯੋਗ ਮੇਅਰ ਸਾਹਿਬ ਦੇ ਹੁਕਮ ਮਿਤੀ 11-02-2019 ਰਾਹੀਂ ਇਹ ਫਾਈਲ ਰੈਗੁਲਰ ਅਜੰਡੇ ਵਿੱਚ ਭੇਜ਼ ਦਿੱਤੀ ਗਈ ਹੈ। ਪ੍ਰੰਤੂ ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਕੰਮ ਦੀ ਮਿਆਦ 31-05-2019 ਨੂੰ ਖਤਮ ਹੋ ਰਹੀ ਹੈ ਇਸ ਲਈ ਸ਼ਿਫਾਰਸ਼ ਕੀਤੀ ਜਾਂਦੀ ਹੈ ਕਿ ਇਹ ਕੇਸ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨ ਕੀਤਾ ਜਾਵੇ ਜਿਸ ਦੀ ਰੈਗੁਲਰ ਮੀਟਿੰਗ ਵਿੱਚ ਪ੍ਰਵਾਨਗੀ ਉਪਰੰਤ ਜਾਣਕਾਰੀ ਸਰਕਾਰ ਨੂੰ ਭੇਜ਼ ਦਿੱਤੀ ਜਾਵੇਗੀ। ਨਿਗਰਾਨ ਇੰਜੀਨਿਅਰ (ਬੀ.ਐਂਡ ਆਰ.) ਵੱਲੋ ਮਿਤੀ 23-05-2019 ਨੂੰ ਉਕਤ ਸ਼ਿਫਾਰਸ਼ ਨੂੰ ਮੰਨਦੇ ਹੋਏ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਵੱਲੋਂ ਮਿਤੀ 24-05-2019 ਰਾਹੀਂ ਸਹਿਮਤੀ ਹਸਤਾਖਰ ਕੀਤੇ।ਮਾਨਯੋਗ ਮੇਅਰ ਜੀ ਵੱਲੋ ਮਿਤੀ 31-05-2019 ਨੂੰ ਉਕਤ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰ ਕੀਤਾ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 57

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਬੀ ਐਂਡ ਆਰ ਸ਼ਾਖਾ ਵਿੱਚ 15 ਜੂਨੀਅਰ ਇੰਜੀਨਿਅਰਾਂ ਦੀ ਨਿਯੁਕਤੀ ਸਬੰਧੀ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 4.2.2019 ਕਿ ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੀ ਬੀ ਐਂਡ ਆਰ ਸ਼ਾਖਾ ਵਿੱਚ ਜੂਨੀਅਰ ਇੰਜੀਨਿਅਰ ਦੀਆਂ 30 ਅਸਾਮੀਆਂ ਹਨ ਜ਼ੋ ਕਿ ਨਗਰ ਨਿਗਮ ਦੇ ਬਜਟ ਵਿੱਚ ਪ੍ਰਵਾਨਿਤ ਹਨ। ਇਸ ਸਮੇਂ ਜਲੰਧਰ ਸ਼ਹਿਰ ਦੇ 80 ਵਾਰਡਾਂ ਦੇ ਸੜਕਾਂ ਦੀ ਮੇਨਟੈਂਸ, ਵਿਕਾਸ ਦੇ ਕੰਮ ਅਤੇ ਹੋਰ ਪ੍ਰੋਜੈਕਟਾਂ ਨੂੰ ਬੀ ਐਂਡ ਆਰ ਸ਼ਾਖਾ ਵੱਲੋਂ ਡੀਲ ਕੀਤਾ ਜਾ ਰਿਹਾ ਹੈ। ਨਗਰ ਨਿਗਮ, ਜਲੰਧਰ ਪਾਸ ਇਸ ਸਮੇਂ ਸਿਰਫ ਰੈਗੂਲਰ ਤੋਰ ਤੇ 7 ਅਤੇ ਕਟਰੈਕਟ ਬੇਸਿਸ ਤੇ 2 ਜੂਨੀਅਰ ਇੰਜੀਨੀਅਰ ਕੁੱਲ 9 ਜੂਨੀਅਰ ਇੰਜੀਨੀਅਰਜ ਹੀ ਕੰਮ ਕਰ ਰਹੇ ਹਨ। ਬਜਟ ਅਨੁਸਾਰ ਜੂਨੀਅਰ ਇੰਜੀਨੀਅਰ ਦੀਆਂ 30 ਮੰਜੂਰਸ਼ੁਦਾ ਅਸਾਮੀਆ ਹਨ।ਇਸ ਸਮੇਂ 21 ਆਸਾਮੀਆ ਖਾਲੀ ਹਨ।ਤਕਨੀਕੀ ਸਟਾਫ ਦੀ ਘਾਟ ਹੋਣ ਕਾਰਨ ਇਹਨਾਂ ਕੰਮਾਂ ਦੀ ਸੁਪਰਵਿਜਨ ਕਰਵਾਉਣ ਵਿੱਚ ਮੁਸ਼ਕਿਲ ਪੇਸ਼ ਆ ਰਹੀ ਸੀ।ਬਿੱਲ ਕਲਰਕ ਨਗਰ ਨਿਗਮ ਜਲੰਧਰ ਪਾਸੋਂ ਲਈ ਗਈ ਰਿਪੋਰਟ ਅਨੁਸਾਰ ਜੇਕਰ ਰੈਗੂਲਰ ਤੋਰ ਤੇ ਇਨ੍ਹਾਂ 21 ਅਸਾਮੀਆਂ ਨੂੰ ਭਰਿਆ ਜਾਂਦਾ ਹੈ ਤਾਂ ਸਲਾਨਾ ਰੁ: 129.03 ਲੱਖ ਦਾ ਬੋਝ ਨਗਰ ਨਿਗਮ ਉੱਪਰ ਪਵੇਗਾ ਪ੍ਰੰਤੂ ਜੇਕਰ ਇਹ 21 ਅਸਾਮੀਆਂ ਜਦੋ ਤੱਕ ਰੈਗੂਲਰ ਭਰਤੀ ਨਹੀਂ ਕੀਤੀ ਜਾਂਦੀ ਆਉਟਸੋਰਸ ਤੇ ਭਰਨ ਨਾਲ ਸਲਾਨਾ ਰੁ:58.37 ਲੱਖ ਦਾ ਬੋਝ ਪਵੇਗਾ ਜੋ ਕਿ ਮੈਸ: ਗ੍ਰੇਟਿਸ ਇੰਡੀਆ ਲਿਮਿਟਡ, ਜੀਰਕਪੁਰ ਰਾਹੀਂ ਆਊਟਸੋਰਸ ਰਾਹੀ ਰੱਖੇ ਜਾਣੇ ਹਨ।ਇਹਨਾਂ ਜੂਨੀਅਰ ਇੰਜੀਨੀਅਰਜ਼ ਨੂੰ ਮਹੀਨਾਵਾਰ ਹੇਠ ਲਿਖੇ ਅਨੁਸਾਰ ਤਨਖਾਹ ਦਿੱਤੀ ਜਾਵੇਗੀ :-

Designation	Rates	Basic	EPF Wages	ESI Employer Share (4.75%)	EPF Employer Share (13%)	Gratuity	Minimum Bonus	CTC	Admin Charges	GTS (18%)	Total Invoice Value
J.E. Civil	15100	15100	15000	717	1950	726	583	19077	553	3533	23163

ਜੇਕਰ ਉਪਰੋਕਤ ਰਿਪੋਰਟ ਅਨੁਸਾਰ ਮੈਸ: ਗ੍ਰੇਟਿਸ ਇੰਡੀਆ ਲਿਮਿਟਡ, ਜੀਰਕਪੁਰ ਰਾਹੀਂ ਆਊਟਸੋਰਸ ਤੇ 15 ਜੂਨੀਅਰ ਇੰਜੀਨੀਅਰਜ ਨੂੰ 2 ਸਾਲ ਦੇ ਸਮੇਂ ਵਾਸਤੇ ਰੱਖਿਆ ਜਾਂਦਾ ਹੈ ਤਾਂ ਕੁੱਲ ਖਰਚਾ ਰੁ: 83.38 ਲੱਖ ਆਉਣ ਦਾ ਅਨੁਮਾਨ ਹੈ, ਜਿਸਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਪਾਸੋਂ ਲੋੜੀਂਦੀ ਹੈ।ਜੇਕਰ ਉਪਰੋਕਤ ਤਜਵੀਜ ਨਾਲ ਸਹਿਮਤ ਹੋ ਤਾਂ ਪ੍ਰਵਾਨਗੀ ਪ੍ਰਾਪਤ ਕਰਨ ਲਈ ਇਹ ਤਜਵੀਜ ਹਾਊਸ ਦੇ ਵਿਚਾਰ ਅਤੇ ਫੈਸਲੇ ਹਿੱਤ ਭੇਜਣ ਦੀ ਖੇਚਲ ਕੀਤੀ ਜਾਵੇ।ਕਮਿਸਨਰ ਜੀ ਨੇ ਆਪਣੇ ਨੋਟ ਮਿਤੀ 28.2.2019 ਰਾਹੀਂ ਲਿਖਿਆ ਹੈ ਕਿ "Kindly put up with number of sanctioned force of Corporation and details of the Outsource JEs like their date of joining." ਜਿਸ ਤੇ ਬੀ ਐਂਡ ਆਰ ਸ਼ਾਖਾ ਵਲੋਂ ਮਿਤੀ 4.4.19 ਰਾਹੀਂ ਜਵਾਬ ਦਿੱਤਾ ਗਿਆ ਕਿ ਨਗਰ ਨਿਗਮ ਦੀ ਬੀ ਐਂਡ ਆਰ ਸ਼ਾਖਾ ਵਿੱਚ 30 ਆਸਾਮੀਆਂ ਪ੍ਰਵਾਨਤ ਹਨ ਜਿਨਾਂ ਵਿੱਚੋਂ 21 ਆਸਾਮੀਆਂ ਖ਼ਾਲੀ ਹਨ । ਜੇਕਰ ਇਹਨਾਂ 15 ਆਸਾਮੀਆਂ ਨੂੰ ਰੈਗੂਲਰ ਤੌਰ ਤੇ ਭਰਿਆ ਜਾਂਦਾ ਹੈ ਤਾਂ ਇਹਨਾਂ ਉੱਪਰ ਰੁ. 94,58,460/- ਸਾਲਾਨਾਂ ਖ਼ਰਚਾ ਆਵੇਗਾ । ਕਮਿਸ਼ਨਰ ਜੀ ਨੇ ਆਪਣੇ ਨੋਟ ਮਿਤੀ 11.4.2019 ਰਾਹੀਂ ਲਿਖਿਆ ਹੈ ਕਿ "They may be kept on Outsource basis for another one year i.e. till 31.3.2020." ਮੇਅਰ ਜੀ ਨੇ ਆਪਣੇ ਨੋਟ ਮਿਤੀ 15.4.2019 ਰਾਹੀਂ ਲਿਖਿਆ ਹੈ ਕਿ ਪੰਨਾ ਨੰ: 9 ਉਤੇ ਨੱਥੀ ਆਊਟਸੋਰਸ ਜੂਨੀਅਰ ਇੰਜੀਨਿਅਰਾਂ ਦੀ ਲਿਸਟ ਵਿੱਚ ਲੜੀ ਨੰ: 2, 5, 7, 13, 14 ਉਤੇ ਜ਼ੋ ਜੇ.ਈਜ਼ ਦੀ ਭਰਤੀ ਦੀ ਮਿਤੀ 9.1.19 ਦਰਸਾਈ ਗਈ ਹੈ ਉਸ ਬਾਰੇ ਸਪਸ਼ਟ ਕੀਤਾ ਜਾਵੇ ਕਿ ਉਕਤ ਭਰਤੀਆਂ ਕਿਸ ਅਧਿਕਾਰੀ ਦੀ ਪ੍ਰਵਾਨਗੀ ਨਾਲ ਅਤੇ ਕਿਸ ਆਧਾਰ ਉਤੇ ਕੀਤੀਆਂ ਗਈਆਂ ਹਨ । ਇਸ ਸਬੰਧੀ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਮਿਤੀ 28.3.2019 ਜਿਸ ਤੇ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਸ਼ਿਫਾਰਸ਼ ਕੀਤੀ ਹੈ ਕਿ ਮਾਨਯੋਗ ਮੇਅਰ ਵੱਲੋਂ ਮਿਤੀ 15-04-2019 ਦੇ ਨੋਟ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ 15 ਜੂਨੀਅਰ ਇੰਜੀਨਿਅਰ ਆਉਟਸੋਰਸ ਬੇਸਿਸ ਤੇ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਤੋ ਲਏ ਗਏ ਸਨ ਪ੍ਰੰਤੂ ਸਮਾਂ ਪੈਣ ਬਾਅਦ ਕੁਝ ਨਿੱਜੀ ਕਾਰਨਾਂ ਕਾਰਨ ਕੁਝ ਜੇ.ਈ. ਨਗਰ ਨਿਗਮ, ਜਲੰਧਰ ਵਿਖੇ ਹਾਜਰ ਨਹੀਂ ਹੋ ਰਹੇ ਸਨ। ਕਾਰਜਕਾਰੀ ਇੰਜੀਨਿਅਰ ਦੀ ਦਫਤਰੀ ਰਿਪੋਰਟ ਮਿਤੀ 10-07-2018 ਅਨੁਸਾਰ ਦੱਸਿਆ ਗਿਆ ਕਿ ਲਗਭਗ 4 ਜੇ.ਈ. ਕੰਮ ਤੇ ਨਹੀਂ ਆ ਰਹੇ। ਇਸ ਸਬੰਧੀ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਨੂੰ ਲਿਖਿਆ ਜਾਵੇ ਕਿ ਯੋਗਤਾਵਾਂ ਪੂਰੀਆਂ ਕਰਦੇ ਜੂਨੀਅਰ ਇੰਜੀਨਿਅਰ ਨਗਰ ਨਿਗਮ, ਜਲੰਧਰ ਨੂੰ ਉਪਲੱਬਧ ਕਰਵਾਏ ਜਾਣ।

ਨਗਰ ਨਿਗਮ ਜਲੰਧਰ ਵੱਲੋਂ ਸਰਕਾਰ ਦੀ ਪ੍ਰਵਾਨਗੀ ਹਿੱਤ ਪੱਤਰ ਨੰ: SE(B&R)/A-963 ਮਿਤੀ 03-12-2018 ਲਿਖਿਆ ਗਿਆ। ਜਿਸ ਦੀ ਪ੍ਰਵਾਨਗੀ ਸਰਕਾਰ ਦੇ ਪੱਤਰ ਨੰ: ਸ1-ਮਸਸ-ਡਸਸ-2018/72341 ਮਿਤੀ 20-12-2018 ਰਾਹੀ ਮਿਤੀ 31-03-2019 ਤੱਕ ਦਿੱਤੀ ਗਈ ਹੈ।ਜਿਸ ਉਪਰੰਤ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਨੂੰ ਕੰਮ ਤੇ ਨਾ ਆ ਰਹੇ ਜੂਨੀਅਰ ਇੰਜੀਨਿਅਰ ਬਾਰੇ ਪੱਤਰ ਨੰ: SE(B&R)/A-990 ਮਿਤੀ 03-01-2019 ਰਾਹੀ ਜਾਣੂੰ ਕਰਵਾਇਆ ਗਿਆ ਅਤੇ ਅਗਲੇ 3 ਮਹੀਨੇ ਲਈ (ਮਿਤੀ 31-03-2019 ਤੱਕ) 6 ਹੋਰ ਜੇ.ਈ. ਉਪਲੱਬਧ ਕਰਵਾਉਣ ਲਈ ਲਿਖਿਆ ਗਿਆ ਜਿਸ ਅਨੁਸਾਰ ਉਨ੍ਹਾਂ ਕੋਲ ਉਪਲੱਬਧ ਲਿਸਟ/ਡਾਟਾਬੇਸ ਵਿੱਚੋ ਪੜਤਾਲ ਕਰਨ ਉਪਰੰਤ ਅਤੇ ਇੰਟਰਵਿਊ ਲੈਣ ਉਪਰੰਤ ਸਿਲੈਕਟ ਕੀਤੇ ਗਏ 5 ਜੂਨੀਅਰ ਇੰਜੀਨਿਅਰ ਪੱਤਰ ਨੰ: GRETIS/MCJ/2019/11880, 11886, 11888, 11889 ਅਤੇ 11890 ਮਿਤੀ 09-01-2019 ਰਾਹੀਂ ਨਗਰ ਨਿਗਮ, ਜਲੰਧਰ ਨੂੰ ਜੁਆਇਨਿੰਗ ਹਿੱਤ ਭੇਜੇ ਗਏ। ਜਿਸ ਅਨੁਸਾਰ ਸਰਕਾਰ ਵੱਲੋ 15 ਜੂਨੀਅਰ ਇੰਜੀਨਿਅਰ ਆਉਟਸੋਰਸ ਰਾਹੀਂ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਤੋ ਰੱਖਣ ਲਈ ਦਿੱਤੀ ਪ੍ਰਵਾਨਗੀ ਅਨੁਸਾਰ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਵੱਲੋ ਭੇਜੇ ਗਏ 14 ਜੂਨੀਅਰ ਇੰਜੀਨਿਅਰ ਮਿਤੀ 31-03-2019 ਤੱਕ ਕੰਮ ਰਹੇ ਸਨ। ਆਉਟਸੋਰਸ ਤੇ ਰੱਖੇ ਗਏ ਜੂਨੀਅਰ ਇੰਜੀਨਿਅਰ ਦਾ ਕਾਰਜਕਾਲ ਸਮਾਂ ਮਾਨਯੋਗ ਹਾਊਸ ਅਤੇ ਸਰਕਾਰ ਦੀ ਪ੍ਰਵਾਨਗੀ ਅਨੁਸਾਰ ਮਿਤੀ 31-03-2019 ਨੂੰ ਖਤਮ ਹੋ ਚੁੱਕਾ ਹੈ। ਉਪਰੋਕਤ ਰਿਪੋਰਟ ਨੂੰ ਧਿਆਨ ਵਿੱਚ ਰੱਖਦੇ ਹੋਏ ਨਗਰ ਨਿਗਮ ਦੀਆਂ ਪ੍ਰਵਾਨਿਤ ਅਸਾਮੀਆਂ ਵਿਰੁੱਧ ਨਵੇਂ ਸਿਰੇ ਤੋਂ 15 ਜੂਨੀਅਰ ਇੰਜੀਨਿਅਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪ੍ਰਵਾਨਿਤ ਆਉਟਸੋਰਸ ਅਜੰਸੀ ਤੋਂ ਆਉਟਸੋਰਸ ਬੇਸਿਸ ਤੇ ਮਿਤੀ 31-03-2020 ਤੱਕ ਰੱਖਣ ਹਿੱਤ ਉਪਰੋਕਤ ਤਜਵੀਜ ਵਿਚਾਰਣ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।

ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 27.6.2019 ਰਾਹੀਂ ਲਿਖਿਆ ਹੈ ਕਿ ਉਕਤ ਕੇਸ ਮਾਨਯੋਗ ਹਾਊਸ ਵਿੱਖੇ ਮਿਤੀ 10-06-2019 ਨੂੰ ਭੇਜਿਆ ਗਿਆ ਸੀ। ਕਿਉ ਜੋ ਬੀ ਐੰਡ ਆਰ ਸ਼ਾਖਾ ਵਿੱਚ ਆਉਟਸੋਰਸ ਤੇ ਰੱਖੇ ਗਏ ਜੇ.ਈਜ਼ ਦਾ ਪਹਿਲਾਂ ਠੇਕਾ ਮਿਤੀ 31-03-2019 ਨੂੰ ਖਤਮ ਹੋ ਚੁੱਕਾ ਹੈ ਜਿਸ ਕਾਰਨ ਕੰਮਾਂ ਦੀ ਦੇਖ-ਰੇਖ ਵਿੱਚ ਮੁਸ਼ਕਿਲ ਪੇਸ਼ ਆ ਰਹੀ ਹੈ।ਉਕਤ ਤੱਥਾਂ ਦੀ ਰੋਸ਼ਨੀ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਹਾਊਸ ਦੀ ਮੀਟਿੰਗ ਵਿੱਚ ਦੇਰ ਹੋਣ ਦੀ ਆਸ ਹੈ ਤਾਂ ਇਹ ਕੇਸ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨ ਕਰਨ ਦੀ ਖੇਚਲ ਕੀਤੀ ਜਾਵੇ ਅਤੇ ਸਰਕਾਰ ਨੂੰ ਇਸ ਸਬੰਧੀ ਪ੍ਰਵਾਨਗੀ ਹਿੱਤ ਲਿਖਣ ਦੀ ਮੰਜੂਰੀ ਵੀ ਦਿੱਤੀ ਜਾਵੇ। ਮਾਨਯੋਗ ਹਾਊਸ ਦੀ ਰੈਗੂਲਰ ਪ੍ਰਵਾਨਗੀ ਤੋ ਬਾਅਦ ਸਰਕਾਰ ਨੂੰ ਇਸ ਸਬੰਧੀ ਸੂਚਿਤ ਕਰ ਦਿੱਤਾ ਜਾਵੇਗਾ ਜੀ। ਉਕਤ ਤਜ਼ੀਵਜ਼ ਨੂੰ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਸਿਫਾਰਸ਼ ਕੀਤੀ ਹੈ । ਮਾਨਯੋਗ ਮੇਅਰ ਜੀ ਨੇ ਮਿਤੀ 27.6.2019 ਰਾਹੀਂ ਉਕਤ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਜ਼ਵੀਜ਼ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 58

ਵਿਸ਼ਾ:- Deployment of Manager and Caregiver for Night Shelter on Outsource basis.

ਹਵਾਲਾ: ਮੀਮੋ ਨੰ: ਸ1-ਮਸਸ-ਡਸਸ-2019/38976 ਮਿਤੀ 03-09-2019

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 6.9.2019 ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੀ ਬੀ ਐਂਡ ਆਰ ਸ਼ਾਖਾ ਵੱਲੋ ਸ਼ਹਿਰ ਵਿੱਚ ਬੇ-ਘਰੇ ਲੋਕਾਂ ਲਈ ਰਹਿਣ ਬਸੇਰੇ ਬਣਾਏ ਗਏ ਹਨ। ਇਨ੍ਹਾਂ ਰਹਿਣ ਬਸੇਰਿਆਂ ਵਿੱਚ ਲੋੜੀਂਦੇ ਰਾਹਗੀਰ ਅਤੇ ਬੇ-ਘਰੇ ਲੋਕ ਪਨਾਹ ਲੈਂਦੇ ਹਨ।ਇਨ੍ਹਾਂ ਰੈਣ-ਬਸੇਰਿਆਂ ਦੇ ਰੱਖ-ਰਖਾਵ ਲਈ ਟੈਂਡਰ ਲਗਾ ਕੇ ਇੱਕ ਸਾਲ ਦੇ ਸਮੇਂ ਲਈ ਕੰਮ ਅਲਾਟ ਕੀਤਾ ਜਾਂਦਾ ਰਿਹਾ ਹੈ।ਪੁਰਾਣੇ ਕੰਮ ਦੀ ਮਿਆਦ ਮਿਤੀ 24-04-2019 ਨੂੰ ਖਤਮ ਹੋਣ ਉਪਰੰਤ ਅਗਲੇ ਇੱਕ ਸਾਲ ਲਈ ਰੁ: 47.33 ਲੱਖ ਦਾ ਤਖਮੀਨਾ ਤਿਆਰ ਕੀਤਾ ਗਿਆ।ਮਾਨਯੋਗ ਕਮਿਸ਼ਨਰ ਜੀ ਨਾਲ ਮਿਤੀ 18-04-2019 ਨੂੰ ਹੋਈ ਮੀਟਿੰਗ ਦੌਰਾਨ ਕਮਿਸ਼ਨਰ ਜੀ ਵੱਲੋ ਉਕਤ ਸਟਾਫ ਲੈਣ ਸਬੰਧੀ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਤੋ ਕੁਟੇਸ਼ਨ ਲੈਣ ਦੀ ਹਦਾਇਤ ਕੀਤੀ ਗਈ ਅਤੇ ਜੁਆਇੰਟ ਕਮਿਸ਼ਨਰ(ਐਚ) ਵੱਲੋਂ ਪੈਸਕੋ ਤੋ ਵੀ ਕੁਟੇਸ਼ਨ ਲੈਣ ਦੀ ਹਦਾਇਤ ਕੀਤੀ ਗਈ।

ਉਕਤ ਦੀ ਪਾਲਣਾ ਹਿੱਤ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਅਤੇ ਪੈਸਕੋ ਨੂੰ ਈ-ਮੇਲ ਰਾਹੀਂ ਕੁਟੇਸ਼ਨ ਭੇਜਣ ਲਈ ਲਿਖਿਆ ਗਿਆ। ਇਸ ਉਪਰੰਤ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਵੱਲੋਂ ਮਿਤੀ 30-05-2019 ਨੂੰ ਹੇਠ ਲਿਖੇ ਅਨੁਸਾਰ ਕੁਟੇਸ਼ਨ ਭੇਜੀ ਗਈ ਪ੍ਰੰਤੂ ਪੈਸਕੋ ਵੱਲੋ ਵਾਰ-ਵਾਰ ਈ-ਮੇਲ ਰਾਹੀਂ ਯਾਦ ਪੱਤਰ ਭੇਜਣ ਉਪਰੰਤ ਵੀ ਕੋਈ ਕੁਟੇਸ਼ਨ ਪ੍ਰਾਪਤ ਨਹੀਂ ਹੋਈ:-

M/S GRETIS INDIA PRIVATE LIMITED								
Cost sheet for ….								
S.no	**Designation**	**Rate of Pay**	**E.S.I. (Employer Share) 4.75%**	**P.F. (Employer Share) 13%**	**CTC**	**Admin Charges @1%**	GST 18%	**Total invoice value**
1	Care Giver	**8878**	422	1154	10454	105	1901	12459
2	Manager	**25000**	0	0	25000	250	4545	30125

ਉਕਤ ਕੁਟੇਸ਼ਨ ਦੇ ਅਧਾਰ ਤੇ ਸ਼ਹਿਰ ਵਿੱਚ ਬਣੇ 8 ਨਾਈਟ ਸ਼ੈਲਟਰ ਚਲਾਉਣ ਲਈ ਰੁ: 49.01 ਲੱਖ ਦਾ ਤਖਮੀਨਾ ਤਿਆਰ ਕੀਤਾ ਗਿਆ।ਮਾਨਯੋਗ ਕਮਿਸ਼ਨਰ ਜੀ ਵੱਲੋ ਮਿਤੀ 04-06-2019 ਨੂੰ ਹੇਠ ਲਿਖੇ ਅਨੁਸਾਰ ਹਦਾਇਤ ਕੀਤੀ ਗਈ:-

Keep manpower for three. Rest are very small with 2 or 3 beds. Those will be directly run by Corporation. Accordingly revise estimate and put up.

ਉਕਤ ਹੁਕਮਾਂ ਦੀ ਪਾਲਣਾ ਹਿੱਤ 3 ਨਾਈਟ ਸ਼ੈਲਟਰ 11 ਕੇਅਰ ਗੀਵਰ ਅਤੇ 1 ਮੇਨੇਜਰ ਇੱਕ ਸਾਲ ਦੇ ਸਮੇਂ ਲਈ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਰਾਹੀਂ ਆਉਟਸੋਰਸ ਤੇ ਰੱਖਣ ਹਿੱਤ ਤਖਮੀਨਾ ਹੇਠ ਲਿਖੀ ਕੁਟੇਸ਼ਨ ਅਤੇ ਪੰਜਾਬ ਸਰਕਾਰ ਦੇ Department of Finance Personnal-1 Branch ਵੱਲੋਂ ਪੱਤਰ ਨੰ: 7/74/2018-1FPI/1539232/1 ਮਿਤੀ 01-08-2019 ਰਾਹੀਂ ਹੇਠ ਲਿਖੇ ਅਨੁਸਾਰ ਕੀਤੀ ਹਦਾਇਤ ਨੂੰ ਧਿਆਨ ਵਿੱਚ ਰੱਖਦੇ ਹੋਏ 2.5% ਐਡਮਿਨ ਚਾਰਜਿਜ ਨਾਲ ਅਨੁਸਾਰ ਰੁ: 20.24 ਲੱਖ ਦਾ ਤਿਆਰ ਕੀਤਾ ਗਿਆ ਹੈ।

"I am directed to invite a reference to Punjab Government letter No. 7/74/201801FP1/734-739 dated 27-08-2018 and letter No. 7/74/2018-1FPI/858-863 dated 11-10-2018 on the subject cited above and to state that at the time of hiring staff on contract of any category through service provider/contractor, maximum services charges paid to the service provider/contractor shall in no case be more than 2.5 % (two and half percent) of the amount of contract."

M/S GRETIS INDIA PRIVATE LIMITED								
Cost sheet for ….								
S.no	**Designation**	**Rate of Pay**	**E.S.I. (Employer Share) 4.75%**	**P.F. (Employer Share) 13%**	**CTC**	**Admin Charges @2.5%**	GST 18%	**Total invoice value**
1	Care Giver	**8878**	422	1154	10454	261	1881	12596
2	Manager	**25000**	0	0	25000	625	4500	30125

ਮਾਨਯੋਗ ਮੇਅਰ ਵੱਲੋਂ ਮਿਤੀ 08-08-2019 ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਉਕਤ ਤਖਮੀਨੇ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਸਬੰਧੀ ਸਰਕਾਰ ਵੱਲੋਂ ਹਵਾਲੇ ਅਧੀਨ ਪੱਤਰ ਰਾਹੀਂ ਹੇਠ ਲਿਖੇ ਅਨੁਸਾਰ ਮੰਜੂਰੀ ਦਿੱਤੀ ਗਈ ਹੈ:-

ਬੇ-ਘਰ ਲੋਕਾਂ ਵਾਸਤੇ ਬਣਾਏ ਗਏ ਰਹਿਣ ਬਸੇਰਿਆਂ ਦੇ ਰੱਖ-ਰਖਾਵ ਲਈ 1 ਮੈਨੇਜਰ ਅਤੇ 6 ਕੇਅਰ ਗੀਵਰ ਨੂੰ ਆਉਟ ਸੋਰਸ ਏਜੰਸੀ ਰਾਹੀਂ ਰੱਖਣ ਲਈ ਪ੍ਰਸੋਨਲ ਵਿਭਾਗ (ਪੀ.ਪੀ.3 ਸ਼ਾਖਾ) ਨੰ: 12/57/2017-ਪੀ.ਪੀ.3/121 ਮਿਤੀ 29-03-2019 ਰਾਹੀਂ ਜਾਰੀ ਹਦਾਇਤਾਂ ਦੀ ਰੌਸ਼ਨੀ ਵਿੱਚ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਂਦੀ ਹੈ ਕਿ ਇਹ ਅਸਾਮੀਆਂ ਬਜਟ ਵਿੱਚ ਪ੍ਰਵਾਨਿਤ ਹੋਣ ਅਤੇ ਇਹ ਮਤਾ ਨਗਰ ਨਿਗਮ ਦੀ ਜਨਰਲ ਹਾਊਸ ਵਿੱਚ ਪਾਸ ਕਰਵਾਉਣ ਉਪਰੰਤ ਇਸ ਵਿਭਾਗ ਨੂੰ ਅਗਲੇਰੀ ਕਾਰਵਾਈ ਹਿੱਤ ਭੇਜਣਾ ਯਕੀਨੀ ਬਣਾਇਆ ਜਾਵੇ।

ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਮੇਨੇਜਰ ਅਤੇ 6 ਕੇਅਰ ਗੀਵਰ ਆਉਟਸੋਰਸ ਤੇ ਮੈਸਰਜ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਪਾਸੋ ਇੱਕ ਸਾਲ ਦੇ ਸਮੇਂ ਲਈ ਰੱਖਣ ਵਾਸਤੇ ਅਜੰਸੀ ਨੂੰ ਪੱਤਰ ਲਿਖ ਕੇ ਉਕਤ ਸਟਾਫ ਮੁਹੱਈਆ ਕਰਵਾਉਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ ਜੀ।

ਇਸ ਤੋ ਇਲਾਵਾ ਬਾਕੀ ਰਹਿੰਦੇ 5 ਨਾਈਟ ਸ਼ੈਲਟਰਾਂ ਨੂੰ ਚਲਾਉਣ ਲਈ ਲੋੜੀਂਦਾ ਸਟਾਫ ਅਮਲਾ ਸ਼ਾਖਾ ਪਾਸੋ ਲੈਣ ਲਈ ਪਹਿਲਾਂ ਵੀ ਮਾਨਯੋਗ ਕਮਿਸ਼ਨਰ ਜੀ ਵੱਲੋਂ ਮਿਤੀ 29-05-2019 ਪ੍ਰਵਾਨਗੀ ਦਿੱਤੀ ਗਈ ਹੈ)। ਕਿਉ ਜ਼ੋ ਸਰਦੀਆਂ ਦਾ ਮੌਸਮ ਜਲਦ ਹੀ ਆਉਣ ਵਾਲਾ ਹੈ ਇਸ ਲਈ ਉਕਤ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਕੇਸ ਵਿਚਾਰਣ ਅਤੇ ਯੋਗ ਪ੍ਰਵਾਨਗੀ ਹਿੱਤ ਮਾਨਯੋਗ ਹਾਊਸ ਵਿੱਚ ਭੇਜਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 59

ਵਿਸ਼ਾ:- ਕਾਲਾ ਸਿੰਘਾ ਡਰੇਨ ਤੇ 7 ਨੰ. ਬਣੇ ਹੋਏ ਪਾਈਪ ਕਲਵਰਟਸ ਨੂੰ ਮੁੜ ਬਣਾਉਣ ਸਬੰਧੀ।

ਪੜ੍ਹਿਆ ਦਫਤਰੀ ਨੋਟ ਬੀ.ਐਂਡ ਆਰ. ਸ਼ਾਖਾ ਮਿਤੀ 28.3.2019 ਜਿਸ ਤੇ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਨੇ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਧੀਨ ਰਿਪੋਰਟ ਕੀਤੀ ਜਾਂਦੀ ਹੈ ਕਿ ਕਾਰਜਕਾਰੀ ਇੰਜੀਨੀਅਰ ਜਲੰਧਰ ਜਲ ਨਿਕਾਸ ਮੰਡਲ ਵਲੋਂ ਕਾਲਾ ਸਿੰਘਾ ਡਰੇਨ ਤੇ ਬਣੇ ਹੋਏ 8 ਨੰ. ਪਾਈਪ ਕਲਵਰਟਸ ਨੂੰ ਦੋਬਾਰਾ ਬਣਾਉਣ ਲਈ ਨਗਰ ਨਿਗਮ ਜਲੰਧਰ ਨੂੰ ਲਿਖਿਆ ਹੈ। ਇਹ ਪੁਲ ਨੀਵੇਂ/ਡੈਮੇਜ/ਬੰਦ ਪਏ ਹੋਏ ਹਨ। ਬਰਸਾਤਾਂ ਦੌਰਾਨ ਇਹਨਾਂ ਪੁਲਾਂ/ਕਲਵਰਟਸ ਹੇਠਾਂ ਪਾਣੀ ਦੀ ਨਿਕਾਸੀ ਵਿੱਚ ਮੁਸ਼ਕਿਲ ਆਉਂਦੀ ਹੈ ਜਿਸ ਕਾਰਣ ਪਾਣੀ ਓਵਰਫਲੋ ਹੋ ਕੇ ਨਾਲ ਲੱਗਦੀਆਂ ਆਬਾਦੀਆਂ ਵਿੱਚ ਚਲਾ ਜਾਂਦਾ ਹੈ। ਜਿਸ ਨਾਲ ਸੜਕਾਂ ਦੇ ਟੁੱਟਣ ਅਤੇ ਜਾਨ ਮਾਲ ਦਾ ਨੁਕਸਾਨ ਹੋਣ ਦਾ ਖਤਰਾ ਰਹਿੰਦਾ ਹੈ। ਇਹਨਾਂ ਪੁਲਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ.	ਪੁਲਾਂ/ ਕਲਵਰਟਸ ਦੀ ਬੁਰਜੀ	ਵੇਰਵਾ
1	123200	ਇਹ ਕਲਵਰਟ/ਪੁਲ ਸਲੈਬ ਦੇ ਰੂਪ ਵਿੱਚ ਸ਼ੀਤਲ ਨਗਰ ਤੋਂ ਪਿੰਡ ਨਾਗਰਾ ਤੱਕ ਜਾਣ ਵਾਲੇ ਰਸਤੇ ਤੇ ਬਣਿਆ ਹੋਇਆ ਹੈ। ਇਸਦੇ ਪੈਰਾਪੇਟ ਨਹੀਂ ਹਨ ਅਤੇ ਸਲੈਬ ਵੀ ਡੈਮੇਜ਼ ਹੈ।
2	126500	ਇਹ ਕਲਵਰਟ ਸੀ.ਟੀ ਪਬਲਿਕ ਸਕੂਲ ਵਲੋਂ ਨਜਾਇਜ ਤੌਰ ਤੇ ਬਣਿਆ ਹੋਇਆ ਹੈ। ਇਸ ਨੂੰ ਤੋੜ ਕੇ ਉੱਚਾ ਬਾਕਸ ਪੁਲ ਬਣਾਉਣ ਦੀ ਜਰੂਰਤ ਹੈ।
3	127900	ਇਹ ਪੁਲ ਸ਼ਹੀਦ ਭਗਤ ਸਿੰਘ ਕਲੌਨੀ ਵਿੱਚ ਬਣਿਆ ਹੋਇਆ ਹੈ। ਇਸਦੀ ਕਪੈਸਿਟੀ ਬਹੁਤ ਘੱਟ ਹੈ ਜਿਸ ਕਾਰਣ ਇਸਦੇ ਉਪਰਲੇ ਪਾਸੇ ਬੂਟੀ ਆਦਿ ਦੀ ਡਾਫ਼ ਲੱਗ ਜਾਂਦੀ ਹੈ।
4	128300	ਇਹ ਪੁਲ ਸ਼ਹੀਦ ਭਗਤ ਸਿੰਘ ਕਲੌਨੀ ਵਿੱਚ ਬਣਿਆ ਹੋਇਆ ਹੈ। ਇਸ ਪੁਲ ਦੀ ਸਲੈਬ ਨੀਵੀਂ ਹੋਣ ਕਰਕੇ ਬਰਸਾਤੀ ਮੌਸਮ ਦੌਰਾਨ ਪਾਣੀ ਨੂੰ ਡਾਫ਼ ਲੱਗਣ ਦਾ ਖਤਰਾ ਬਣਿਆ ਰਹਿੰਦਾ ਹੈ।
5	135000	ਇਹ ਪਾਈਪ ਕਲਵਰਟ ਪਿੰਡ ਗਦਈਪੁਰ ਨੇੜੇ ਬਣਿਆ ਹੋਇਆ ਹੈ। ਇਸ ਵਿੱਚ ਪਾਣੀ ਦੀ ਨਿਕਾਸੀ ਸੁਚਾਰੂ ਢੰਗ ਨਾਲ ਨਹੀਂ ਹੁੰਦੀ ਹੈ।
6	135900	ਇਹ ਪਾਈਪ ਕਲਵਰਟ ਪਿੰਡ ਗਦਈਪੁਰ ਨੇੜੇ ਬਣਿਆ ਹੋਇਆ ਹੈ। ਇਹ ਪੂਰੀ ਤਰ੍ਹਾਂ ਡੈਮੇਜ਼ ਹੈ।
7	136400	ਇਹ ਪਾਈਪ ਕਲਵਰਟ ਪਿੰਡ ਗਦਈਪੁਰ ਨੇੜੇ ਬਣਿਆ ਹੋਇਆ ਹੈ। ਇਹ ਪੂਰੀ ਤਰ੍ਹਾਂ ਡੈਮੇਜ਼ ਹੈ।
8	121100	ਇਹ ਪੁਲ ਪਿੰਡ ਨਾਗਰਾ ਤੋਂ ਜਲੰਧਰ ਰੋਡ ਤੇ ਬਣਿਆ ਹੋਇਆ ਹੈ। ਇਸ ਪੁਲ ਦੀ ਚੌੜਾਈ ਘੱਟ ਹੋਣ ਕਾਰਣ ਟਰੈਫਿਕ ਦੀ ਸੱਮਸਿਆ ਬਣੀ ਰਹਿੰਦੀ ਹੈ।

ਇਹਨਾਂ ਪੁਲਾਂ ਤੇ ਲਗਭਗ 10 ਕਰੋੜ ਦਾ ਖਰਚਾ ਆਉਣਾ ਹੈ। ਇਹਨਾਂ ਪੁਲਾਂ ਦਾ ਡਿਜਾਇਨ ਵੀ ਕਰਵਾਇਆ ਜਾਣਾ ਹੈ। ਇਹਨਾਂ ਪੁਲਾਂ ਦੀ ਉਸਾਰੀ ਅਤੇ ਡਿਜਾਇਨ ਕਰਵਾਉਣ ਦੀ ਪ੍ਰਵਾਨਗੀ ਹਿੱਤ ਤਜਵੀਜ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ) ਨੇ ਮਿਤੀ 3.4.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਦੀ ਸ਼ਿਫਾਰਸ਼ ਕੀਤੀ ਹੈ। ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 25.4.2019 ਅਤੇ ਵਧੀਕ ਕਮਿਸ਼ਨਰ ਜੀ ਨੇ ਮਿਤੀ 29.4.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 11.6.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 60

ਵਿਸ਼ਾ:- ਨਗਰ ਨਿਗਮ, ਜਲੰਧਰ ਵੱਲੋਂ ਜਮਸ਼ੇਰ ਵਿੱਚ ਸਥਾਪਤ ਕੀਤੇ ਗਏ ਡੇਅਰੀ ਕੰਪਲੈਕਸ ਵਿਖੇ ਇੱਕਠੇ ਗੋਬਰ ਆਦਿ ਤੋਂ ਪਾਵਰ ਜਨਰੇਟ ਕਰਨ ਦੇ ਲਈ ਪੰਜਾਬ ਐਨਰਜੀ ਡਿਵੈੱਲਪਮੈਂਟ ਅਥਾਰਟੀ ਦੀ ਮਦਦ ਨਾਲ Bio Gas ਪਲਾਂਟ ਲਗਾਉਣ ਬਾਰੇ।

ਪੜ੍ਹਿਆ ਦਫਤਰੀ ਨੋਟ (ਬੀ.ਐਂਡ ਆਰ. ਸ਼ਾਖਾ) ਜਿਸ ਤੇ ਕਾਰਜਕਾਰੀ ਇੰਜੀਨੀਅਰ ਨੇ ਮਿਤੀ 19.3.2019 ਰਾਹੀਂ ਸ਼ਿਫਾਰਸ਼ ਕੀਤੀ ਹੈ ਕਿ ਨਗਰ ਨਿਗਮ, ਜਲੰਧਰ ਵੱਲੋਂ ਜਮਸ਼ੇਰ ਡੇਅਰੀ ਕੰਪਲੈਕਸ ਵਿਖੇ ਇੱਕ Bio Gas ਕਮ Bio CNG ਪਲਾਂਟ ਲਗਾਉਣ ਲਈ ਮੈਸਰਜ਼ Pharose Remedies Limited Jammu ਨੂੰ ਲੈਟਰ ਆਫ ਅਵਾਰਡ ਨੰ:ਸੀ.ਈ/ਡੀ/241 ਮਿਤੀ:07.09.2015 ਰਾਹੀਂ ਦਿੱਤਾ ਗਿਆ ਹੈ।ਉਪਰੋਕਤ ਪੱਤਰ ਅਨੁਸਾਰ ਠੇਕੇਦਾਰ/ਏਜੰਸੀ ਨੂੰ 2.25 ਏਕੜ ਜਗ੍ਹਾ ਸਾਈਜ 544'x180' ਨੂੰ ਲੀਜ ਤੇ ਦਿੱਤੀ ਜਾਣੀ ਹੈ, ਇਹ ਜਗ੍ਹਾ ਪਹਿਲਾ ਚਾਰਾ ਮੰਡੀ ਲਈ ਵਰਤੀ ਜਾਂਦੀ ਸੀ ਅਤੇ ਜਿਸ ਕਾਰਣ ਡੇਅਰੀ ਮਾਲਕਾਂ, ਇਲਾਕਾ ਵਸਨੀਕ ਅਤੇ ਹੋਰਾਂ ਵੱਲੋਂ ਇਹ ਪ੍ਰੋਜੈਕਟ ਦਾ ਵਿਰੋਧ ਕੀਤਾ ਜਾ ਰਿਹਾ ਸੀ। ਇਸ ਕਾਰਣ ਪ੍ਰੋਜੈਕਟ ਨੂੰ ਮੁਕੰਮਲ ਕਰਨ ਵਿੱਚ ਦੇਰ ਹੋ ਗਈ। ਹੁਣ ਡੇਅਰੀ ਕੰਪਲੈਕਸ ਜਮਸ਼ੇਰ ਵਿੱਚੋਂ ਆ ਰਿਹਾ ਗੋਬਰ/ਪਸ਼ੂਆਂ ਦਾ ਮਲ ਮੂਤਰ ਜੋ ਕਿ ਨਾਲ ਲੱਗਦੀ ਡਰੇਨ ਵਿੱਚ ਪੈਂਦਾ ਹੈ, ਉਸ ਉਪਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਦਫ਼ਤਰ ਵੱਲੋਂ ਸਖਤ ਇਤਰਾਜ ਕੀਤਾ ਗਿਆ ਹੈ ਅਤੇ ਨਗਰ ਨਿਗਮ, ਜਲੰਧਰ ਨੂੰ ਆਪਣਾ ਪੱਖ ਰੱਖਣ ਦੇ ਲਈ ਆਪਣੇ ਦਫ਼ਤਰ ਸੁਣਵਾਈ ਲਈ ਬੁਲਾਇਆ ਜਾ ਰਿਹਾ ਹੈ।ਇਸ ਨੂੰ ਮੁੱਖ ਰੱਖਦੇ ਹੋਏ ਵਧੀਕ ਕਮਿਸ਼ਨਰ ਜੀ ਅਤੇ ਕਮਿਸ਼ਨਰ ਨਗਰ ਨਿਗਮ, ਜਲੰਧਰ ਜੀ ਵੱਲੋਂ ਮਿਤੀ:05.11.2018 ਨੂੰ ਮੀਟਿੰਗ ਕੀਤੀ ਗਈ ਜਿਸ ਵਿੱਚ ਹਲਕਾ ਵਿਧਾਇਕ ਸ:ਪ੍ਰਗਟ ਸਿੰਘ ਜੀ ਨਾਲ ਵੀ ਗੱਲ ਕੀਤੀ ਗਈ।ਇਸ ਸਬੰਧ ਵਿੱਚ ਮਿਤੀ:23.12.2018 ਨੂੰ ਜਮਸ਼ੇਰ ਡੇਅਰੀ ਕੰਪਲੈਕਸ ਵਿਖੇ ਮੇਅਰ ਨਗਰ ਨਿਗਮ, ਜਲੰਧਰ, ਹਲਕਾ ਵਿਧਾਇਕ ਕੈਂਟ, ਕਮਿਸ਼ਨਰ, ਨਗਰ ਨਿਗਮ, ਜਲੰਧਰ, ਨਿਗਰਾਨ ਇੰਜੀਨੀਅਰ, ਪ੍ਰਧਾਨ ਡੇਅਰੀ ਐਸੋਸੀਏਸ਼ਨ ਜਮਸ਼ੇਰ ਅਤੇ ਹੋਰ ਹਾਜਰ ਹੋਏ ਅਤੇ ਇਹ ਫੈਸਲਾ ਕੀਤਾ ਗਿਆ ਕਿ ਚਾਰਾ ਮੰਡੀ ਪਹਿਲਾ ਵਾਲੀ ਜਗ੍ਹਾ ਤੋਂ ਬਦਲ ਕੇ ਭੋਡੇ ਸਪਰਾਏ ਤੋਂ ਚੈਤੇਵਾਨੀ ਸੜਕ ਦੇ ਨਾਲ ਸ਼ਿਫਟ ਹੋਵਗੀ ਅਤੇ ਇਸ ਦੇ ਨਾਲ ਹੀ ਹੱਡਾ ਰੌੜੀ ਦੀ ਜਗ੍ਹਾਂ ਵੀ ਸ਼ਿਫਟ ਕੀਤੀ ਜਾਵੇਗੀ।ਚਾਰਾ ਮੰਡੀ ਦਾ ਸਾਈਜ (540'x110') ਅਤੇ ਮਾਡਰਨ ਹੱਡਾ ਰੌੜੀ ਦਾ ਸਾਈਜ (120'x90') ਹੋਵੇਗਾ।

ਹੁਣ ਚਾਰਾ ਮੰਡੀ ਅਤੇ ਮਾਡਰਨ ਹੱਡਾ ਰੌੜੀ ਲਗਾਉਣ ਦੀ ਤਜਵੀਜ ਭੋਡੇ ਸਪਰਾਏ ਤੋਂ ਚੈਤੇਵਾਨੀ ਸੜਕ ਦੇ ਨਾਲ ਹੈ, ਪਹਿਲਾ ਇਸ ਜਗ੍ਹਾ ਤੇ ਮਿਉਂਸੀਪਲ ਸੋਲਿਡ ਵੇਸਟ ਮੈਨੇਂਜਮੈਂਟ ਪ੍ਰੋਜੈਕਟ ਲਈ ਚਿੰਨਹਿੱਤ ਸੀ ਅਤੇ ਇਹ ਪ੍ਰੋਜੈਕਟ ਵੀ ਪਬਲਿਕ ਦੇ ਵਿਰੋਧ ਕਾਰਣ ਸ਼ੁਰੂ ਨਹੀਂ ਕੀਤਾ ਜਾ ਸਕਿਆ ਸੀ। ਹੁਣ ਇਸ ਜਗ੍ਹਾ ਵਿੱਚੋ ਚਾਰਾ ਮੰਡੀ ਅਤੇ ਮਾਰਡਨ ਹੱਡਾ ਰੌੜੀ ਲਈ ਜਗ੍ਹਾ ਉਪਰੋਕਤ ਦੱਸੇ ਸਾਈਜ ਅਨੁਸਾਰ ਚਿੰਨਹਿੱਤ ਕੀਤੀ ਗਈ ਹੈ, ਜਿਸ ਦੇ ਨਾਲ ਪਲਾਟ ਨੰ:481 ਤੋਂ 489 ਅਤੇ 355 ਤੋਂ 356 ਪ੍ਰਭਾਵਿਤ ਹੋਣਗੇ ਭਾਵ ਵੇਚੇ ਨਹੀਂ ਜਾ ਸਕਣਗੇ।

ਉਪਰੋਕਤ ਦਫ਼ਤਰੀ ਤਜਵੀਜ ਨੂੰ ਮਾਨਯੋਗ ਹਾਊਸ ਦੀ ਪ੍ਰਵਾਨਗੀ ਲਈ ਪੇਸ਼ ਕੀਤਾ ਹੈ, ਤਾਂ ਜੋ ਵਿਸ਼ੇ ਅਧੀਨ ਪ੍ਰੋਜੈਕਟ ਨੂੰ ਸਮੇਂ-ਸਿਰ ਮੁਕੰਮਲ ਕੀਤਾ ਜਾ ਸਕੇ।ਨਿਗਰਾਨ ਇੰਜੀਨਿਅਰ (ਬੀ.ਐਂਡ ਆਰ.) ਨੇ ਮਿਤੀ 3.4.2019 ਰਾਹੀਂ ਉਕਤ ਤਜਵੀਜ ਦੀ ਪ੍ਰਵਾਨਗੀ ਹਾਊਸ ਤੋਂ ਲੈਣ ਦੀ ਸ਼ਿਫਾਰਸ਼ ਕੀਤੀ ਹੈ। ਜਿਸ ਨਾਲ ਸੰਯੁਕਤ ਕਮਿਸ਼ਨਰ (ਏ) ਨੇ ਮਿਤੀ 9.4.2019 ਅਤੇ ਕਮਿਸ਼ਨਰ ਜੀ ਨੇ ਮਿਤੀ 13.8.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 16.8.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 61

ਵਿਸ਼ਾ:- ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 17-04-2018 ਨੂੰ ਹੋਈ ਮੀਟਿੰਗ ਵਿੱਚ ਵਿਚਾਰੇ ਗਏ ਨੁਕਤਿਆਂ ਸਬੰਧੀ ਕਾਰਵਾਈ ਕਰਨ ਬਾਰੇ।

ਹਵਾਲਾ: 1) ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ ਦੇ ਪੱਤਰ ਨੰ: ਸ3-ਜ਼ਸ-ਡਸਸ-2019/26157-172 ਮਿਤੀ 12-06-2019

2) ਪ੍ਰਮੁੱਖ ਸਕੱਤਰ ਦੇ ਡੀ.ਓ. ਨੰ: 410 ਮਿਤੀ 03-01-2019

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਮਿਤੀ 20.6.2019 ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਹਵਾਲਾ ਨੰ: 2 ਦੇ ਪੱਤਰ ਰਾਹੀਂ ਉਕਤ ਸਬੰਧੀ ਰਿਪੋਰਟ/ਟਿੱਪਣੀ ਮੰਗੀ ਗਈ ਸੀ ਜਿਸ ਅਨੁਸਾਰ ਮਾਤਾ ਪਿਤਾ ਅਤੇ ਬਜੁਰਗ ਨਾਗਰਿਕਾਂ ਦੀ ਦੇਖ-ਭਾਲ ਅਤੇ ਭਲਾਈ ਨਿਯਮ-2012 ਦੇ ਨਿਯਮ 24 ਅਧੀਨ ਗਠਿਤ ਕੀਤੇ ਗਏ ਰਾਜ ਪ੍ਰੀਸ਼ਦ ਦੀ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਬੇਨਤੀ ਕੀਤੀ ਗਈ ਸੀ ਕਿ ਬਜੁਰਗਾਂ ਲਈ ਸ਼ਹਿਰੀ ਖੇਤਰਾਂ ਵਿੱਚ ਮਿਉਂਸਪਲ ਕਮੇਟੀਆਂ ਦੁਆਰਾ ਬਣਾਏ ਗਏ ਕਮਿਊਨਿਟੀ ਸੈਂਟਰਾਂ ਨੂੰ 2-3 ਘੰਟਿਆਂ ਲਈ ਡੇ-ਕੇਅਰ ਸੈਂਟਰਾਂ ਵਜੋ ਵਰਤਣ ਦੀ ਇਜਾਜਤ ਦਿੱਤੀ ਜਾਵੇ।

ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਦੀਆਂ ਹਦਾਇਤਾਂ ਦੀਆਂ ਪਾਲਣਾ ਹਿੱਤ ਨਗਰ ਨਿਗਮ, ਜਲੰਧਰ ਵਿਖੇ ਕਮਿਊਨਿਟੀ ਸੈਂਟਰਾਂ ਨੂੰ 2-3 ਘੰਟਿਆਂ ਲਈ ਡੇ-ਕੇਅਰ ਸੈਂਟਰ ਵਜੋ ਵਰਤਣ ਲਈ ਇਹ ਮਾਮਲਾ ਆਪ ਜੀ ਦੀ ਪ੍ਰਵਾਨਗੀ ਅਤੇ ਜਾਣਕਾਰੀ ਹਿੱਤ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਤਾਂ ਜ਼ੋ ਇਸ ਮਾਮਲੇ ਨੂੰ ਮਾਨਯੋਗ ਹਾਊਸ ਵਿੱਚ ਭੇਜਦੇ ਹੋਏ ਸਬੰਧਤ ਕਮਿਊਨਿਟੀ ਸੈਂਟਰਾਂ ਨੂੰ ਇਸ ਸਬੰਧੀ ਲੋੜੀਂਦੀਆਂ ਹਦਾਇਤਾਂ ਕੀਤੀਆ ਜਾ ਸਕਣ ਅਤੇ ਸਰਕਾਰ ਨੂੰ ਜਾਣੂ ਕਰਵਾਇਆ ਜਾ ਸਕੇ। ਨਿਗਰਾਨ ਇੰਜੀਨੀਅਰ (ਬੀ ਐਂਡ ਆਰ) ਨੇ ਆਪਣੇ ਹਸਤਾਖ਼ਰ ਮਿਤੀ : 20.6.2019 ਰਾਹੀ ਉਪਰੋਕਤ ਤਜੀਵਜ਼ ਹਾਊਸ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਵਧੀਕ ਕਮਿਸ਼ਨਰ ਜੀ ਨੇ ਮਿਤੀ : 21.06.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 27.6.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ।

ਚੱਲ ਰਹੇ ਨਗਰ ਨਿਗਮ ਦੇ ਕਮਿਊਨਿਟੀ ਸੈਂਟਰਾਂ ਦੀ ਲਿਸਟ ਹੇਠ ਅਨੁਸਾਰ ਹੈ।

List of Community Hall		
Sr. No.	Name	Constituency
1	Bhagwan Valmiki Community Hall Basti Guzan	West
2	Bhagwan Valmiki Community Hall near 120' road Basti Shiekh	West
3	Community Hall Aluwalia Bagh near Women Jail	West
4	Dr.B.R.Ambedkar Community Hall Abadpura	West
5	Community Hall in Guru Ravidass Mandir, Danishmanda	West
6	Roshan Lal Park Community Hall	West
7	Bhagat Community Hall Bhargo Camp	West
8	Community Centre near Sat Nagar	North

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 62

ਵਿਸ਼ਾ:- ਭਾਰਗੋ ਕੈਂਪ ਵਾਰਡ ਨੰ:52 ਵਿੱਚ ਬਣਾਏ ਗਏ ਕਮਿਊਨਟੀ ਹਾਲ ਦੀ ਸਾਂਭ-ਸੰਭਾਲ ਸਬੰਧੀ।

ਪੜਿਆ ਨੋਟ ਬੀ ਐਂਡ ਆਰ ਸ਼ਾਖਾ ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 2.1.19 ਨੂੰ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸ਼੍ਰੀ ਰੋਸ਼ਨ ਲਾਲ ਮੇਘ, ਕਮਿਊਨਟੀ ਹਾਲ ਭਾਰਗੋ ਕੈਂਪ ਦੀ ਸਾਂਭ-ਸੰਭਾਲ ਸਾਲ 2011 ਤੋਂ ਸਾਲ 2016 ਤੱਕ ਰੋਸ਼ਨ ਲਾਲ ਮੇਘ ਪ੍ਰਬਧੰਕ ਕਮੇਟੀ, ਭਾਰਗੋ ਨਗਰ ਨੂੰ ਦਿੱਤੀ ਗਈ। ਇਸ ਸੁਸਾਇਟੀ ਵੱਲੋਂ ਇਹ ਕਮਿਊਨਟੀ ਹਾਲ ਤੈਅ ਮਿਆਂਦ ਤੋਂ ਇੱਕ ਸਾਲ ਹੋਰ ਵੱਧ ਚਲਾਇਆ ਗਿਆ। ਪ੍ਰੰਤੂ ਇਸ ਕਮੇਟੀ ਵੱਲੋਂ ਨਗਰ ਨਿਗਮ,ਜਲੰਧਰ ਦੀਆਂ ਸ਼ਰਤਾਂ ਅਨੁਸਾਰ ਨਗਰ ਨਿਗਮ ਦਾ ਬਣਦਾ ਹਿੱਸਾ ਰੁ:22210/- ਨਗਰ ਨਿਗਮ, ਜਲੰਧਰ ਦੇ ਖਜਾਨੇ ਵਿੱਚ ਜਮ੍ਹਾਂ ਨਹੀ ਕਰਵਾਇਆ ਗਿਆ। ਇਹ ਰਕਮ ਨਗਰ ਨਿਗਮ, ਜਲੰਧਰ ਦੇ ਖਜਾਨੇ ਵਿੱਚ ਜਮ੍ਹਾਂ ਕਰਵਾਉਣ ਦੇ ਲਈ ਇਸ ਸੁਸਾਇਟੀ ਨੂੰ ਨੋਟਿਸ ਨੰ:ਸੀ.ਈ/ਸੀ.ਐਲ-1856 ਮਿਤੀ:05.02.2018 ਅਤੇ ਨੋਟਿਸ ਨੰ: ਸੀ.ਈ (ਡੀ)320 ਮਿਤੀ:21.11.2018 ਨੂੰ ਜਾਰੀ ਕੀਤੇ ਗਏ। ਇਹਨਾਂ ਨੋਟਿਸਾਂ ਦੇ ਬਾਅਦ ਵੀ ਸੁਸਾਇਟੀ ਵੱਲੋਂ ਨਗਰ ਨਿਗਮ,ਜਲੰਧਰ ਨੂੰ ਕੋਈ ਪੈਸਾ ਜਮ੍ਹਾਂ ਨਹੀ ਕਰਵਾਇਆ ਗਿਆ। ਇਸ ਉਪਰੰਤ ਉਕਤ ਸੁਸਾਇਟੀ ਵੱਲੋਂ ਇਹਨਾਂ ਜਾਰੀ ਕੀਤੇ ਗਏ ਨੋਟਿਸਾਂ ਦੇ ਸਬੰਧ ਵਿੱਚ ਇੱਕ ਬੇਂਨਤੀ ਪੱਤਰ ਮਿਤੀ:27.11.2018 ਨੂੰ ਮਾਨਯੋਗ ਮੇਅਰ ਜੀ ਨੂੰ ਲਿਖਿਆ ਗਿਆ, ਜਿਸ ਵਿੱਚ ਸ਼੍ਰੀਮਤੀ ਮੀਨਾ ਕੁਮਾਰ ਸਾਬਕਾ ਕੌਂਸਲਰ ਵਾਰਡ ਨੰ:34 ਵੱਲੋਂ ਇਸ ਕਮਿਊਨਟੀ ਹਾਲ ਦੇ ਰੱਖ-ਰਖਾਵ ਸਬੰਧੀ ਨਗਰ ਨਿਗਮ,ਜਲੰਧਰ ਦੀਆਂ ਸ਼ਰਤਾਂ ਅਨੁਸਾਰ ਬਣਦਾ ਬਕਾਇਆ ਹਿੱਸਾ ਰੁ:22210/- ਜਮ੍ਹਾਂ ਕਰਵਾਉਣ ਲਈ ਸਹਿਮਤੀ ਪ੍ਰਗਟ ਕੀਤੀ ਗਈ ਹੈ ਅਤੇ ਨਾਲ ਹੀ ਲੋਕ ਭਲਾਈ ਦੇ ਕੰਮਾਂ ਲਈ ਇਸ ਕਮਿਊਨਟੀ ਹਾਲ ਨੂੰ ਮੁੜ ਤੋਂ ਲੀਜ ਤੇ ਦੇਣ ਦੀ ਬੇਨਤੀ ਕੀਤੀ ਗਈ ਹੈ।

ਇੱਥੇ ਇਹ ਵੀ ਦੱਸਣਯੋਗ ਹੈ ਕਿ ਇਸ ਕਮਿਊਨਟੀ ਹਾਲ ਦਾ ਕਬਜਾ ਫਿਲਹਾਲ ਨਗਰ ਨਿਗਮ,ਜਲੰਧਰ ਕੋਲ ਹੈ। ਮਿਤੀ:25.10.2018 ਨੂੰ ਸੱਤ ਗੁਰੂ ਕਬੀਰ ਵੈਲਫੇਅਰ ਸੁਸਾਇਟੀ 160/13, ਨਿਊ ਸੂਰਾਜ ਗੰਜ ਜਲੰਧਰ ਵੱਲੋਂ ਬੇਨਤੀ ਪੱਤਰ ਦਿੱਤਾ ਗਿਆ ਸੀ, ਜਿਸ ਵਿੱਚ ਸੁਸਾਇਟੀ ਵੱਲੋਂ ਲਿਖਿਆ ਗਿਆ ਹੈ ਕਿ ਸੁਸਾਇਟੀ ਇਸ ਕਮਿਊਨਟੀ ਹਾਲ ਦੀ ਸਾਂਭ-ਸੰਭਾਲ ਨਗਰ ਨਿਗਮ,ਜਲੰਧਰ ਦੀਆਂ ਸ਼ਰਤਾਂ ਅਨੁਸਾਰ ਕਰਨ ਲਈ ਤਿਆਰ ਹੈ। ਕਿਉ ਜੋ ਇਲਾਕਾ ਨਿਵਾਸੀਆਂ ਨੂੰ ਆਪਣੇ ਸੁੱਖ-ਦੁੱਖ ਦੇ ਕੰਮਾਂ ਵਾਸਤੇ ਇਸ ਕਮਿਊਨਟੀ ਹਾਲ ਦੀ ਜਰੂਰਤ ਸਮੇਂ-ਸਮੇਂ ਸਿਰ ਪੈਂਦੀ ਰਹਿੰਦੀ ਹੈ।

ਇਸੇ ਤਰ੍ਹਾਂ ਵੱਖਰੇ ਤੌਰ ਤੇ ਲੋਕ ਸੇਵਾ ਸਮਿਤੀ ਰਜਿ ਪਤਾ 13/2, ਭਾਗਰੋ ਨਗਰ ਜਲੰਧਰ ਵੱਲੋਂ ਬੇਨਤੀ ਪੱਤਰ ਮਿਤੀ:26.11.2018 ਨੂੰ ਇਸ ਦਫਤਰ ਨੂੰ ਪ੍ਰਾਪਤ ਹੋਇਆ ਹੈ ਅਤੇ ਵਾਰਡ ਨੰ:38 ਦੇ ਕੌਂਸਲਰ ਸ਼੍ਰੀ ਉਕਾਂਰ ਰਾਜੀਵ ਟਿੱਕਾ ਵੱਲੋਂ ਵੀ ਆਪਣੇ ਪੱਤਰ ਮਿਤੀ:04.12.2018 ਰਾਹੀਂ ਦੱਸਿਆ ਗਿਆ ਹੈ ਕਿ ਕਮਿਊਨਟੀ ਹਾਲ ਨੂੰ ਸੀਲ ਕਰਨ ਉਪਰੰਤ ਭਾਗਰੋ ਕੈਂਪ ਦੇ ਗਰੀਬ ਨਿਵਾਸੀਆਂ ਨੂੰ ਕਾਫੀ ਮੁਸ਼ਕਲਾਂ ਪੇਸ਼ ਆ ਰਹੀਆ ਹਨ ਅਤੇ ਸਿਫਾਰਿਸ਼ ਕੀਤੀ ਗਈ ਹੈ ਕਿ ਇਸ ਕਮਿਊਨਟੀ ਹਾਲ ਦਾ ਰੱਖ-ਰਖਾਵ ਦਾ ਕੰਮ ਲੋਕ ਸੇਵਾ ਸਮਿਤੀ ਰਜਿ ਪਤਾ 13/2, ਭਾਰਗੋ ਨਗਰ ਦੇ ਹੱਥਾਂ ਵਿੱਚ ਦਿੱਤਾ ਜਾਵੇ ਤਾਂ ਜੋ ਇਸ ਕਮਿਊਨਟੀ ਹਾਲ ਦਾ ਸੱਦ ਉਪਯੋਗ ਕੀਤਾ ਜਾ ਸਕੇ ਅਤੇ ਇੱਥੇ ਦੇ ਗਰੀਬ ਪਰਿਵਾਰਾਂ ਨੂੰ ਰਾਹਤ ਦਿੱਤੀ ਜਾ ਸਕੇ।

ਉਪਰੋਕਤ ਬੇਂਨਤੀ ਪੱਤਰਾਂ ਅਤੇ ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਇਹ ਤਜਵੀਜ ਕੀਤਾ ਜਾਂਦਾ ਹੈ ਕਿ ਸ਼੍ਰੀ ਰੋਸ਼ਨ ਲਾਲ, ਮੇਘ ਕਮਿਊਨਟੀ ਹਾਲ ਭਾਰਗੋ ਕੈਂਪ ਨੂੰ ਮਾਨਯੋਗ ਹਾਊਸ ਵੱਲੋਂ ਪਾਸ ਕੀਤੇ ਗਏ ਮਤਾ ਨੰ:307 ਮਿਤੀ:14.10.2011 ਦੀਆਂ ਸ਼ਰਤਾਂ ਅਨੁਸਾਰ ਸਾਂਭ-ਸੰਭਾਲ ਲਈ ਦਿੱਤਾ ਜਾਣਾ ਹੈ। ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਪਰੋਕਤ ਕਮਿਊਨਟੀ ਹਾਲ ਕੌਂਸਲਰ ਸ਼੍ਰੀ ਤਰਸੇਮ ਸਿੰਘ ਲਖੋਤਰਾ ਦੇ ਵਾਰਡ ਨੰ:34 ਵਿੱਚ ਪੈਂਦਾ ਹੈ ਅਤੇ ਇਸ ਕਮਿਊਨਟੀ ਹਾਲ ਨੂੰ ਹੇਠ ਲਿਖੀਆਂ ਸੋਸਾਇਟੀਆਂ/ਬਿਨੈਂਕਾਰ ਵਿੱਚੋ ਕਿਸੇ ਇੱਕ ਨੂੰ ਸਾਂਭ-ਸੰਭਾਲ ਲਈ ਦਿੱਤਾ ਜਾਣਾ ਹੈ:-

1) ਸ਼੍ਰੀਮਤੀ ਮੀਨਾ ਕੁਮਾਰੀ, ਮਕਾਨ ਨੰਬਰ 133/3 ਭਾਗਰੋ ਨਗਰ,ਜਲੰਧਰ।
2) ਸੱਤ ਗੁਰੂ ਕਬੀਰ ਵੈਲਫੇਅਰ ਸੁਸਾਇਟੀ 160/13, ਨਿਊ ਸੂਰਾਜ ਗਜ ਜਲੰਧਰ। (ਪ੍ਰਧਾਨ ਸ਼੍ਰੀ ਤਰਸੇਮ ਸਿੰਘ ਲਖੋਤਰਾ ਕੌਂਸਲਰ ਵਾਰਡ ਨੰ:34)
3) ਲੋਕ ਸੇਵਾ ਸਮਿਤੀ ਰਜਿ ਪਤਾ 13/2, ਭਾਗਰੋ ਨਗਰ ਜਲੰਧਰ।

ਤਜਵੀਜ ਮਾਨਯੋਗ ਹਾਊਸ ਵਿੱਚ ਵਿਚਾਰਣ ਅਤੇ ਅੰਤਿਮ ਫੈਸਲਾ ਕਰਨ ਹਿੱਤ ਪੇਸ਼ ਹੈ। ਨਿਗਰਾਨ ਇੰਜੀਨੀਅਰ (ਬੀ ਐਂਡ ਆਰ) ਨੇ ਆਪਣੇ ਹਸਤਾਖ਼ਰ ਮਿਤੀ : 4.1.2019 ਰਾਹੀ ਉਪਰੋਕਤ ਤਜੀਵਜ਼ ਹਾਊਸ ਵਿੱਚ ਰੱਖਣ ਦੀ ਸਿਫਾਰਿਸ਼ ਕੀਤੀ ਹੈ। ਸੰਯੁਕਤ ਕਮਿਸ਼ਨਰ (ਏ) ਜੀ ਨੇ ਮਿਤੀ : 18.1.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 21.6.19 ਨੂੰ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 27.6.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਸ ਕੰਮਿਊਨਿਟੀ ਹਾਲ ਦੀ ਸਾਂਭ-ਸੰਭਾਲ ਸੱਤ ਗੁਰੂ ਕਬੀਰ ਫੈਲਫੇਅਰ ਸੁਸਾਇਟੀ 160/13, ਨਿਊ ਸੁਰਾਜ ਗੰਜ, ਜਲੰਧਰ, ਨੂੰ ਦਿੱਤੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 63

ਵਿਸ਼ਾ:- ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਈਸਾਈ ਭਾਈਚਾਰੇ ਨੂੰ ਕਬਰਸਥਾਨ ਬਣਾਉਣ ਲਈ ਜਗ੍ਹਾ ਦੇਣ ਬਾਰੇ।

ਪੜ੍ਹਿਆ ਨੋਟ ਅਸਟੇਟ ਅਫਸਰ ਮਿਤੀ 12.2.2019 ਕਿ ਉਪਰੋਕਤ ਵਿਸ਼ੇ ਸਬੰਧੀ ਈਸਾਈ ਭਾਈਚਾਰੇ ਵਲੋਂ ਕਬਰਸਥਾਨ ਬਣਾਉਣ ਲਈ ਮਾਨਯੋਗ ਮੁੱਖ ਮੰਤਰੀ ਜੀ ਨੂੰ ਕੀਤੀ ਬੇਨਤੀ ਤੇ ਨਗਰ ਨਿਗਮ ਜਲੰਧਰ ਨੇ ਅਮਲੀ ਜਾਮਾ ਪਹਿਨਾਉਂਦੇ ਹੋਏ ਹਾਊਸ ਵਲੋਂ ਮਤਾ ਨੰ: 191 ਮਿਤੀ 04-11-2014 ਪ੍ਰਵਾਨ ਕੀਤਾ। ਜਿਸ ਵਿੱਚ ਈਸਾਈ ਭਾਈਚਾਰੇ ਲਈ ਬਸਤੀ ਬਾਵਾ ਖੇਲ ਨੇੜੇ ਕਟਿਹਰਾ ਮੁੱਹਲਾ ਖਸਰਾ ਨੰਬਰ 76 ਰਕਬਾ 14 ਕਨਾਲ 4 ਮਰਲੇ ਵਿਚੋਂ 8 ਕਨਾਲ ਜਗ੍ਹਾ ਦੇਣ ਲਈ ਫੈਸਲਾ ਪ੍ਰਵਾਨ ਕੀਤਾ। ਇਸ ਉਪਰੰਤ ਮਾਨਯੋਗ ਮੇਅਰ ਸਾਹਿਬ ਵਲੋਂ ਜਗ੍ਹਾ ਹੈਂਡ ਓਵਰ ਕਰਨ ਦੀ ਕਾਰਵਾਈ ਵਾਸਤੇ ਮਿਤੀ 30/05/2016 ਨੂੰ ਆਪਣੇ ਦਫਤਰ ਵਿਖੇ ਮੀਟਿੰਗ ਰੱਖੀ ਗਈ। ਜਿਸ ਵਿੱਚ ਮਾਨਯੋਗ ਕਮਿਸ਼ਨਰ ਜੀ ਅਤੇ ਜਗ੍ਹਾ ਹੈਂਡ ਓਵਰ ਕਰਨ ਲਈ ਮੰਗ ਕਰ ਰਹੇ ਈਸਾਈ ਭਾਈਚਾਰੇ ਦੇ ਯੂਨਾਟਿਡ ਪਾਸਟਰਜ ਐਸੋਸੀਏਸ਼ਨ ਜਲੰਧਰ, ਸੇਂਟ ਥੋਮਸ ਵੈਲਫੇਅਰ ਟੱਰਸਟ ਜਲੰਧਰ ਅਤੇ ਦਾ ਪੈਂਟੀਕਾਸਟਲ ਮਿਸ਼ਨ ਜਲੰਧਰ ਦੇ ਮੈਂਬਰ ਹਾਜਿਰ ਹੋਏ। ਇਸ ਮੀਟਿੰਗ ਵਿੱਚ ਈਸਾਈ ਭਾਈਚਾਰੇ ਦੇ ਆਏ ਸਾਰੇ ਮੈਂਬਰਾ ਵਲੋਂ ਸਰਬਸਮੰਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਬਸਤੀ ਬਾਵਾ ਖੇਲ ਨੇੜੇ ਕਟਿਹਰਾ ਮੁੱਹਲਾ ਖਸਰਾ ਨੰਬਰ 76 ਰਕਬਾ 14 ਕਨਾਲ 4 ਮਰਲੇ ਵਿਚੋਂ 8 ਕਨਾਲ ਜਗ੍ਹਾ ਈਸਾਈ ਭਾਈਚਾਰੇ ਲਈ ਕਬਰਸਥਾਨ ਬਣਾਉਣ ਲਈ ਸੇਂਟ ਥੋਮਸ ਵੈਲਫੇਅਰ ਟੱਰਸਟ ਬਿਸ਼ਪ ਹਾਊਸ ਸਿਵਲ ਲਾਈਨ ਜਲੰਧਰ ਨੂੰ ਹੈਂਡ ਓਵਰ ਕੀਤੀ ਜਾਵੇ।

ਇਸ ਉਪਰੰਤ ਮਿਤੀ 13.07.2016 ਨੂੰ ਚੇਅਰਮੈਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਜੀ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਸਰਕਟ ਹਾਊਸ ਜਲੰਧਰ ਵਿਖੇ ਕੀਤੀ ਗਈ, ਜਿਸ ਵਿੱਚ ਡਿਪਟੀ ਕਮਿਸ਼ਨਰ ਜਲੰਧਰ ਜੀ ਵਲੋਂ ਅਡੀਸ਼ਨਲ ਡਿਪਟੀ ਕਮਿਸ਼ਨਰ ਜਲੰਧਰ (ਜਨਰਲ) ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਅਫਸਰ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਈਸਾਈ ਭਾਈਚਾਰੇ ਨੂੰ ਕਬਰਸਥਾਨ ਬਣਾਉਣ ਲਈ ਜਗ੍ਹਾ ਦੇਣ ਵਾਸਤੇ ਚੇਅਰਮੈਨ ਜੀ ਵਲੋਂ ਅਤੇ ਵੱਖ-ਵੱਖ ਈਸਾਈ ਭਾਈਚਾਰੇ ਦੀਆਂ ਸੰਸਥਾਵਾਂ ਵਲੋਂ ਸਰਵਸੰਮਤੀ ਨਾਲ ਇਹ ਫੈਸਲਾ ਕੀਤਾ ਗਿਆ ਕਿ ਇਹ ਜਗ੍ਹਾ ਇੱਕ ਸਾਂਝੀ ਕਮੇਟੀ ਬਣਾ ਕੇ ਉਸ ਨੂੰ ਹੈਂਡ ਓਵਰ ਕੀਤੀ ਜਾਵੇ। ਇਸ ਕਮੇਟੀ ਵਿੱਚ ਸਾਰੀਆਂ ਸੰਸਥਾਂਵਾ ਦੇ ਨੁਮਾਇੰਦੇ ਸ਼ਾਮਲ ਕਰ ਲਏ ਜਾਣਗੇ। ਉਪਰੋਕਤ ਕੀਤੇ ਫੈਸਲੇ ਅਨੁਸਾਰ ਚੇਅਰਮੈਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਜੀ ਵਲੋਂ ਆਪਣੇ ਪੱਤਰ ਨੰਬਰ 9/4/2016/828 ਮਿਤੀ 02.08.2016 ਰਾਹੀਂ ਕਮੇਟੀ ਮੈਂਬਰਾ ਦੀ ਲਿਸਟ ਭੇਜੀ ਗਈ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:-

1	Sh. Amit Kumar Parkash S/o Sh. Kanwal Parkash H. No. 15 G, Gulab Devi Hospital Jalandhar. M. No. 98722-58000
2	Sh. Hamid Masih, H. No. B-1/ 14-A, Guru Nanak Nagar, Near Issa Nagar, Suranassi, Jalandhar. M. No. 93573-01626
3	Paster Rajinder Kumar, H. No. 24 Street No. 2, Modren State Colony Jalandhar. M. No. 98141-84762
4	Paster George Masih (IPC) H. No. 204, Vill. Sansarpur, Distt. Jalandhar. M. No. 98767-41265
5	Sh. Sanawar Masih Bhatti (CNI), H. No. ES-55/B Ward No. 35, Dhobi Mohalla, Jalandhar. M. No. 98144-36551
6	Rev. Cap. Ishak Naik (Salvation Army), Gurha Jaswant Nagar Cantt. Jalandhar.
7	Rev. Raj Kumar, Church of Penticostal, VPO Gandhran, Tech. Nakodar, District, Jalandhar.
8	Sh. Gufran Masih (TPM) Vill. Butan. Distt. Jalandhar.
9	Dr. Tarsem Masih S/o Manzoor Masih V.P Pholriwal, Jalandhar. M. No. 96533-82714
10	Two Members nominated by the St. Thomas Welfare Trust.

ਇਸ ਉਪਰੰਤ ਮਾਨਯੋਗ ਚੇਅਰਮੈਨ ਸ਼੍ਰੀ ਮਨੁਵੱਰ ਮਸੀਹ, ਘੱਟ ਗਿਣਤੀ ਕਮਿਸ਼ਨ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਮਿਤੀ 16.04.2018 ਅਤੇ ਮਿਤੀ 20.07.2018 ਨੂੰ ਡਿਪਟੀ ਕਮਿਸ਼ਨਰ ਦਫਤਰ ਜਲੰਧਰ ਵਿਖੇ ਹੋਈ। ਇਸ ਮੀਟਿੰਗ ਵਿੱਚ ਚੈਅਰਮੈਨ ਜੀ ਵਲੋਂ ਮਾਨਯੋਗ ਡਿਪਟੀ ਕਮਿਸ਼ਨਰ ਜੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਗਠਿਤ ਕੀਤੀ ਗਈ ਕਮੇਟੀ ਦੇ ਮੈਂਬਰਾ ਵਿੱਚ ਆਪਸੀ ਸਹਿਮਤੀ ਨਹੀਂ ਬਣ ਰਹੀ, ਜਿਸ ਕਾਰਨ ਇਸ ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ। ਮਾਨਯੋਗ ਚੇਅਰਮੈਨ ਜੀ ਵਲੋਂ ਫੈਸਲਾ ਕੀਤਾ ਗਿਆ ਕਿ ਜਦੋਂ ਤੱਕ ਕਮੇਟੀ ਮੈਂਬਰਾ ਵਿੱਚ ਆਪਸੀ ਸਹਿਮਤੀ ਨਹੀਂ ਬਣਦੀ, ਉਦੋਂ ਤੱਕ ਇਸ ਦਾ ਕੰਟਰੋਲ ਨਗਰ ਨਿਗਮ ਦੁਆਰਾ ਕਰਵਾਇਆ ਜਾਵੇ। ਇਹ ਕਬਰਸਥਾਨ ਸਾਂਝੇ ਤੌਰ ਤੇ ਵਰਤਿਆ ਜਾਵੇਗਾ। ਨਗਰ ਨਿਗਮ ਵਲੋਂ ਇਸ ਜਗ੍ਹਾ ਦੀ ਚਾਰਦੀਵਾਰੀ ਕਰਵਾ ਕੇ ਲੈਂਡ ਸਕੇਪਿੰਗ ਕਰਵਾਈ ਜਾਵੇ।

ਇਨ੍ਹਾਂ ਮੀਟਿੰਗਾਂ ਦੀ ਕਾਰਵਾਈ ਭੇਜਦੇ ਹੋਏ ਡਿਪਟੀ ਕਮਿਸ਼ਨਰ ਦਫਤਰ ਵਲੋਂ ਆਪਣੇ ਪੱਤਰ ਨੰਬਰ 432/ਐਲ.ਐਫ.ਏ ਮਿਤੀ 18.04.2018 ਅਤੇ ਜਿਲ੍ਹਾ ਭਲਾਈ ਅਫਸਰ ਦੇ ਪੱਤਰ ਨੰਬਰ 1406-09 ਮਿਤੀ 26.07.2018 ਰਾਹੀਂ ਨਗਰ ਨਿਗਮ ਨੂੰ ਚੇਅਰਮੈਨ ਜੀ ਦੀਆਂ ਹਦਾਇਤਾਂ ਦੀ ਇਨ ਬਿਨ ਪਾਲਣਾ ਕਰਨ ਹਿੱਤ ਲਿਖਿਆ ਗਿਆ।

ਇਸ ਲਈ ਮਾਨਯੋਗ ਚੇਅਰਮੈਨ ਸ਼੍ਰੀ ਮਨੁਵੱਰ ਮਸੀਹ, ਘੱਟ ਗਿਣਤੀ ਕਮਿਸ਼ਨ ਜੀ ਵਲੋਂ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਇਸ ਕਬਰਸਥਾਨ ਦਾ ਸੰਚਾਲਨ ਨਗਰ ਨਿਗਮ ਵਲੋਂ ਆਪਣੇ ਪੱਧਰ ਤੇ ਕਰਾਉਣ ਅਤੇ ਇਸ ਜਗ੍ਹਾ ਦੀ ਚਾਰਦੀਵਾਰੀ

ਕਰਵਾ ਕੇ ਲੈਂਡ ਸਕੇਪਿੰਗ ਕਰਵਾਉਣ ਲਈ ਇਹ ਕੇਸ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਦੀ ਸਿਫਾਰਸ਼ ਕੀਤੀ ਗਈ। ਇਸ ਤੇ ਮਾਨਯੋਗ ਮੇਅਰ ਸਾਹਿਬ ਜੀ ਵਲੋਂ ਮਿਤੀ 09.01.2019 ਨੂੰ ਉਪਰੋਕਤ ਕੇਸ ਦੀ Concrete Proposal ਭੇਜਣ ਲਈ ਕਿਹਾ ਗਿਆ।

ਮਿਤੀ 12.02.2019 ਨੂੰ ਮਾਨਯੋਗ ਚੇਅਰਮੈਨ ਸ਼੍ਰੀ ਮਨੁਵੱਰ ਮਸੀਹ, ਘੱਟ ਗਿਣਤੀ ਕਮਿਸ਼ਨ ਜੀ ਮੀਟਿੰਗ ਕਮਿਸ਼ਨਰ ਨਗਰ ਨਿਗਮ ਜੀ ਨਾਲ ਨਗਰ ਨਿਗਮ ਦਫਤਰ ਵਿਖੇ ਹੋਈ, ਜਿਸ ਵਿੱਚ ਇਹ ਫੈਸਲਾ ਹੋਇਆ ਕਿ ਸਾਇਟ ਪਲਾਨ ਅਨੁਸਾਰ ਬਸਤੀ ਬਾਵਾ ਖੇਲ ਨੇੜੇ ਕਟਿਹਰਾ ਮੁੱਹਲਾ ਖਸਰਾ ਨੰਬਰ 76 ਰਕਬਾ 14 ਕਨਾਲ 4 ਮਰਲੇ ਵਿਚੋਂ 8 ਕਨਾਲ ਜਗ੍ਹਾ ਈਸਾਈ ਭਾਈਚਾਰੇ ਨੂੰ ਕਬਰਸਥਾਨ ਵਾਸਤੇ ਦਿੱਤੀ ਜਾਵੇ। ਇਸ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਨਗਰ ਨਿਗਮ ਵਲੋਂ ਕਬਰਸਥਾਨ ਲਈ ਜਗ੍ਹਾ ਦੇਣ ਉਪਰੰਤ ਇਸ ਦਾ ਸੰਚਾਲਨ ਅਤੇ ਦੇਖ-ਭਾਲ ਮਾਨਯੋਗ ਚੇਅਰਮੈਨ ਜੀ ਵਲੋਂ ਆਪਣੇ ਪੱਤਰ ਨੰਬਰ 9/4/2016/828 ਮਿਤੀ 02.08.2016 ਰਾਹੀਂ ਬਣਾਈ ਕਮੇਟੀ ਵਲੋਂ ਕੀਤਾ ਜਾਵੇਗਾ। ਇਹ ਜਗ੍ਹਾ ਈਸਾਈ ਭਾਈਚਾਰੇ ਵਲੋਂ ਸਿਰਫ ਤੇ ਸਿਰਫ ਕਬਰਸਥਾਨ ਲਈ ਹੀ ਵਰਤੀ ਜਾਵੇਗੀ ਅਤੇ ਇਸ ਜਗ੍ਹਾ ਦੀ ਮਾਲਕੀ ਨਗਰ ਨਿਗਮ ਦੀ ਹੀ ਰਹੇਗੀ। ਮਾਨਯੋਗ ਚੇਅਰਮੈਨ ਜੀ ਵਲੋਂ ਇਸ ਮੀਟਿੰਗ ਵਿੱਚ ਕਮਿਸ਼ਨਰ ਨਗਰ ਨਿਗਮ ਜੀ ਨੂੰ ਲਿਖਤੀ ਰੂਪ ਵਿੱਚ ਇਸ ਕਮੇਟੀ ਵਿੱਚ ਇੱਕ ਹੋਰ ਮੈਂਬਰ Sh. Aliazar Masih, 61, Army Enclave, Phase-2 VPO Dhina, Jalandhar ਨੂੰ ਸ਼ਾਮਿਲ ਕਰਨ ਲਈ ਬੇਨਤੀ ਪੱਤਰ ਦਿੱਤਾ ਗਿਆ ਅਤੇ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਇਸ ਜਗ੍ਹਾ ਦੀ ਚਾਰਦਿਵਾਰੀ ਨਗਰ ਨਿਗਮ ਵਲੋਂ ਕਰਵਾਈ ਜਾਵੇਗੀ।ਨਿਗਰਾਨ ਇੰਜੀਨੀਅਰ ਨੇ ਮਿਤੀ 18.2.19 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ18.2.2019 ਰਾਹੀਂ ਸਹਿਮਤੀ ਪ੍ਰਗਟਾਈ ਗਈ ।ਮੇਅਰ ਜੀ ਨੇ ਮਿਤੀ 28.3.2019 ਰਾਹੀਂ ਲਿਖਿਆ ਹੈ ਕਿ ਸਾਰੇ ਮੈਂਬਰ ਸਾਹਿਬਾਨ ਦੀ ਇਕ ਮੀਟਿੰਗ ਬੁਲਾਈ ਜਾਵੇ।

ਅਸਟੇਟ ਅਫਸਰ ਨੇ ਮਿਤੀ 10.7.2019 ਰਾਹੀਂ ਲਿਖਿਆ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਮਾਣਯੋਗ ਮੇਅਰ ਸਾਹਿਬ ਜੀ ਨਾਲ ਚੇਅਰਮੈਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਜੀ ਨਾਲ ਮੀਟਿੰਗ ਹੋਈ ਜਿਸ ਵਿੱਚ ਇਹ ਫੈਸਲਾ ਹੋਇਆ ਕਿ ਇਹ ਕੇਸ ਨਗਰ ਨਿਗਮ ਹਾਊਸ ਵਿੱਚ ਗਠਿੱਤ ਕੀਤੀ ਕਮੇਟੀ ਜ਼ੋ ਕਿ ਇਸ ਜਗ੍ਹਾ (ਜੋ ਕਿ ਇਸਾਈ ਭਾਈਚਾਰੇ ਨੂੰ ਕਬਰਿਸਤਾਨ ਲਈ ਦਿੱਤੀ ਜਾਣੀ ਹੈ) ਦਾ ਸੰਚਾਲਨ ਅਤੇ ਦੇਖਭਾਲ ਕਰੇਗੀ ਨੂੰ ਹੈਂਡਓਵਰ ਕਰਨ ਲਈ ਵਿਚਾਰ ਹਿੱਤ ਭੇਜਿਆ ਜਾਂਦਾ ਹੈ। ਕਮਿਸ਼ਨਰ ਜੀ ਨੇ ਮਿਤੀ 19.7.2019 ਰਾਹੀਂ ਤਜਵੀਜ ਹਾਊਸ ਵਿਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 27.7.19 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਨਗਰ ਨਿਗਮ ਜਲੰਧਰ ਵਲੋਂ ਇਸਾਈ ਭਾਈਚਾਰੇ ਨੂੰ ਕਬਰਸਥਾਨ ਬਨਾਉਣ ਲਈ ਜਗ੍ਹਾ ਮੁੱਕਰਰ ਕਰ ਦਿੱਤੀ ਗਈ ਹੈ । ਜਦੋਂ ਸੋਸਾਇਟੀ ਐਕਟ ਤਹਿਤ ਕੋਈ ਸੋਸਾਇਟੀ ਰਜਿਸਟਰਡ ਹੋ ਜਾਵੇਗੀ ਤਾਂ ਇਸ ਦੀ ਸਾਂਭ-ਸੰਭਾਲ ਉਸ ਸੋਸਾਇਟੀ ਨੂੰ ਦੇ ਦਿੱਤੀ ਜਾਵੇਗੀ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 64

ਵਿਸ਼ਾ :– ਇੰਡਸਟਰੀਅਲ ਏਰੀਏ ਵਿੱਚ ਜੇ.ਜੇ. ਧਰਮ ਕੰਡਾ ਦੇ ਲਾਗੇ ਸੜ੍ਹਕ ਦੇ ਵਿੱਚ ਬਿਜਲੀ ਦੇ ਟਰਾਂਸਫਾਰਮਰ ਨੂੰ ਸ਼ਿਫਟ ਕਰਨ ਸਬੰਧੀ।

ਪੜ੍ਹਿਆ ਨੋਟ ਬੀ.ਐਂਡ.ਆਰ ਸ਼ਾਖਾ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜੇ.ਈ ਵੱਲੋ ਦੱਸਿਆ ਜਾਂਦਾ ਹੈ ਕਿ ਇਹ ਟਰਾਂਸਫਾਰਮਰ ਕਾਫੀ ਪੁਰਾਣਾ ਲੱਗਿਆ ਹੋਇਆ ਹੈ ਅਤੇ ਧਰਮ ਕੰਡੇ ਕਾਰਨ ਵੱਡੀਆਂ ਗੱਡੀਆਂ ਇੱਥੋ ਗੁਜ਼ਰਦੀਆਂ ਹਨ। ਜਿਸ ਕਾਰਨ ਇਸ ਨੂੰ ਇੱਥੋ ਸ਼ਿਫਟ ਕਰਨਾ ਜਰੂਰੀ ਹੈ। ਇਸ ਸਬੰਧੀ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਨੇ ਲਿਖਿਆ ਹੈ ਕਿ, "The transformer is very old. When the area was developed and the Units/Godowns were very loss. Now the area has fully developed. So the traffic has increased especially heavy Trucks. So this Transformer need to be shifted to avoid any accident. So this shifting Charge invoice/ estimate raised by PSPCL amounting to Rs. 96621/- may kindly be approved Pl." ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ : 19.07.2019 ਰਾਹੀਂ ਤਖਮੀਨਾ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ : 22.07.2019 ਰਾਹੀ ਸਹਿਮਤੀ ਹਸਤਾਖ਼ਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 22.07.2019 ਰਾਹੀ ਤਖਮੀਨਾ ਨਗਰ ਨਿਗਮ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/– ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 65

ਵਿਸ਼ਾ:- ਵਰਿਆਣਾ ਵਿਖੇ ਕੂੜੇ ਦੇ ਡੰਪ ਲਾਗੇ ਕੂੜੇ ਦੀ ਸਾਂਭ-ਸਭਾਲ ਵਾਸਤੇ ਪਲਾਂਟ ਲਗਾਉਣ ਲਈ 8 ਤੋਂ 10 ਏਕੜ ਜਮੀਨ ਦੀ ਖਰੀਦ ਕਰਨ ਬਾਰੇ।

ਪੜ੍ਹਿਆ ਨੋਟ ਅਸਟੇਟ ਅਫਸਰ ਮਿਤੀ 10.7.2019 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹੈਲਥ ਸ਼ਾਖਾ ਵਲੋਂ ਮੰਗ ਕੀਤੀ ਗਈ ਹੈ ਕਿ ਵਰਿਆਣਾ ਵਿਖੇ ਕੂੜੇ ਦੇ ਡੰਪ ਲਾਗੇ ਕੂੜੇ ਦੀ ਸਾਂਭ-ਸਭਾਲ (Processing & Disposal) ਵਾਸਤੇ ਪਲਾਂਟ ਲਗਾਉਣ ਦੀ ਜਰੂਰਤ ਹੈ ਕਿਉਂ ਕਿ ਜਲੰਧਰ ਸ਼ਹਿਰ ਵਿੱਚ ਰੋਜਾਨਾਂ ਤਕਰੀਬਨ 450 ਤੋਂ 500 ਟਨ ਕੂੜਾ ਇੱਕਠਾ ਕੀਤਾ ਜਾਂਦਾ ਹੈ, ਜਿਸ ਦੀ ਸਾਂਭ-ਸਭਾਲ (Processing & Disposal) ਕਰਨ ਵਿੱਚ ਕਾਫੀ ਦਿਕਤ ਆਉਂਦੀ ਹੈ। ਇਸ ਲਈ ਕੂੜੇ ਦੀ ਸਾਂਭ-ਸਭਾਲ (Processing & Disposal) ਵਾਸਤੇ ਪਲਾਂਟ ਲਗਾਉਣ ਲਈ ਤਕਰੀਬਨ 8 ਤੋਂ 10 ਏਕੜ ਜਗ੍ਹਾ ਮੁਹਇਆ ਕਰਵਾਈ ਜਾਵੇ। ਇਸ ਦੇ ਸਬੰਧ ਵਿੱਚ ਮਾਨਯੋਗ ਕਮਿਸ਼ਨਰ ਜੀ ਵਲੋਂ ਮਿਤੀ 28.12.2017 ਨੂੰ ਇਹ ਜਗ੍ਹਾ ਖਰੀਦ ਕਰਨ ਲਈ ਅਗਲੇਰੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ।

ਇਸ ਉਪਰੰਤ ਵਰਿਆਣਾ ਵਿਖੇ ਕੂੜੇ ਦੇ ਡੰਪ ਲਾਗੇ ਕੂੜੇ ਦੀ ਸਾਂਭ-ਸਭਾਲ (Processing & Disposal) ਵਾਸਤੇ ਪਲਾਂਟ ਲਗਾਉਣ ਲਈ 8 ਤੋਂ 10 ਏਕੜ ਜਗ੍ਹਾ ਖਰੀਦ ਕਰਨ ਵਾਸਤੇ ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 13.02.2018 ਰਾਹੀਂ ਕੇਸ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਹਿੱਤ ਰਖਿਆ ਗਿਆ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਆਪਣੇ ਮਤਾ ਨੰਬਰ 16 ਮਿਤੀ 05.03.2018 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਵਲੋਂ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-18/50450 ਮਿਤੀ 31.08.2018 ਰਾਹੀਂ ਦਿੰਦੇ ਹੋਏ ਲਿਖਿਆ ਹੈ ਕਿ ਵਰਿਆਣਾ ਵਿਖੇ ਖਰੀਦੀ ਜਾਣ ਵਾਲੀ ਜਗ੍ਹਾ ਦਾ ਰੇਟ ਜਿਲ੍ਹਾ ਪ੍ਰਾਈਜ ਫਿਕਸੇਸ਼ਨ ਕਮੇਟੀ ਤੋਂ ਫਿਕਸ ਕਰਵਾ ਕੇ ਅਗਲੇਰੀ ਕਾਰਵਾਈ ਰੂਲਾਂ/ ਹਦਾਇਤਾਂ ਅਨੁਸਾਰ ਆਰੰਭੀ ਜਾਵੇ। ਇਸ ਉਪਰੰਤ ਜਗ੍ਹਾ ਦੀ ਖਰੀਦ ਕਰਨ ਲਈ ਕੀਮਤ ਨਿਰਧਾਰਿਤ ਕਰਨ ਵਾਸਤੇ ਇਸ ਦਫਤਰ ਦੇ ਪੱਤਰ ਨੰਬਰ 117/ਸੀ.ਈ/ਡਬਲਯੂ.ਐਸ/ਡੀ.ਸੀ ਮਿਤੀ 16.10.2018 ਰਾਹੀਂ ਡਿਪਟੀ ਕਮਿਸ਼ਨਰ ਜਲੰਧਰ ਜੀ ਨੂੰ ਪੱਤਰ ਲਿਖਿਆ ਗਿਆ।

ਜਗ੍ਹਾ ਵੇਚਣ ਵਾਲੀਆਂ ਪਾਰਟੀਆਂ ਸ਼੍ਰੀ ਬਲਜਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ, ਸ਼੍ਰੀ ਲਖਵਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ, ਸ਼੍ਰੀਮਤੀ ਤਜਿੰਦਰ ਕੌਰ ਪੱਤਨੀ ਸ਼੍ਰੀ ਹਰਜਿੰਦਰ ਸਿੰਘ ਅਤੇ ਸ਼੍ਰੀ ਇੰਦਰ ਸਿੰਘਪੁੱਤਰ ਸ਼੍ਰੀ ਸੋਹਨ ਸਿੰਘ, ਵਾਸੀ ਪਿੰਡ ਵਰਿਆਣਾ, ਜਲੰਧਰ ਵਲੋਂ ਮਿਤੀ 04.06.2019 ਨੂੰ ਆਪਣੇ ਬੇਨਤੀ ਪੱਤਰ ਰਾਹੀਂ ਆਪਣੀ ਜਮੀਨ ਰੁਪਏ 90.00 ਲੱਖ ਪ੍ਰਤੀ ਏਕੜ ਦੇ ਹਿਸਾਬ ਨਾਲ ਨਗਰ ਨਿਗਮ ਜਲੰਧਰ ਨੂੰ ਵੇਚਣ ਲਈ ਸਹਿਮਤੀ ਦਿੱਤੀ ਸੀ।

ਜਿਲ੍ਹਾ ਪ੍ਰਾਈਜ ਫਿਕਸੇਸ਼ਨ ਕਮੇਟੀ ਦੇ ਮੁੱਖੀ ਡਿਪਟੀ ਕਮਿਸ਼ਨਰ ਜਲੰਧਰ ਜੀ ਦੀ ਪ੍ਰਧਾਨਗੀ ਹੇਠ ਨਗਰ ਨਿਗਮ ਵਲੋਂ ਖਰੀਦ ਕੀਤੀ ਜਾਣ ਵਾਲੀ ਜਗ੍ਹਾ ਦੀ ਕੀਮਤ ਨਿਰਧਾਰਿਤ ਕਰਨ ਵਾਸਤੇ ਮਿਤੀ 29.05.2019 ਨੂੰ ਡੀ.ਏ.ਸੀ ਕੰਪਲੈਕਸ ਵਿਖੇ ਮੀਟਿੰਗ ਹੋਈ। ਇਸ ਮੀਟਿੰਗ ਵਿੱਚਪ੍ਰਾਈਜ ਫਿਕਸੇਸ਼ਨ ਕਮੇਟੀ ਜਿਲ੍ਹਾ ਪੱਧਰ ਦੇ ਮੁੱਖੀ ਸ਼੍ਰੀ ਕੁਲਵੰਤ ਸਿੰਘ, ਡਿਪਟੀ ਕਮਿਸ਼ਨਰ ਜਲੰਧਰ ਜੀ ਵਲੋਂ ਭੋ ਮਾਲਕਾਂ ਨੂੰ ਇਸ ਜਗ੍ਹਾ ਦਾ ਰੇਟ 88,82,600/- ਪ੍ਰਤੀ ਏਕੜ ਦੇ ਹਿਸਾਬ ਨਾਲ ਦੇਣ ਦੀ ਸਿਫਾਰਸ਼ ਆਪਣੇ ਪੱਤਰ ਨੰਬਰ 112/ਐਲ.ਏ.ਸੀ/ਡੀ.ਆਰ.ਏ ਮਿਤੀ 21.06.2019 ਰਾਹੀਂ ਕੀਤੀ ਹੈ। ਜਗ੍ਹਾ ਵੇਚਣ ਵਾਲੀਆਂ ਪਾਰਟੀਆਂ ਵਲੋਂ ਆਪਣੇ ਪੱਤਰ ਮਿਤੀ 09.07.2019 ਰਾਹੀਂ ਬੇਨਤੀ ਕੀਤੀ ਹੈ ਕਿ ਉਹ ਪ੍ਰਾਈਜ ਫਿਕਸੇਸ਼ਨ ਕਮੇਟੀ ਵਲੋਂ ਫਿਕਸ ਕੀਤੇ ਗਏ ਜਗ੍ਹਾ ਦੇ ਰੇਟ ਰੁਪਏ 88,82,600/- ਪ੍ਰਤੀ ਏਕੜ ਤੇ ਆਪਣੀ ਜਗ੍ਹਾ ਨਗਰ ਨਿਗਮ ਨੂੰ ਵੇਚਣ ਲਈ ਤਿਆਰ ਹਨ। ਇਸ ਤਰ੍ਹਾਂ ਪ੍ਰਾਈਜ ਫਿਕਸੇਸ਼ਨ ਕਮੇਟੀ ਵਲੋਂ ਨਿਰਧਾਰਿਤ ਕੀਤੇ ਗਏ ਰੇਟ ਰੁਪਏ 88,82,600/-ਪ੍ਰਤੀ ਏਕੜ ਅਨੁਸਾਰ ਇਹ ਜਗ੍ਹਾ ਖਰੀਦ ਕਰਨ ਲਈ ਜਮੀਨ ਮਾਲਕਾਂ ਨੂੰ ਹੇਠ ਲਿਖੇ ਅਨੁਸਾਰ ਅਦਾਇਗੀ ਕਰਨੀ ਬਣਦੀ ਹੈ:-

ਲੜੀ ਨੰ:	ਜਗ੍ਹਾ ਵੇਚਣ ਵਾਲੀਆਂ ਪਾਰਟੀਆਂ ਦੇ ਨਾਮ	ਰਕਬਾ	ਖਸਰਾ ਨੰਬਰ	ਅਦਾਇਗੀ ਕਰਨ ਯੋਗ
1	ਸ਼੍ਰੀ ਬਲਜਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ, ਪਿੰਡ ਵਰਿਆਨਾ, ਜਲੰਧਰ। ਸ਼੍ਰੀ ਲਖਵਿੰਦਰ ਸਿੰਘ, ਪੁੱਤਰ ਸ਼੍ਰੀ ਦਲੀਪ ਸਿੰਘ, ਮਕਾਨ ਨੰ: 152 ਪਿੰਡ ਵਰਿਆਨਾ, ਜਲੰਧਰ। ਸ਼੍ਰੀਮਤੀ ਤਜਿੰਦਰ ਕੌਰ, ਪੱਤਨੀ ਸ਼੍ਰੀ ਹਰਜਿੰਦਰ ਸਿੰਘ, ਪਿੰਡ ਵਰਿਆਨਾ, ਜਲੰਧਰ।	2 ਏਕੜ 2 ਕਨਾਲ 13 ਮਰਲਾ (373 ਮਰਲੇ)	39//23/2, 40//25/4, 56//3,4,7,8, 55//5/4, 56//1, 10, 39//21/2, 39//22/2, 56//2, 9	373 ਮਰਲੇ X ਰੁਪਏ 55516.25 ਪ੍ਰਤੀ ਮਰਲਾ ਕੁੱਲ ਰੁਪਏ=2,07,07,561/-
2	ਸ਼੍ਰੀ ਇੰਦਰ ਸਿੰਘ ਪੁੱਤਰ ਸ਼੍ਰੀ ਸੋਹਨ ਸਿੰਘ, ਪਿੰਡ ਵਰਿਆਨਾ, ਜਲੰਧਰ।	2 ਏਕੜ 2 ਕਨਾਲ 13 ਮਰਲਾ (373 ਮਰਲੇ)	39//23/2, 40//25/4, 56//3, 4,7,8,55//5/4, 56/1, 10, 39//21/2, 22/2, 56//2, 9	373 ਮਰਲੇ X ਰੁਪਏ 55516.25ਪ੍ਰਤੀ ਮਰਲਾ ਕੁੱਲ ਰੁਪਏ = 2,07,07,561/-
	ਕੁੱਲ ਰੁਪਏ			**4,14,15,122/-**

ਇਸ ਲਈ ਉਪਰੋਕਤ ਅਨੁਸਾਰ ਭੋ ਮਾਲਕਾਂਸ਼੍ਰੀ ਬਲਜਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ, ਸ਼੍ਰੀ ਲਖਵਿੰਦਰ ਸਿੰਘ ਪੁੱਤਰ ਸ਼੍ਰੀ ਦਲੀਪ ਸਿੰਘ, ਸ਼੍ਰੀਮਤੀ ਤਜਿੰਦਰ ਕੌਰ ਪੱਤਨੀ ਸ਼੍ਰੀ ਹਰਜਿੰਦਰ ਸਿੰਘ ਨੂੰ ਰੁਪਏ 2,07,07,561/- ਅਤੇ ਸ਼੍ਰੀ ਇੰਦਰ ਸਿੰਘ

ਪੁੱਤਰ ਸ਼੍ਰੀ ਸੋਹਨ ਸਿੰਘ ਨੂੰ ਰੁਪਏ 2,07,07,561/- ਕੁਲ ਰੁਪਏ 4,14,15,122/- ਜਗ੍ਹਾ ਦੀ ਖਰੀਦ ਕਰਨ ਲਈ ਅਦਾਇਗੀ ਕਰਨੀ ਬਣਦੀ ਹੈ। ਇਸ ਲਈ ਉਪਰੋਕਤ ਜਗ੍ਹਾ ਦੀ ਖਰੀਦ ਕਰਨ ਲਈ ਤਜਵੀਜ ਨਗਰ ਨਿਗਮ ਹਾਊਸ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ।

ਅਸਟੇਟ ਅਫਸਰ ਨੇ ਮਿਤੀ 6.8.19 ਰਾਹੀਂ ਇਹ ਵੀ ਲਿਖਿਆ ਹੈ ਕਿ ਤਹਿਸੀਲਦਾਰ-2 ਅਤੇ ਨਗਰ ਨਿਗਮ ਪਟਵਾਰੀ ਦੀ ਰਿਪੋਰਟ ਮੁਤਾਬਕ ਖਾਤਾ ਨੰਬਰ: 388/489 ਵਾ 492 ਵਿੱਚ ਬਲਜਿੰਦਰ ਸਿੰਘ, ਲਖਵਿੰਦਰ ਸਿੰਘ, ਤਜਿੰਦਰ ਕੌਰ ਵਾ ਇੰਦਰ ਸਿੰਘ ਦੀ 4 ਏਕੜ 5 ਕਨਾਲ 6 ਮਰਲੇ ਰਕਬਾ ਹੈ। ਇਹ ਰਕਬਾ ਸਾਝਾਂ ਖਾਤਾ ਹੈ। ਇਸ ਰਕਬੇ ਵਿੱਚ ਪਹਿਲਾ ਹੀ ਟਹਿਲ ਸਿੰਘ ਕੋਲੋ ਨਗਰ ਨਿਗਮ 8 ਕਨਾਲ 9 ਮਰਲੇ ਜਗ੍ਹਾ ਖਰੀਦ ਚੁੱਕਾ ਹੈ ਅਤੇ ਬਾਕੀ ਰਕਬਾ ਤਕਰੀਬਨ 0-4 ਮਰਲੇ ਹੋਰ ਮਾਲਕ ਦੀ ਹੈ। ਕਮਿਸ਼ਨਰ ਜੀ ਨੇ ਮਿਤੀ : 06.08.2019 ਰਾਹੀ ਲਿਖਿਆ ਹੈ ਕਿ For approval of House. Consent may be given in anticipation of approval of House and onward transmission to Government. ਮਾਣਯੋਗ ਮੇਅਰ ਜੀ ਨੇ ਮਿਤੀ 06.08.2019 ਰਾਹੀ ਉਕਤ ਤਜਵੀਜ਼ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜ਼ੂਰ ਕੀਤਾ ਹੈ।

ਤਜਵੀਜ਼ ਅੰਤਿਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 66

ਵਿਸ਼ਾ:– Deployment of Labour/Gardener for Horticulture Branch on outsource basis.

ਹਵਾਲਾ: ਸਰਕਾਰ ਦਾ ਪੱਤਰ ਨੰ: 7/74/2018–1FPI/1539232/1 ਮਿਤੀ 01–08–2019

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ ਆਰ.) ਜਿਸ ਦੀ ਸ਼ਿਫਾਰਸ਼ ਨਿਗਰਾਨ ਇੰਜੀਨੀਅਰ ਨੇ ਮਿਤੀ 5.8.2019 ਰਾਹੀਂ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਨਗਰ ਨਿਗਮ ਜਲੰਧਰ ਦੀ ਬਾਗਬਾਨੀ ਸ਼ਾਖਾ ਵਿੱਚ ਮਾਲੀ ਦੀਆਂ ਅਸਾਮੀਆਂ ਆਉਟਸੋਰਸ ਬੇਸਿਜ਼ ਤੇ ਭਰੀਆਂ ਗਈਆਂ ਹਨ ਜਿਸ ਸਬੰਧੀ ਹਰ ਸਾਲ ਟੈਂਡਰ ਲਗਾਇਆ ਜਾਂਦਾ ਹੈ। ਉਕਤ ਸਬੰਧੀ ਦੱਸਿਆ ਜਾਂਦਾ ਹੈ ਕਿ ਮਿਤੀ 29–03–2019 ਨੂੰ ਮੇਅਰ ਦਫਤਰ ਵਿਖੇ ਹੋਈ ਮੀਟਿੰਗ ਦੌਰਾਨ ਸਟਾਫ ਆਉਟਸੋਰਸ ਬੇਸਿਜ਼ ਤੇ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਰਾਹੀਂ ਰੱਖਣ ਦੇ ਹੁਕਮ ਕੀਤੇ ਗਏ ਸਨ। ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਤੋਂ ਇਨ੍ਹਾਂ ਅਸਾਮੀਆਂ ਸਬੰਧੀ ਸੈਲਰੀ ਦੀ ਕੁਟੇਸ਼ਨ ਮੰਗੀ ਗਈ ਸੀ ਜਿਸ ਵਿੱਚ ਮੈਸਰਜ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਵੱਲੋਂ ਕੁਟੇਸ਼ਨ ਵਿੱਚ 2.90% ਐਡਮਿਨ ਚਾਰਜਿਜ ਪਾਏ ਗਏ ਸਨ। ਜਿਸ ਵਿੱਚ 40 ਮਾਲੀਆਂ ਨੂੰ ਆਉਟਸੋਰਸ ਬੇਸਿਜ਼ ਤੇ ਇੱਕ ਸਾਲ ਲਈ ਰੱਖਣ ਲਈ ਤਖਮੀਨਾ ਰੁ: 65.54 ਲੱਖ ਦਾ ਤਿਆਰ ਕੀਤਾ ਗਿਆ ਹੈ। ਮਾਨਯੋਗ ਮੇਅਰ ਸਾਹਿਬ ਦੇ ਹੁਕਮ ਮਿਤੀ 27–07–2019 ਰਾਹੀਂ ਇਹ ਤਖਮੀਨਾ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਉਪਰੰਤ ਹਾਊਸ ਦੀ ਰੈਗੂਲਰ ਹੋਣ ਵਾਲੀ ਮੀਟਿੰਗ ਵਿਚ ਭੇਜ਼ ਦਿੱਤਾ ਗਿਆ ਸੀ।

ਦੱਸਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਦੇ Department of Finance Personnal-1 Branch ਵੱਲੋਂ ਹਵਾਲਾ ਅਧੀਨ ਜਾਰੀ ਪੱਤਰ ਰਾਹੀਂ ਹੇਠ ਲਿਖੇ ਅਨੁਸਾਰ ਹਦਾਇਤ ਕੀਤੀ ਗਈ ਹੈ:–

"I am directed to invite a reference to Punjab Government letter No. 7/74/201801FP1/734-739 dated 27-08-2018 and letter No. 7/74/2018-1FPI/858-863 dated 11-10-2018 on the subject cited above and to state that at the time of hiring staff on contract of any category through service provider/contractor, maximum services charges paid to the service provider/contractor shall in no case be more than 2.5 % (two and half percent) of the amount of contract."

ਉਕਤ ਹਦਾਇਤ ਨੂੰ ਧਿਆਨ ਵਿੱਚ ਰੱਖਦੇ ਹੋਏ 2.5% ਐਡਮਿਨ ਚਾਰਜਿਜ ਨਾਲ ਤਖਮੀਨਾ ਤਿਆਰ ਕੀਤਾ ਗਿਆ ਹੈ ਜ਼ੋ ਕਿ ਰੁ:60.46 ਲੱਖ ਦਾ ਹੈ।ਕਿਉ ਜ਼ੋ ਅਜੇ ਮੀਟਿੰਗ ਹੋਣ ਵਿੱਚ ਸਮਾਂ ਲੱਗਣ ਦੀ ਸੰਭਾਵਨਾ ਹੈ ਅਤੇ ਪਹਿਲਾਂ ਚੱਲ ਰਿਹਾ ਕੰਮ ਮਿਤੀ 30–11–2018 ਨੂੰ ਖਤਮ ਹੋ ਚੁੱਕਾ ਹੈ। ਇਹ ਕੰਮ ਬਹੁਤ ਜਰੂਰੀ ਹੋਣ ਕਾਰਨ ਇਹ ਤਖਮੀਨਾ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਮੈਸਰਜ਼ ਗ੍ਰੇਟਿਸ ਇੰਡੀਆ ਪ੍ਰਾਈਵੇਟ ਲਿਮਿਟਡ ਜੀਰਕਪੁਰ ਕੰਪਨੀ ਵੱਲੋਂ ਦਿੱਤੀ ਗਈ ਕੁਟੇਸ਼ਨ ਦੇ ਅਧਾਰ ਤੇ ਸਟਾਫ ਆਉਟਸੋਰਸ ਤੇ ਲੈਣ ਲਈ ਪ੍ਰਵਾਨਗੀ ਹਿੱਤ ਸਰਕਾਰ ਨੂੰ ਲਿਖਣ ਦੀ ਪ੍ਰਵਾਨਗੀ ਲੋੜੀਂਦੀ ਹੈ।ਮਾਣਯੋਗ ਮੇਅਰ ਜੀ ਨੇ ਆਪਣੇ ਆਦੇਸ਼ ਮਿਤੀ 8.8.2019 ਉਕਤ ਤਖ਼ਮੀਨੇ ਨੂੰ ਮਾਣਯੋਗ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਹੈ ।

ਤਖ਼ਮੀਨਾ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇੱਕ ਸੋ (100) ਮਾਲੀ–ਕੱਮ–ਲੇਬਰ ਆਊਟਸੋਰਸ ਤੇ ਰੱਖਣ ਲਈ ਆਉਣ ਵਾਲੇ ਖ਼ਰਚੇ ਦੀ ਮੰਜੂਰੀ ਦਿੱਤੀ ਜਾਂਦੀ ਹੈ।

ਸਹੀ/– ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 67

Subject :- Construction of New Government Schools in Jalandhar Area.

ਤਜ਼ਵੀਜ਼ ਵਲੋਂ ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ, ਐਮ.ਐਲ.ਏ. ਜਲੰਧਰ ਉੱਤਰੀ ਵਿਧਾਨ ਸਭਾ ਹਲਕਾ, ਜਿਸ ਦੀ ਪੁਸ਼ਟ. ਸ੍ਰੀ ਨਿਰਮਲ ਸਿੰਘ, ਕੌਂਸਲਰ ਨੇ ਕੀਤੀ ਹੈ ਕਿ Education is one of the most important asset in person's life. Education does not only help individuals but also help a nation to grow. Education is given high importance all over the world and our respected Government has also invested heavily for the betterment of the education.

In Jalandhar North Constituency there are about 26 Government Schools which providing education to citizens, but as these schools were established a very long time ago they are not in good condition to be considered as a safe place for education, there can be a calamity at any time which can lead to major accident. On the other hand Private Schools are providing good education and facilities but they also exploit the pockets of a common man. It is difficult for all the poor class to afford these pricy facilities. In the North Constituency area there are two Government owned properties.

1. **63 Acres of Open land in Burlton Park**
2. **7 Acres of Open land in Lamba Pind Chowk**

I would be obliged if Government allows to construct new schools on these open lands. Some part of these open areas could be used for construction of School buildings.

This will be very helpful for the citizens who are not able to afford the pricy education and facilities of Private Schools and it would also the beneficial for the parents who are compelled for choosing the Private Schools for their children because of the bad condition of the Government Schools. These newly built schools will not only provide cheap education but also provide new infrastructure for students. This will also serve the National Agenda of providing education to the needy people.

This is requested to your goodself that the above mentioned open lands are Government owned properties and these shall be transferred from Hon'ble Local Body Department to The Education Department, Punjab for the construction of these schools, as the construction of these schools as well as maintenance will be done by the private individuals. Also no new recruitment procedures must be taken by the Government as the staff will be shifted from the other Government schools in the Constituency, so that there will be no financial constrain will be put on state Government.

ਮੇਅਰ ਜੀ ਦੇ ਆਦੇਸ਼ ਮਿਤੀ 20.8.2019 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/– ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 68

ਵਿਸ਼ਾ :- ਪਾਣੀ ਦੇ ਬਿਲਾਂ ਦੇ ਪੁਰਾਣੇ ਬਕਾਇਆਜਾਤਾਂ ਸਬੰਧੀ।

ਤਜਵੀਜ਼ ਸ਼੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਜਿਸ ਦੀ ਪੁਸ਼ਟੀ ਸ਼੍ਰੀਮਤੀ ਮਨਦੀਪ ਕੌਰ ਮੁਲਤਾਨੀ, ਕੌਂਸਲਰ ਵਾਰਡ ਨੰ: 9 ਨੇ ਕੀਤੀ ਹੈ ਕਿ ਵਾਟਰ ਰੇਟ ਬ੍ਰਾਂਚ ਦਾ ਮਿਤੀ : 31.03.2018 ਤੱਕ ਦਾ 4611.05 ਲੱਖ ਦਾ ਬਕਾਇਆ ਵਸੂਲਣ ਯੋਗ ਹੈ। ਪੰਜਾਬ ਸਰਕਾਰ ਵੱਲੋ 5 ਮਰਲੇ ਤੋਂ ਘੱਟ ਮਕਾਨਾਂ ਦੇ ਪਾਣੀ ਦੇ ਬਿੱਲ ਪਹਿਲਾਂ ਹੀ ਮੁਆਫ ਹਨ, ਪ੍ਰੰਤੂ ਇੱਥੇ ਇਹ ਵੀ ਵਰਨਣਯੋਗ ਹੈ ਕਿ ਨਗਰ ਨਿਗਮ ਅਧੀਨ ਆਉਂਦੇ ਇਲਾਕੇ ਵਿੱਚ ਲਗਭੱਗ 25 ਪ੍ਰਤੀਸ਼ਤ ਖਪਤਕਾਰ ਅਜਿਹੇ ਹਨ ਜ਼ੋ ਕਿ ਸਲੱਮ ਏਰੀਏ ਦੇ ਵਿੱਚ ਰਹਿੰਦੇ ਹਨ ਅਤੇ ਕਿਉਂ ਜ਼ੋ ਜਿਆਦਾਤਰ ਬਕਾਇਆ 15 ਤੋਂ 20 ਸਾਲ ਪੁਰਾਣਾ ਹੈ ਅਤੇ ਅਦਾਇਗੀ ਨਾ ਕਰਨ ਕਾਰਨ ਦਿਨੋ ਦਿਨ ਵੱਧ ਰਿਹਾ ਹੈ ਜਿਸ ਕਾਰਨ ਖਪਤਕਾਰਾਂ ਵੱਲੋ ਬਕਾਏ ਜਾਤ ਦੀ ਪੁਰਾਣੀ ਰਕਮ ਨੂੰ ਮੁਆਫ ਕਰਨ ਲਈ ਕਹਿੰਦੇ ਹੋਏ ਚਾਲੂ ਵਿੱਤੀ ਸਾਲ ਦੇ ਵੀ ਯੂਜਰ ਚਾਰਜਿਜ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ। ਇਸ ਲਈ ਯਤਨ ਕਰਨ ਦੇ ਬਾਵਜੂਦ ਵੀ ਬਕਾਏ ਦੀ ਵਸੂਲੀ ਬਹੁਤ ਘੱਟ ਹੋ ਰਹੀ ਹੈ ਅਤੇ ਆਮ ਜਨਤਾ ਵੱਲੋਂ ਵੀ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਪਿਛਲੇ ਬਕਾਏ ਮੁਆਫ ਕੀਤੇ ਜਾਣ ਤਾਂ ਜ਼ੋ ਚਾਲੂ ਵਿੱਤੀ ਸਾਲ ਦੇ ਯੂਜਰ ਚਾਰਜਿਜ ਦੇ ਸਕਣ। ਇਸ ਲਈ ਤਜਵੀਜ਼ ਕਰਦਾ ਹਾਂ ਕਿ ਆਮ ਜਨਤਾ ਦੀ ਭਲਾਈ ਅਤੇ ਨਗਰ ਨਿਗਮ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਹਾਲ ਦੀ ਘੜੀ ਸਾਲ 2017-18 ਅਤੇ ਸਾਲ 2018-19 ਦੇ ਯੂਜ਼ਰ ਚਾਰਜਿਜ ਲੈ ਲਏ ਜਾਣ ਅਤੇ ਬਾਕੀ ਰਹਿੰਦੇ ਬਕਾਏ ਜਾਤ ਬਾਰੇ ਸਰਕਾਰ ਵੱਲੋ ਉੱਚੇਚੇ ਤੋਰ ਤੇ ਵਨ ਟਾਈਮ ਸੈਟਲਮੈਂਟ ਸਕੀਮ ਜਾਰੀ ਕਰਦੇ ਹੋਏ ਉਸਦੇ ਅਨੁਸਾਰ ਭਵਿੱਖ ਵਿੱਚ ਵਸੂਲੀ ਕੀਤੀ ਜਾਵੇ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 12.1.2019 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 69

ਵਿਸ਼ਾ :- ਪਾਣੀ/ ਸੀਵਰੇਜ਼ ਦੇ ਬਿੱਲਾਂ ਅਤੇ ਪ੍ਰਾਪਰਟੀ ਟੈਕਸ ਦੇ ਪੁਰਾਣੇ ਬਕਾਇਆਜਾਤ ਸਬੰਧੀ।

ਤਜਵੀਜ਼ ਸ਼੍ਰੀਮਤੀ ਰਾਧਿਕਾ ਪਾਠਕ, ਕੌਂਸਲਰ ਵਾਰਡ ਨੰ : 51 ਜਿਸ ਦੀ ਪੁਸ਼ਟੀ ਸ਼੍ਰੀ ਜਗਦੀਸ਼ ਕੁਮਾਰ ਦਕੋਹਾ, ਕੌਂਸਲਰ ਵਾਰਡ ਨੰ: 12 ਸ਼੍ਰੀਮਤੀ ਅਨੀਤਾ ਰਾਜਾ, ਕੌਂਸਲਰ ਵਾਰਡ ਨੰ: 49 ਅਤੇ ਸ਼੍ਰੀ ਰਜਿੰਦਰ ਬੇਰੀ ਐਮ.ਐੱਲ.ਏ ਜਲੰਧਰ ਸੈਂਟਰਲ ਨੇ ਕੀਤੀ ਹੈ ਕਿ ਵਾਟਰ ਰੇਟ ਬ੍ਰਾਂਚ ਦਾ ਮਿਤੀ : 31.03.2018 ਤੱਕ ਦਾ 4611.05 ਲੱਖ ਦਾ ਬਕਾਇਆ ਵਸੂਲਣਯੋਗ ਹੈ। ਪੰਜਾਬ ਸਰਕਾਰ ਵੱਲੋ 5 ਮਰਲੇ ਤੋਂ ਘੱਟ ਰਿਹਾਇਸ਼ੀ ਮਕਾਨਾਂ ਦੇ ਬਿੱਲ ਪਹਿਲਾਂ ਹੀ ਮੁਆਫ ਹਨ, ਪ੍ਰੰਤੂ ਇੱਥੇ ਇਹ ਵੀ ਵਰਣਨਯੋਗ ਹੈ ਕਿ ਨਗਰ ਨਿਗਮ ਅਧੀਨ ਆਉਂਦੇ ਇਲਾਕੇ ਵਿੱਚ ਲਗਭਗ 25 ਪ੍ਰਤੀਸ਼ਤ ਖਪਤਕਾਰ ਅਜਿਹੇ ਹਨ ਜੋ ਕਿ ਸਲੱਮ ਏਰੀਆ ਵਿੱਚ ਰਹਿੰਦੇ ਹਨ ਅਤੇ ਕਿਉਂ ਜੋ ਜਿਆਦਾਤਰ ਬਕਾਇਆ 15 ਤੋਂ 20 ਸਾਲ ਪੁਰਾਣਾ ਹੈ ਅਤੇ ਅਦਾਇਗੀ ਨਾ ਕਰਨ ਕਾਰਨ ਦਿੱਨੋ ਦਿੱਨ ਵੱਧ ਰਿਹਾ ਹੈ। ਜਿਸ ਕਾਰਨ ਖਪਤਕਾਰਾ ਵੱਲੋ ਬਕਾਇਆਜਾਤ ਦੀ ਪੁਰਾਣੀ ਰਕਮ ਨੂੰ ਮੁਆਫ ਕਰਨ ਲਈ ਕਹਿੰਦੇ ਹੋਏ ਚਾਲੂ ਵਿੱਤੀ ਸਾਲ ਦੇ ਯੂਜ਼ਰਜ਼ ਚਾਰਜ਼ਜ਼ ਦੀ ਅਦਾਇਗੀ ਵੀ ਨਹੀਂ ਕੀਤੀ ਜਾ ਰਹੀ।

ਉਪਰੋਕਤ ਦੀ ਤਰ੍ਹਾਂ ਹੀ ਆਮ ਪਬਲਿਕ ਵੱਲੋ ਸਾਲ 2013-14 ਤੋਂ ਪ੍ਰਾਪਰਟੀ ਟੈਕਸ ਦੀ ਰਿਟਰਨਾਂ ਨਹੀਂ ਭਰੀਆਂ ਹਨ। ਇਸ ਲਈ ਉਨ੍ਹਾਂ ਵੱਲੋ ਪਿਛਲੇ ਸਾਲਾਂ ਦੀ ਛੋਟ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਉਹ ਚਾਲੂ ਵਿੱਤੀ ਸਾਲ ਦਾ ਪ੍ਰਾਪਰਟੀ ਟੈਕਸ ਭਰਨ ਲਈ ਤਿਆਰ ਹਨ।

ਆਮ ਜਨਤਾ ਵੱਲੋ ਕੀਤੀ ਜਾ ਰਹੀ ਬੇਨਤੀ ਨੂੰ ਸਨਮੁੱਖ ਰੱਖਦੇ ਹੋਏ ਨਗਰ ਨਿਗਮ ਵੱਲੋ ਯਤਨ ਕਰਨ ਦੇ ਬਾਵਜੂਦ ਵੀ ਬਕਾਏ ਦੀ ਵਸੂਲੀ ਨਾ ਹੋਣ ਕਾਰਨ ਆਮ ਜਨਤਾ ਦੀ ਭਲਾਈ ਅਤੇ ਨਗਰ ਨਿਗਮ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਘਰੇਲੂ ਖਪਤਕਾਰਾਂ ਦੇ **"ਸਾਲ 2017-18 ਅਤੇ ਸਾਲ 2018-19 ਦੇ ਯੂਜ਼ਰਜ਼ ਚਾਰਜ਼ਜ਼ (ਵਾਟਰ ਅਤੇ ਸੀਵਰੇਜ਼ ਆਦਿ) ਲੈ ਲਏ ਜਾਣ ਅਤੇ ਇਸੇ ਤਰ੍ਹਾਂ ਪ੍ਰਾਪਰਟੀ ਟੈਕਸ ਦੀਆਂ (ਘਰੇਲੂ) ਰਿਟਰਨਾਂ ਦੀ ਸਾਲ 2017-18 ਅਤੇ ਸਾਲ 2018-19 ਲੈਣ ਦੀ ਪ੍ਰਵਾਨਗੀ ਦਿੱਤੀ ਜਾਵੇ ਅਤੇ ਸਰਕਾਰ ਵੱਲੋ ਇਹ ਸਕੀਮ ਦਿੱਤੀ ਜਾਵੇ ਕਿ ਜਿਹੜੇ ਵੀ ਖਪਤਕਾਰ ਪਾਣੀ ਅਤੇ ਪ੍ਰਾਪਰਟੀ ਟੈਕਸ ਦੇ ਸਾਲ 2017-18 ਅਤੇ ਸਾਲ 2018-19 ਦੇ ਯੂਜਰਜ਼ ਚਾਰਜਿਜ ਅਤੇ ਪ੍ਰਾਪਰਟੀ ਟੈਕਸ ਇਸ ਸਕੀਮ ਲਾਗੂ ਹੋਣ ਦੇ ਤਿੰਨ ਮਹੀਨੇ ਦੇ ਅੰਦਰ-ਅੰਦਰ ਯੱਕਮੁਸ਼ਤ ਜਮ੍ਹਾਂ ਕਰਵਾਉਂਦੇ ਹਨ ਤਾਂ ਉਨ੍ਹਾਂ ਦਾ ਪਿਛਲਾ ਬਕਾਇਆ ਮੁਆਫ ਕੀਤਾ ਜਾਵੇ।"**

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 26.02.2019 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 70

ਵਿਸ਼ਾ: ਨਗਰ ਨਿਗਮ ਦੀ ਹੱਦ ਅੰਦਰ ਪੈਂਦੀਆਂ ਅਜਿਹੀਆਂ ਸੜ੍ਹਕਾਂ ਜੋ ਆਮ ਜਨਤਾ/ਪਬਲਿਕ ਵੱਲੋ ਆਵਾਜਾਈ ਲਈ ਵਰਤੀਆਂ ਜਾ ਰਹੀਆਂ ਹਨ, ਉਨ੍ਹਾਂ ਸੜ੍ਹਕਾਂ ਨੂੰ ਨਗਰ ਨਿਗਮ ਫੰਡਾਂ ਵਿੱਚੋਂ ਕੰਮ ਕਰਵਾਉਣ ਲਈ ਅਪਰੂਵਡ ਮੰਨਿਆਂ ਜਾਵੇ ਅਤੇ ਨਗਰ ਨਿਗਮ ਜਾਂ ਕਿਸੇ ਤਰ੍ਹਾਂ ਦੀ ਗ੍ਰਾਂਟ ਵਿੱਚੋ ਇਨ੍ਹਾਂ ਸੜ੍ਹਕਾਂ/ਗਲੀਆਂ ਦੀ ਉਸਾਰੀ ਕਰਵਾਉਣ ਤੇ ਕੋਈ ਪਾਬੰਧੀ ਨਾ ਲਗਾਈ ਜਾਵੇ।

ਤਜਵੀਜ਼ ਵੱਲੋ ਸ਼੍ਰੀ ਅਵਤਾਰ ਸਿੰਘ ਜੂਨੀਅਰ (ਹੈਨਰੀ), ਐਮ.ਐੱਲ.ਏ. (ਨੋਰਥ) ਜਿਸ ਦੀ ਪੁਸ਼ਟੀ ਸ਼੍ਰੀਮਤੀ ਡੋਲੀ ਸੈਣੀ, ਕੌਂਸਲਰ ਵਾਰਡ ਨੰ: 15 ਅਤੇ ਸ਼੍ਰੀ ਜਗੀਦਸ਼ ਕੁਮਾਰ ਦਕੋਹਾ, ਕੌਂਸਲਰ ਵਾਰਡ ਨੰ: 12 ਨੇ ਕੀਤੀ ਹੈ ਕਿ ਉਹਨਾਂ ਦੇ ਧਿਆਨ ਵਿੱਚ ਆਇਆ ਹੈ ਕਿ ਨਗਰ ਨਿਗਮ ਦੀ ਹੱਦ ਅੰਦਰ ਕਈ ਅਜਿਹੇ ਇਲਾਕੇ/ ਕਲੋਨੀਆਂ/ਵਾਰਡ/ਮੁਹੱਲੇ ਆਦਿ ਹਨ ਜਿਨ੍ਹਾਂ ਵਿੱਚ ਸੜ੍ਹਕਾਂ ਬਣ ਚੁੱਕੀਆਂ ਹਨ ਅਤੇ ਆਮ ਜਨਤਾ ਵੱਲੋ ਵਰਤੋਂ ਵਿੱਚ ਲਿਆਈਆਂ ਜਾ ਰਹੀਆਂ ਹਨ। ਉੱਥੇ ਪਾਣੀ/ਸੀਵਰੇਜ਼/ਸਟਰੀਟ ਲਾਈਟਾਂ ਅਤੇ ਸੜ੍ਹਕਾਂ ਦੀ ਸੁਵਿੱਧਾਵਾਂ ਕਲੋਨਾਈਜਰ ਜਾਂ ਐੱਮ.ਐੱਲ.ਏ. ਜਾਂ ਐਮ.ਪੀ. ਵੱਲੋ ਦਿੱਤੀ ਗਈ ਗ੍ਰਾਂਟ ਨਾਲ ਉਪਲੱਬਧ ਕਰਵਾਈਆਂ ਗਈਆਂ ਹਨ। ਉਨ੍ਹਾਂ ਸੜ੍ਹਕਾ ਨੂੰ ਬਣਾਉਣ ਦਾ ਕੰਮ ਇਹ ਕਹਿ ਕੇ ਰੋਕ ਦਿੱਤਾ ਜਾਂਦਾ ਹੈ ਕਿ ਇਹ ਸੜ੍ਹਕਾਂ ਅਣ-ਅਧਿਕਾਰਤ/ਅਣ ਅਪਰੂਵਡ/ ਅਣ-ਡੀਕਲੇਅਰ/ ਪ੍ਰਾਈਵੇਟ/ਫਾਇਲ ਬੁੱਕ ਰਿਕਾਰਡ ਵਿੱਚ ਦਰਜ ਨਹੀਂ ਹਨ।

ਤਜਵੀਜ਼ ਕਰਦਾ ਹਾਂ ਕਿ ਨਗਰ ਨਿਗਮ ਦੀ ਹੱਦ ਅੰਦਰ ਪੈਂਦੀਆਂ ਅਜਿਹੀਆਂ ਸੜ੍ਹਕਾਂ ਜੋ ਆਮ ਜਨਤਾ/ਪਬਲਿਕ ਵੱਲੋ ਆਵਾਜਾਈ ਲਈ ਵਰਤੀਆਂ ਜਾ ਰਹੀਆਂ ਹਨ, ਉਨ੍ਹਾਂ ਸੜ੍ਹਕਾਂ ਨੂੰ ਨਗਰ ਨਿਗਮ ਫੰਡਾਂ ਵਿੱਚ ਕੰਮ ਕਰਵਾਉਣ ਲਈ ਅਪਰੂਵਡ ਮੰਨਿਆਂ ਜਾਵੇ ਅਤੇ ਨਗਰ ਨਿਗਮ ਜਾਂ ਕਿਸੇ ਤਰ੍ਹਾਂ ਦੀ ਗ੍ਰਾਂਟ ਵਿੱਚੋ ਇਨ੍ਹਾਂ ਸੜ੍ਹਕਾਂ/ਗਲੀਆਂ ਦੀ ਉਸਾਰੀ ਕਰਵਾਉਣ ਤੇ ਕੋਈ ਪਾਬੰਧੀ ਨਾ ਲਗਾਈ ਜਾਵੇ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 26.02.2019 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 71

ਵਿਸ਼ਾ: ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 44 (ਐਲ) ਅਧੀਨ ਸ਼ਹਿਰ ਵਿਚ ਵਿਕਾਸ ਦੇ ਕੰਮ ਕਰਵਾਉਣ ਸਬੰਧੀ ਤਜ਼ਵੀਜ਼ ।

ਤਜਵੀਜ ਸ੍ਰੀ ਬਲਰਾਜ ਠਾਕੁਰ, ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀ ਪਵਨ ਕੁਮਾਰ, ਕੌਂਸਲਰ ਨੇ ਕੀਤੀ ਹੈ ਕਿ Section 44 of Municipal Corporation Act 1976 describes the obligatory functions of Corporation. According to Section 44 (l) the counstruction, maintenance, alteration and improvements of public streets, bridges, culverts, causeways and the like ; are amongst the obligatory functions of the Municipal Corporation.

According Section 2(38) **"private street"** means any street which is not a public street and includes any passage securing access to two or more places belonging to the same or different owners;
According to section 2(43) **"public street"** means any street which vests in the Corporation as a public street or the soil below the surface of which vests in the Corporation or which under the provisions of this Act becomes or is declared to be, a public street;

But due to non declaration of public streets as Public Street the construction work on public streets not become possible in the municipal limit of municipal corporation jalandhar by municipal funds. Which are being presently been done by funds/ grants of State Govt.

It is proposed that precondition of declared public streets shall be removed at the time of development Work (such as Construction of Roads etc.) **as in practiced in the Municipal Corporations of Amritsar and Hoshiarpur, etc.** so that work of construction of roads/ Streets (undeclared public street) may be executed.

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 1.1.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 72

ਵਿਸ਼ਾ:- 120 ਫੁੱਟ ਸੜ੍ਹਕ ਪੀ.ਪੀ.ਆਰ ਮਾਲ ਤੋਂ ਲੈ ਕੇ ਅੰਧ ਵਿਦਿਆਲਿਆ ਤੱਕ ਕਮਰਸ਼ੀਅਲ ਕਰਨ ਸਬੰਧੀ।

ਤਜਵੀਜ਼ ਵਲੋਂ ਸ਼੍ਰੀਮਤੀ ਸਰਬਜੀਤ ਕੌਰ, ਕੌਂਸਲਰ ਵਾਰਡ ਨੰ: 25, ਜਿਸ ਦੀ ਤਾਇਦ ਸ਼੍ਰੀ ਰੋਹਨ ਸਹਿਗਲ ਕੌਂਸਲਰ ਵਾਰਡ ਨੰ: 26 ਨੇ ਕੀਤੀ ਹੈ ਕਿ ਪੀ.ਪੀ.ਆਰ ਮਾਲ ਤੋਂ ਲੈ ਕੇ ਅੰਧ ਵਿਦਿਆਲਿਆ ਤੱਕ ਪੈਂਦੇ ਸਾਰੇ ਪਲਾਟ ਮਾਲਕ ਇਹ ਸੜ੍ਹਕ ਕਮਰਸ਼ੀਅਲ ਕਰਵਾਉਣ ਦੇ ਹੱਕ ਵਿੱਚ ਹਨ। ਕਾਰਪੋਰੇਸ਼ਨ ਵੱਲੋ ਜ਼ੋ ਰਕਮ ਕਮਰਸ਼ੀਅਲ ਸਬੰਧੀ ਹੈ, ਉਹ ਦੇਣ ਨੂੰ ਤਿਆਰ ਹਨ। ਇਸ ਨਾਲ ਕਾਰਪੋਰੇਸ਼ਨ ਦਾ ਮਾਲੀਆ ਵੀ ਵੱਧੇਗਾ। ਕ੍ਰਿਪਾ ਕਰਕੇ ਇਸਨੂੰ ਕਮਰਸ਼ੀਅਲ ਕੀਤਾ ਜਾਵੇ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ : 28.01.2019 ਰਾਹੀਂ ਤਜਵੀਜ਼ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 73

ਵਿਸ਼ਾ:- ਗੁਰੂ ਰਵਿਦਾਸ ਚੌਂਕ ਤੋਂ ਮੇਨਬਰੋਂ ਚੌਂਕ ਤੱਕ 120 ਫੁੱਟੀ ਰੋਡ ਤੱਕ 120 ਫੁੱਟ ਰੋਡ ਪਹਿਲਾਂ ਹੀ ਵਪਾਰਕ ਹੋ ਚੁੱਕੀ ਹੈ ਅਤੇ ਮੇਨਬਰੋਂ ਚੌਂਕ ਤੋਂ ਅੱਗੇ ਕੇਵਲ ਵਿਹਾਰ ਚੌਂਕ ਤੱਕ 120 ਫੁੱਟ ਰੋਡ ਨੂੰ ਵਪਾਰਕ ਘੋਸ਼ਿਤ ਕਰਨ ਲਈ ਤਜਵੀਜ।

ਤਜਵੀਜ਼ ਵਲੋਂ ਸ਼੍ਰੀ ਬਲਰਾਜ ਠਾਕੁਰ, ਕੌਂਸਲਰ ਜਿਸ ਦੀ ਪੁਸ਼ਟੀ ਸ਼੍ਰੀਮਤੀ ਹਰਸ਼ਰਨ ਕੌਰ, ਕੌਂਸਲਰ ਅਤੇ ਅਰੁਣਾ ਅਰੋੜਾ, ਕੌਂਸਲਰ ਨੇ ਕੀਤੀ ਹੈ ਕਿ ਗੁਰੂ ਰਵਿਦਾਸ ਚੌਂਕ ਤੋਂ ਮੇਨਬਰੋਂ ਚੌਂਕ ਤੱਕ 120 ਫੁੱਟੀ ਰੋਡ ਤੱਕ 120 ਫੁੱਟ ਰੋਡ ਪਹਿਲਾਂ ਹੀ ਵਪਾਰਕ ਹੋ ਚੁੱਕੀ ਹੈ ਅਤੇ ਮੇਨਬਰੋ ਚੌਂਕ ਤੋਂ ਅੱਗੇ ਕੇਵਲ ਵਿਹਾਰ ਚੌਂਕ ਤੱਕ 120 ਫੁੱਟ ਰੋਡ ਨੂੰ ਵਪਾਰਕ ਘੋਸ਼ਿਤ ਕਰਨ ਲਈ ਕੁਝ ਵਸਨੀਕਾਂ ਵਲੋਂ ਬੇਨਤੀ ਕੀਤੀ ਹੈ ਕਿ ਕਿਉਂਕਿ ਇਸ ਰੋਡ ਤੇ ਪਹਿਲਾਂ ਹੀ ਕਾਫ਼ੀ ਕਮਰਸ਼ੀਅਲ ਪ੍ਰਾਪਰਟੀ ਬਣ ਚੁੱਕੀਆ ਹਨ ਅਤੇ ਇਹ ਵੀ ਆਪਣੀ ਪ੍ਰਾਪਰਟੀ ਕਮਰਸ਼ੀਅਲ ਕਰਵਾਉਣਾ ਚਾਹੁੰਦੇ ਹਨ। ਜਿਸ ਨਾਲ ਨਗਰ ਨਿਗਮ ਜਲੰਧਰ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ। ਕ੍ਰਿਪਾ ਕਰਕੇ ਇਸ ਰੋਡ ਨੂੰ ਕਮਰਸ਼ੀਅਲ ਘੋਸ਼ਿਤ ਕੀਤਾ ਜਾਵੇ ਜੀ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 25.10.2018 ਰਾਹੀ ਤਜਵੀਜ਼ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 74

ਵਿਸ਼ਾ :- ਵਾਰਡ ਨੰ: 6 ਬਲਦੇਵ ਨਗਰ ਵਿਖੇ ਬਣੀ ਨਵੀਂ ਪਾਰਕ ਦਾ ਨਾਮ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਨਾਮ ਤੇ ਰੱਖਣ ਬਾਰੇ।

ਹਵਾਲਾ: ਨਗਰ ਨਿਗਮ ਹਾਊਸ ਦੇ ਮਤਾ ਨੰ: 81 ਮਿਤੀ 25.6.2018, ਅਤੇ ਮਤਾ ਨੰ: 112 ਮਿਤੀ : 23.07.2018, ਉਪਰੋਕਤ ਵਿਸ਼ੇ ਸਬੰਧੀ ।

ਹਵਾਲੇ ਅਧੀਨ ਮਤੇ ਰਾਹੀਂ ਇੱਕ ਤਜਵੀਜ਼ ਸ਼੍ਰੀ ਨਿਰਮਲ ਸਿੰਘ ਕੌਂਸਲਰ ਵਾਰਡ ਨੰ: 6 ਵਲੋਂ ਦਿੱਤੀ ਗਈ ਸੀ ਜਿਸ ਦੀ ਪੁਸ਼ਟੀ ਸ਼੍ਰੀਮਤੀ ਰਜਨੀ ਮੱਟੂ ਕੌਂਸਲਰ ਵਾਰਡ ਨੰ: 57 ਨੇ ਕੀਤੀ ਸੀ ਕਿ ਉਹਨਾਂ ਦੇ ਵਾਰਡ ਦੀ ਬਲਦੇਵ ਨਗਰ ਦੀ ਪਾਰਕ ਜ਼ੋ ਕਿ ਹੁਣ ਬਣ ਕੇ ਤਿਆਰ ਹੈ। ਇਸ ਪਾਰਕ ਦਾ ਨਾਮ ਸਿੱਖ ਕੌਮ ਦੇ ਮਹਾਨ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਨਾਮ ਤੇ ਰੱਖਿਆ ਜਾਵੇ। ਇਹ ਸ਼ਹੀਦਾ ਨੂੰ ਸਾਡੇ ਵੱਲੋ ਅਸਲ ਸ਼ਰਧਾਂਜਲੀ ਹੋਵੇਗੀ। ਹਵਾਲੇ ਅਧੀਨ ਦੋ ਵਾਰ, ਇਹ ਤਜਵੀਜ ਨਗਰ ਨਿਗਮ ਹਾਊਸ ਵਿਚ ਵਿਚਾਰੀ ਗਈ ਅਤੇ ਦੋਵੇਂ ਵਾਰ ਲੰਬਿਤ ਰੱਖੀ ਗਈ ਸੀ। ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ : 4.09.2018 ਰਾਹੀ ਲਿਖਿਆ ਹੈ ਕਿ ਸਰਕਾਰ ਦੇ ਯਾਦ ਪੱਤਰ ਨੰਬਰ 5/63/2013-4ਸਸ3/156760/1-3, ਮਿਤੀ 3.2.2014 ਰਾਹੀਂ (ਕੋਈ ਹੋਰ ਉੱਘੀ ਸ਼ਖਸ਼ੀਅਤ, ਜ਼ੋ ਉਕਤ ਕੈਟਾਗਰੀਆਂ ਵਿਚ ਸ਼ਾਮਲ ਨਹੀਂ ਹੈ) ਤਹਿਤ ਸ਼੍ਰੀਮਤੀ ਰਜਨੀ ਮੱਟੂ, ਕੌਂਸਲਰ ਵਾਰਡ ਨੰ: 57 ਨੇ ਮਿਤੀ 31.8.2018 ਰਾਹੀਂ ਵਿਸ਼ੇ ਅਧੀਨ ਪਾਰਕ ਦਾ ਨਾਮ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਜੀ ਦੇ ਨਾਮ ਤੇ ਰੱਖਣ ਬਾਰੇ ਤਜਵੀਜ ਦਿੱਤੀ ਹੈ ਅਤੇ ਜਿਸ ਦੀ ਸ਼ਿਫਾਰਸ਼ ਇਲਾਕਾ ਐਮ.ਐਲ.ਏ. ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ ਨੇ ਵੀ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ ਆਰ), ਸੰਯੁਕਤ ਕਮਿਸ਼ਨਰ (ਏ), ਵਧੀਕ ਕਮਿਸ਼ਨਰ ਜੀ ਨੇ ਤਜਵੀਜ ਨਗਰ ਨਿਗਮ ਹਾਊਸ ਵਿਚ ਵਿਚਾਰਣ ਲਈ ਸ਼ਿਫਾਰਸ਼ਾਂ ਕੀਤੀਆਂ ਹਨ, ਜਿਸ ਨਾਲ ਕਮਿਸ਼ਨਰ ਜੀ ਨੇ ਵੀ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਮਿਤੀ 28.9.2018 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 75

ਵਿਸ਼ਾ:- ਰਣਜੀਤ ਇਨਕਲੇਵ (ਵਾਰਡ ਨੰ: 25) ਵਿਖੇ ਪੈਂਦੇ ਪਾਰਕ ਅਤੇ ਰਣਜੀਤ ਇਨਕਲੇਵ ਵੱਲ ਜਾਂਦੀ ਸੜਕ ਦਾ ਨਾਮ ਸਵਰਗਵਾਸੀ ਸ. ਜਸਵਿੰਦਰ ਸਿੰਘ ਬਿੱਲਾ, ਸਾਬਕਾ ਕੌਂਸਲਰ ਜੀ ਦੇ ਨਾਮ ਤੇ ਰੱਖਣ ਬਾਰੇ ਤਜਵੀਜ।

ਵਾਰਡ ਨੰਬਰ 25 ਵਿਖੇ ਪੈਦੇਂ ਸਮੂਹ ਇਲਾਕਾ ਨਿਵਾਸੀਆਂ ਵਲੋਂ ਮਾਨਯੋਗ ਮੇਅਰ ਸਾਹਿਬ ਨੂੰ ਪੱਤਰ ਲਿਖਿਆ ਹੈ ਜਿਸ ਦੀ ਪੁਸ਼ਟੀ ਡਾ. ਜ਼ਸਲੀਨ ਸੇਠੀ ਕੌਂਸਲਰ ਵਾਰਡ ਨੰ 20, ਸ੍ਰੀ ਨਿਰਮਲ ਸਿੰਘ ਕੌਂਸਲਰ ਵਾਰਡ ਨੰ 6, ਸ੍ਰੀ ਬਚਨ ਲਾਲ ਕੌਂਸਲਰ ਵਾਰਡ ਨੰ 36, ਨੇ ਕੀਤੀ ਹੈ ਕਿ ਸਮੂਹ ਇਲਾਕਾ ਨਿਵਾਸੀ ਵਾਰਡ ਨੰ 25 ਦੇ ਆਪ ਜੀ ਅੱਗੇ ਮੰਗ ਕਰਦੇ ਹਾਂ ਕਿ ਰਣਜੀਤ ਇਨਕਲੇਵ ਵਿਖੇ ਪੈਂਦੇ ਪਾਰਕ ਅਤੇ ਰਣਜੀਤ ਇਨਕਲੇਵ ਵੱਲ ਜਾਂਦੀ ਸੜਕ ਦਾ ਨਾਮ ਸਵਰਗਵਾਸੀ ਸ. ਜਸਵਿੰਦਰ ਸਿੰਘ ਬਿੱਲਾ, ਸਾਬਕਾ ਕੌਂਸਲਰ ਜੀ ਦੇ ਨਾਮ ਤੇ ਰੱਖਿਆ ਜਾਵੇ ਤਾਂ ਜ਼ੋ ਉਹਨਾਂ ਵਲੋਂ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਦੇ ਏਵਜ ਵਿੱਚ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਜਾ ਸਕੇ ਜੀ।

ਉਕਤ ਤਜ਼ਵੀਜ ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 21.11.18 ਰਾਹੀਂ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 76

ਵਿਸ਼ਾ :- ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਜੀ ਦੀ ਯਾਦ ਵਿੱਚ ਬੁੱਤ ਲਗਵਾਉਣ ਲਈ ਅਤੇ ਨਾਮ ਰੱਖਣ ਲਈ ਹੋਟਲ ਡੋਲਫਿਨ ਨੇੜੇ, ਪੁਰਾਣੀ ਸਬਜੀ ਮੰਡੀ ਵਾਲਾ ਚੌਂਕ/ਮਾਰਗ ਦੇਣ ਸਬੰਧੀ ਤਜ਼ਵੀਜ਼।

ਪ੍ਰਧਾਨ ਸ਼੍ਰੀ ਨਰਿੰਦਰ ਸਿੰਘ ਆਹਲੂਵਾਲੀਆ, ਸਾਬਕਾ ਪੁਲਿਸ ਕਪਤਾਨ ਅਤੇ ਸਕੱਤਰ ਡਾ. ਮੁਕੇਸ਼ ਵਾਲੀਆਂ ਵਲੋਂ ਬੇਨਤੀ ਪੱਤਰ ਦਿੱਤਾ ਗਿਆ ਹੈ ਜਿਸ ਦੀ ਸ਼ਿਫਾਰਿਸ਼ ਸ਼੍ਰੀ ਰਜਿੰਦਰ ਬੇਰੀ ਜੀ ਐਮ.ਐਲ.ਏ ਜਲੰਧਰ ਸੈਂਟਰਲ ਵਲੋਂ ਕੀਤੀ ਗਈ ਹੈ ਅਤੇ ਇਸ ਦੀ ਪੁਸ਼ਟੀ ਸ਼੍ਰੀ ਮਨਮੋਹਨ ਸਿੰਘ, ਕੌਂਸਲਰ, ਵਾਰਡ ਨੰ: 16 ਅਤੇ ਸ਼੍ਰੀਮਤੀ ਊਮਾ ਬੇਰੀ, ਕੌਂਸਲਰ ਵਾਰਡ ਨੰ:19ਨੇ ਕੀਤੀ ਹੈ ਕਿ ਅਸੀਂ ਜਲੰਧਰ ਆਹਲੂਵਾਲੀਆ ਬਰਾਦਰੀ, (ਰਜਿ:) ਦੇ ਪ੍ਰਧਾਨ/ ਸਕੱਤਰ ਹਾਂ। ਬਰਾਦਰੀ ਵੱਲੋ ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਜੀ ਦੇ 300 ਸਾਲਾਂ ਜਨਮ ਦਿਨ ਸਮਾਗਮ ਨੂੰ ਸਮਰਪਿਤ ਉਨ੍ਹਾਂ ਦੀ ਮਿੱਠੀ ਯਾਦ ਵਿੱਚ ਇੱਕ ਬੁੱਤ ਸਥਾਪਿਤ ਕਰਨਾ ਚਾਹੁੰਦੇ ਹਾਂ। ਇਸ ਮੰਤਵ ਲਈ ਪੁਰਾਣੀ ਸਬਜੀ ਮੰਡੀ ਵਾਲਾ ਚੌਂਕ, ਨੇੜੇ ਹੋਟਲ ਡੋਲਫਿਨ, ਆਹਲੂਵਾਲੀਆ ਬਰਾਦਰੀ ਨੂੰ ਅਲਾਟ ਕੀਤਾ ਜਾਵੇ। ਅਸੀਂ ਇਸ ਚੌਂਕ ਦੀ ਰੱਖ-ਰਖਾਵ ਅਤੇ ਸਾਜੋ-ਸਜਾਵਟ ਬਰਾਦਰੀ ਵੱਲੋ ਕਰਾਂਗੇ। ਇਸ ਚੌਂਕ/ਮਾਰਗ ਦਾ ਨਾਮ ਸੁਲਤਾਨ-ਉਲ-ਕੌਮ ਨਵਾਬ ਜੱਸਾ ਸਿੰਘ ਆਹਲੂਵਾਲੀਆ ਰੱਖਿਆ ਜਾਵੇ ਜੀ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 14.08.2019 ਰਾਹੀ ਤਜਵੀਜ਼ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 77

ਵਿਸ਼ਾ :- ਵਧੀਕ ਕਮਿਸ਼ਨਰ ਅਤੇ ਸੰਯੁਕਤ ਕਮਿਸ਼ਨਰ ਦਫ਼ਤਰ ਲਈ ਮਹਿਮਾਨ ਨਿਵਾਜੀ ਸਬੰਧੀ।

ਸੰਯੁਕਤ ਕਮਿਸ਼ਨਰ (ਆਰ), ਸੰਯੁਕਤ ਕਮਿਸ਼ਨਰ (ਏ), ਅਤੇ ਸੰਯੁਕਤ ਕਮਿਸ਼ਨਰ (ਵੀ) ਮਿਤੀ 30.11.2018 ਰਾਹੀਂ ਲਿਖਿਆ ਹੈ ਕਿ ਵਧੀਕ ਕਮਿਸ਼ਨਰ ਅਤੇ ਸੰਯੁਕਤ ਕਮਿਸ਼ਨਰ, ਨਗਰ ਨਿਗਮ, ਜਲੰਧਰ ਦੇ ਦਫ਼ਤਰ ਨੂੰ ਮਹਿਮਾਨਨਿਵਾਜ਼ੀ ਲਈ ਕੋਈ ਵੀ ਖਰਚ ਕਰਨ ਦਾ ਉਪਬੰਧ ਨਹੀਂ ਹੈ। ਵਧੀਕ ਕਮਿਸ਼ਨਰ ਅਤੇ ਸੰਯੁਕਤ ਕਮਿਸ਼ਨਰ ਦਫ਼ਤਰ ਵਿੱਚ ਬਹੁਤ ਸਾਰੀਆਂ ਸਰਕਾਰੀ ਮੀਟਿੰਗਾਂ ਦੌਰਾਨ ਚਾਹ ਆਦਿ ਦਾ ਪ੍ਰਬੰਧ ਕਰਨਾ ਹੁੰਦਾ ਹੈ ਪਰ ਇਸ ਤਰ੍ਹਾ ਕੋਈ ਰਾਸ਼ੀ ਨਾ ਹੋਣ ਕਾਰਨ ਇਹ ਖਰਚਾ ਆਪਣੇ ਵੱਲੋ ਕੀਤਾ ਜਾਂਦਾ ਹੈ। ਬੇਨਤੀ ਕੀਤੀ ਹੈ ਕਿ ਜੇਕਰ ਉਚਿਤ ਹੋਵੇ ਤਾਂ ਵਧੀਕ ਕਮਿਸ਼ਨਰ ਦਫ਼ਤਰ ਲਈ ਮਹਿਮਾਨ ਨਿਵਾਜ਼ੀ ਦੇ ਖਰਚ ਲਈ 2000/- ਪ੍ਰਤੀ ਮਹੀਨਾ ਅਤੇ ਸੰਯੁਕਤ ਕਮਿਸ਼ਨਰ ਦਫ਼ਤਰ ਲਈ ਰੁ: 1500/- ਪ੍ਰਤੀ ਮਹੀਨਾ ਦੀ ਹਾਊਸ ਤੋਂ ਪ੍ਰਵਾਨਗੀ ਹਿੱਤ ਤਜਵੀਜ ਅਗਲੇਰੀ ਯੋਗ ਕਾਰਵਾਈ ਹਿੱਤ ਪੇਸ਼ ਹੈ ।ਵਧੀਕ ਕਮਿਸ਼ਨਰ ਜੀ ਨੇ ਮਿਤੀ 30.11.2018 ਰਾਹੀਂ ਤਜ਼ਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਣ ਹਿੱਤ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.1.2019 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 78

ਵਿਸ਼ਾ: ਕੌਂਸਲਰਾਂ ਨੂੰ ਮਿਲਣ ਵਾਲੇ ਭੱਤਿਆਂ ਵਿੱਚ ਵਾਧਾ ਕਰਨ, ਐਮ.ਐਲ.ਏ. ਦੀ ਤਰਜ ਤੇ ਪੈਨਸ਼ਨ ਲਗਾਉਣ ਅਤੇ ਬੀਮਾ ਕਰਨ ਸਬੰਧੀ ਤਜਵੀਜ।

ਤਜਵੀਜ ਸ੍ਰੀਮਤੀ ਮਨਦੀਪ ਕੌਰ, ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀ ਸਮਸ਼ੇਰ ਸਿੰਘ ਖੈਹਰਾ, ਕੌਂਸਲਰ, ਸ੍ਰੀ ਰਾਜਵਿੰਦਰ ਰਾਜਾ, ਕੌਂਸਲਰ, ਸ੍ਰੀ ਰੋਹਨ ਸਹਿਗਲ, ਕੌਂਸਲਰ ਅਤੇ ਸ੍ਰੀਮਤੀ ਰਿਸ਼ਮਾ ਖੋਸਲਾ, ਕੌਂਸਲਰ ਨੇ ਕੀਤੀ ਹੈ ਕਿ ਆਪ ਜੀ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੋ ਕਿ ਅੱਜ ਦੇ ਸਮੇਂ ਵਿੱਚ ਕੌਂਸਲਰਾਂ ਨੂੰ ਮਿਲਣ ਵਾਲਾ ਭੱਤਾ ਬਹੁਤ ਘੱਟ ਹੈ ਜਿਸ ਨਾਲ ਕੌਂਸਲਰ ਦੇ ਘਰ ਦਾ ਖ਼ਰਚਾ ਤਾਂ ਕੀ ਆਪਣੇ ਦਫ਼ਤਰ ਦਾ ਖ਼ਰਚਾ ਵੀ ਨਹੀਂ ਚਲਾਇਆ ਜਾ ਸਕਦਾ । ਰੋਜ਼ਾਨਾ ਕੌਂਸਲਰਾਂ ਕੋਲ ਆਮ ਪਬਲਿਕ ਆਪਣੇ ਰੋਜ਼ਮਰਾਂ ਦੇ ਕੰਮਾਂ ਲਈ ਆਉਂਦੇ ਹਨ ਅਤੇ ਆਉਣ ਵਾਲੇ ਲੋਕਾਂ ਨੂੰ ਚਾਹ-ਪਾਣੀ ਆਦਿ ਦਾ ਇੰਤਜ਼ਾਮ ਕਰਨ ਵਿੱਚ ਵੀ ਕਾਫੀ ਖ਼ਰਚਾ ਹੋ ਜਾਂਦਾ ਹੈ । ਇਸ ਤੋਂ ਇਲਾਵਾ ਲੋਕਾਂ ਦੇ ਕੰਮਾ ਲਈ ਡੀ.ਸੀ. ਦਫ਼ਤਰ ਅਤੇ ਹੋਰ ਸਰਕਾਰੀ ਦਫਤਰਾਂ ਵਿੱਚ ਜਾਣਾ ਪੈਂਦਾ ਹੈ ਜਿਸ ਨਾਲ ਪੈਟਰੋਲ ਆਦਿ ਤੇ ਵੀ ਕਾਫੀ ਖ਼ਰਚਾ ਹੋ ਜਾਂਦਾ ਹੈ । ਇਸ ਤੋਂ ਇਲਾਵਾ ਕੌਂਸਲਰਾਂ ਦੀ ਜਿੰਮੇਵਾਰੀ ਹੁੰਦੀ ਹੈ ਕਿ ਆਪਣੇ ਵਾਰਡ ਦੇ ਵਿਕਾਸ ਦੇ ਕੰਮ ਕਰਵਾਉਣੇ । ਨਗਰ ਨਿਗਮਾਂ ਵਿੱਚ ਇਨਾਂ ਵਿਕਾਸ ਦੇ ਕੰਮਾਂ ਨੂੰ ਕਰਵਾਉਣ ਦਾ ਬਹੁਤ ਲੰਮਾ ਪ੍ਰੋਸੀਜਰ ਹੈ ਭਾਵ ਪਹਿਲਾਂ ਲਿਖ ਕੇ ਦੇਣਾ ਪੈਂਦਾ ਹੈ, ਫਿਰ ਤਖ਼ਮੀਨਾ ਤਿਆਰ ਕਰਵਾਕੇ ਹਾਊਸ ਤੋਂ ਪਾਸ ਕਰਵਾਉਣਾ ਪੈਂਦਾ ਹੈ ਫਿਰ ਟੈਂਡਰ ਆਦਿ ਲੱਗਣ ਤੋਂ ਬਾਅਦ ਕੰਮ ਹੁੰਦੇ ਹਨ । ਪ੍ਰੰਤੂ ਕਈ ਕੰਮ ਵਾਰਡ ਵਿੱਚ ਅਜਿਹੇ ਹੁੰਦੇ ਹਨ ਜ਼ੋ ਕਿ ਅਚਨਚੇਤ ਕਰਵਾਉਣੇ ਪੈਂਦੇ ਹਨ ਜ਼ੋ ਕਿ ਕੌਂਸਲਰਾਂ ਵਲੋਂ ਲੋਕਾਂ ਦੀ ਸਹੂਲਤ ਨੂੰ ਮੁੱਖ ਰਖ਼ਦੇ ਹੋਏ ਆਪਣੀ ਜੇਬ ਵਿੱਚੋਂ ਖ਼ਰਚਾ ਕਰਕੇ ਕੀਤੇ ਜਾਂਦੇ ਹਨ ।

ਸੋ ਉਪਰੋਕਤ ਨੂੰ ਮੁੱਖ ਰਖ਼ਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਕੌਂਸਲਰਾਂ ਨੂੰ ਮਿਲਣ ਵਾਲਾ ਕੰਸੀਚਿਉਂਸੀ ਭੱਤਾ ਜ਼ੋ ਕਿ ਇਸ ਵੇਲੇ 15000/- ਪ੍ਰਤੀ ਮਹੀਨਾ ਹੈ ਨੂੰ ਵਧਾ ਕੇ 50000/- ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ ਜੀ । ਇਸ ਤੋਂ ਇਲਾਵਾ ਕਿਉਂ ਜ਼ੋ ਕੌਂਸਲਰ ਵਲੋਂ ਬਤੌਰ ਕੌਂਸਲਰ ਕੰਮ ਕਰਦੇ ਆਪਣੇ ਬਿਜਨੈਸ ਵਿੱਚ ਵੀ ਮਾੜਾ ਅਸਰ ਪੈਂਦਾ ਹੈ, ਇਸ ਲਈ ਬੇਨਤੀ ਹੈ ਕਿ ਕੌਂਸਲਰਾਂ ਨੂੰ ਵੀ ਐਮ.ਐਲ.ਏ. ਦੀ ਤਰਜ ਤੇ ਘੱਟੋ-ਘੱਟ 30,000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣੀ ਵੀ ਮੰਜੂਰ ਕੀਤੀ ਜਾਵੇ ਅਤੇ ਕੌਂਸਲਰਾਂ ਨੂੰ ਵੀ ਮੈਡੀਕਲ ਬੀਮਾ ਆਦਿ ਦੀ ਸੁਵਿਧਾ ਦਿੱਤੀ ਜਾਵੇ ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 21.1.2019 ਰਾਹੀਂ ਤਜ਼ਵੀਜ਼ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 79

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਦੀ ਜਾਣਕਾਰੀ ਹਾਊਸ ਨੂੰ ਦੇਣ ਸਬੰਧੀ।

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਵੱਖ-ਵੱਖ ਮਿਤੀਆਂ ਨੂੰ ਹੇਠ ਅਨੁਸਾਰ ਹੋਈਆਂ ਹਨ, ਜਿਹਨਾਂ ਦੀਆਂ ਕਾਰਵਾਈਆਂ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ, ਹਾਊਸ ਵਿੱਚ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਜੀ।

ਲੜੀ ਨੰ:	ਮੀਟਿੰਗ ਦੀ ਮਿਤੀ	ਮੀਟਿੰਗ ਵਿੱਚ ਵਿਚਾਰੇ ਗਏ ਮਤਾ ਨੰਬਰ
1	3.11.2018	155 ਤੋਂ 209 ਤੱਕ
2	14.12.2018	210 ਤੋਂ 231 ਤੱਕ
3	24.12.2018	232 ਤੋਂ 244 ਤੱਕ
4	15.01.2019	1 ਤੋਂ 16 ਤੱਕ
5	01.03.2019	17 ਤੋਂ 69 ਤੱਕ
6	30.05.2019	70 ਤੋਂ 79 ਤੱਕ
7	6.6.2019	80 ਤੋਂ 90 ਤੱਕ
8	28.6.2019	91 ਤੋਂ 100 ਤੱਕ
9	25.7.2019	101 ਤੋਂ 121 ਤੱਕ
10	19.8.2019	122 ਤੋਂ 136 ਤੱਕ

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 80

ਵਿਸ਼ਾ:- ਵਿਕਾਸ ਕੰਮਾਂ ਦੇ ਟੈਂਡਰ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧੀ ਹੇਠ ਦਰਸਾਏ ਕੰਮਾਂ ਦੇ ਮੋਕੇ ਮਾਨਯੋਗ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਵੱਲੋਂ ਨਿਗਰਾਨ ਇੰਜੀਨਿਅਰ ਅਤੇ ਕਾਰਜਕਾਰੀ ਇੰਜੀਨਿਅਰ ਨਾਲ ਦੇਖੇ ਗਏ ਸਨ ਅਤੇ ਸ਼ਹਿਰ ਦੀਆਂ ਮੇਨ ਅਤੇ Connecting ਖਰਾਬ ਸੜਕਾਂ ਦੇ ਤਖਮੀਨੇ ਤਿਆਰ ਕਰਨ ਦੇ ਆਦੇਸ਼ ਦਿੱਤੇ ਗਏ। ਇਸ ਉਪਰੰਤ ਸਬੰਧਤ ਜੂਨੀਅਰ ਇੰਜੀਨੀਅਰ ਅਤੇ ਸਹਾਇਕ ਇੰਜੀਨੀਅਰ ਵੱਲੋਂ ਇਹਨਾਂ ਕੰਮਾਂ ਦੇ ਤਖਮੀਨੇ ਤਿਆਰ ਕੀਤੇ ਗਏ ਅਤੇ ਇਹ ਤਖਮੀਨੇ ਡਰਾਇੰਗ ਬਰਾਂਚ ਵੱਲੋਂ ਚੈਕ ਕੀਤੇ ਜਾ ਚੁੱਕੇ ਹਨ। ਇਹ ਟੈਡਰ ਪਹਿਲੀ ਵਾਰ ਅਤੇ ਸਰਕਾਰ ਦੀ ਨੋਟੀਫਿਕੇਸ਼ਨ 5/82/2018-2lg4/1892, Dt.02.08.18 ਦੇ ਅਨੁਸਾਰ 21 ਦਿਨਾਂ ਦੇ ਨੋਟਿਸ ਤੇ ਮੰਗੇ ਜਾਣੇ ਹਨ।

Sr. No.	Name of Work	Amount (in Lacs)
	NORTH CONSTITUENCY	
1.	Const. of RCC road from Sardar Patel Chowk near Sai Dass School to Bhagwan Valmiki Gate (Circular Road)	109.47
2.	Const. of RCC road from Bhagwan Valmiki Gate to adda Hoshiarpur Chowk (Circular Road).	179.02
3.	Const. of RCC road from Adda Hoshiarpur Chowk to Railway Station (Circular Road).	165.83
4.	P/L of SDBC on Tanda road (KMV College road) from MEX Chowk to Pathankot Chowk.	69.30
5.	Repair of New railway road from Bhagat Singh chowk to Punjab National bank with P/L of CC/BM/PC.	20.67
6.	Restoration of PSPCL trench on Salempur Musalmana road with providing and laying of GSB, WBM, DBM and BC.	83.21
7.	Restoration of Storm water pipe trench on Sodal Preet Nagar road with providing and laying of GSB,WBM,DBM and BC.	125.98
8.	Const. of RCC road at Partap Bagh W.No.54	14.91
9.	Laying of BMPC on road near Govt. Primary School Reru.	6.18
10.	Restoration of storm water trench and road by P/L GSB, WMM and BC from Chandan nagar RUB to Leader Factory Chowk.	28.24
11.	P/L SDBC on road from G.T road to Sheetal road along Ganda Nala (Already approved by House)	58.01
12.	Const. of CC flooring in streets in mohalla New Laxmipura. (Already approved by House)	12.91
13.	Const. of CC flooring in streets near Lovely Tent House in Niwin Abadi Santokhpura. (Already approved by House)	17.67
14.	P/L SDBC on road from Gandhi Camp to Dana Mandi & Balmiki Colony. (Already approved by House)	9.71
	Total (A)	**901.11**
	WEST CONSTITUENCY	
15.	P/L of interlocking tiles Ghas mandi chowk to Green Avenue on Kala Sangha road.	75.43
16.	P/L of BM, SDBC at St. Soldier School to Shri Ram Sharan Mandir W.No.75.	24.62
17.	P/L BM & SDBC from Babu Jagjivan Ram chowk to Basti Nau.	43.63
18.	P/L SDBC from Babrik chowk to Shri Guru Ravidass chowk.	61.07
19.	P/L SDBC of Shehnai Palace road.	38.06
20.	P/L 80mm thick interlocking tile Shaheed Babu Labh Singh pully to Ratan Nagar pully.	43.62
21.	P/L SDBC on main road from Babrik chowk to Evening College.	23.68
22.	P/L BM & SDBC from Leather complex pully to Ghaklan pully.	48.28
23.	P/L BM & PC from Kadia Village to Kala Sangha road.	13.35
24.	P/L BM & SDBC from Ghaklan pully to Kadia village.	34.26
25.	P/L BM & SDBC from Kapurthala road to Leather complex pully.	46.54
26.	P/L BM & SDBC 120' road to Shastri Nagar main road	40.94
27.	P/L SDBC Bhagat Singh Nagar to Mohalla Kot	18.34
28.	P/L BM/SDBC on roads of J.P. Nagar	44.70
29.	P/L C.Conc. M-30 Kapurthala road to 120' road junction.	28.25
30.	P/L side CC on Master Gurbanta Singh Marg.	31.85
31.	P/L SDBC on Ashok Nagar main road.	20.77
32.	Relaying of PC in various streets of Ashok Nagar and New Ashok Nagar. (Already approved in anticipation approval of House by Mayor)	21.04
33.	P/F MS Sheet and angel on road side of Lal Pahaari Wala Mandir. (Already approved in anticipation approval of House by Mayor)	4.37
34.	Renovation and Development of various parts in W.No.45(Already approved by House)	4.95
35.	Const. of CC streets of New Shastri Nagar and Dilbagh Nagar. (Already approved by House)	48.95
36.	Const of various streets near gurudwara sahib(Already approved by House)	37.71
	Total (B)	**754.41**
	CENTRAL CONSTITUENCY	

37.	P/L BC on main road from Chugitti to Nangal Shama.	75.59
38.	P/L BC on main Dhannowali Village Phirni road.	48.83
39.	P/L BC on main road from Dakoha to Dhilwan	20.32
40.	P/L BC on main Shamshanghat road near DRS furniture Birring.	15.06
41.	P/L of BC on main road Birring.	34.25
42.	P/L BC on main road Narang Cold Storage.	37.92
43.	P/L BC on main road from PAP to BSF Chowk Both Sides	74.30
44.	P/L BC on main road from BSF Chowk to Ladowali Railway Crossing.	111.26
45.	P/L BC on main road from Alaska Chowk to GNDU	16.97
46.	P/L BC on main road from Shastri Chowk to Milap Chowk.	18.01
47.	P/L BC on main road from Madan Flour Mill Chowk to Railway station and adj.	33.69
48.	P/L BC on main road from Ajit Chowk to Partap Bagh.	48.25
49.	P/L BC on main road from Alaska Chowk to Preet Nagar railway crossing.	120.41
50.	P/L of SDBC on the road of Jyoti Chow to Patel Chowk.	70.18
51.	P/L of SDBC on the main road of Patel Chowk to Shri Valmiki Gate.	29.51
52.	P/L of SDBC on the road Backside Passport office connecting Nakodar road to Lajpat Nagar.	16.51
53.	P/L BC on the road of BMC Chowk to New Court Chowk & New Court Chowk to Ladowali T-Point Adj. D.C office Complex.	90.00
54.	P/L of SDBC on the road Opp Red Cross Bhawan connecting to Link road.	17.39
55.	P/L of SDBC on the road BMC Chowk to Shastri Chowk.	30.85
56.	P/L of SDBC on the road from Ram Chwok to Jyoti Chwok & from Jyoti Chowk to Central road Skylark Chowk.	65.00
57.	Construction of Service lane with BM, SDBC from BMC Chowk to Namdev Chowk (Both Sides) & from Yes Bank to Jaswant Motor.	84.87
58.	P/L of cement Conc. in sekhan bajjar and bachpan collection street in Ward No. 52	17.77
59.	P/L of Cement Concrete in streets of Mohalla Pucca Bagh, W.No.51	30.46
	Total (C)	**1107.40**
CANTT. CONSTITUENCY		
60.	Construction of CC road around rotary opposite No-exit (Model Town)	37.80
61.	Construction of RCC road at Bus Stand Exit to War Memorial	183.12
62.	Construction of streets (in ward no. 28) from Sangha Chowk to K.P Stadium and Kuki Dhab Chowk to Sai Mandir.	68.97
63.	Construction of streets with Interlocking tiles in ward no. 24 near Urban Estate Phase-II Railway Crossing.	9.67
64.	Construction of streets with BM and BC in Model Town (Ward no. 27)	49.45
65.	Construction of streets with BM& PC from Dayanand Chowk to Cantt road.	26.31
	Total (D)	**375.32**
	G. Total	**3138.24**

ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 17.9.2019 ਰਾਹੀਂ ਲਿਖਿਆ ਹੈ ਕਿ ਉਪਰੋਕਤ ਦਰਸਾਏ ਤਖ਼ਮੀਨੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਪ੍ਰਵਾਨ ਕੀਤੇ ਜਾਣ ।ਸਰਕਾਰ ਵੱਲੋਂ ਜਾਰੀ ਨੋਟੀਫੀਕੇਸ਼ਨ 5/82/2018-2lg4/1892, Dt.02.08.18 ਦੇ ਮੱਦ 2(viii) ਅਨੁਸਾਰ ਉਪਰੋਕਤ ਲਿਸਟ ਵਿੱਚ ਲੜੀ ਨੰ:1, 2, 3, 7, 44, 49 ਅਤੇ 61 ਦੇ ਤਖਮੀਨਿਆਂ ਦੀ ਅਨੁਮਾਨਿਤ ਰਕਮ ਰੁ: 1.00 ਕਰੋੜ ਤੋ ਜਿਆਦਾ ਦੇ ਹੋਣ ਕਾਰਨ ਤਕਨੀਕੀ ਪ੍ਰਵਾਨਗੀ ਚੀਫ ਇੰਜੀਨਿਅਰ ਜੀ ਪਾਸੋਂ ਲੋੜੀਂਦੀ ਹੈ। ਇਸ ਲਈ ਉਕਤ ਤਖਮੀਨਿਆਂ ਦੇ ਟੈਂਡਰ ਸਰਕਾਰ ਦੀਆਂ ਹਦਾਇਤਾਂ ਪੱਤਰ ਨੰ:ਈ.ਆਈ.ਸੀ-700-719, ਮਿਤੀ:28/05/2014 ਅਨੁਸਾਰ 2 ਅਖਬਾਰਾਂ ਵਿੱਚ ਦੇਣ, ਰੁ: 1.00 ਕਰੋੜ ਤੋ ਜਿਆਦਾ ਦੇ ਤਖਮੀਨੇ ਚੀਫ ਇੰਜੀਨਿਅਰ ਪਾਸੋ ਵੈਟ ਕਰਵਾਉਣ ਅਤੇ ਟੈਂਡਰ ਲਗਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ।ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 17.9.2019 ਰਾਹੀਂ ਸਿਫਾਰਸ਼ ਕੀਤੀ ਹੈ । ਮਾਨਯੋਗ ਮੇਅਰ ਜੀ ਨੇ ਉਪਰੋਕਤ ਤਜ਼ਵੀਜ਼ ਨੂੰ ਨਗਰ ਨਿਗਮ ਹਾਊਸ ਦੀ ਮੰਜੂਰੀ ਦੀ ਆਸ ਤੇ ਮਿਤੀ 17.9.2019 ਨੂੰ ਮੰਜੂਰੀ ਦਿੱਤੀ ਹੈ ।

ਤਖ਼ਮੀਨੇ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹਨ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 81

ਵਿਸ਼ਾ:- ਪੰਜਾਬ ਅਰਬਨ ਇਨਵਾਇਰਨਮੈਂਨ ਇੰਮਪਰੂਵਮੈਂਟ ਪ੍ਰੋਗਰਾਮ ਤਹਿਤ ਵਿਕਾਸ ਦੇ ਕੰਮਾਂ ਸਬੰਧੀ।

ਹਵਾਲਾ :- ਪੱਤਰ ਨੰ: 70/ਐਲ.ਐਫ.ਏ. ਮਿਤੀ : 24.01.2019

ਪੜਿਆ ਨੋਟ ਡਰਾਫਟਸਮੈਨ (ਟੈਂਡਰ ਸੈਲ) ਮਿਤੀ 31.1.2019 ਜਿਸ ਨਾਲ ਕਾਰਜਕਾਰੀ ਇੰਜੀਨਿਅਰ (ਬੀ ਐਂਡ ਆਰ) ਨੇ ਸਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਹਵਾਲੇ ਅਧੀਨ ਪੱਤਰ ਰਾਹੀਂ ਕੀਤੇ ਹੁਕਮਾਂ ਦੀ ਪਾਲਣਾ ਹਿੱਤ ਅਰਬਨ ਇਨਵਾਰਮੈਂਟ ਇੰਮਪਰੂਵਮੈਂਟ ਪ੍ਰੋਗਰਾਮ ਤਹਿਤ ਆਰੰਭੇ ਜਾਣ ਵਾਲੇ ਪ੍ਰੋਜੈਕਟਾਂ ਦੇ ਰਫਕੌਸਟ ਤਖਮੀਨੇ ਇਲਾਕਾ ਜੇ.ਈ. ਵੱਲੋ ਤਿਆਰ ਕੀਤੇ ਗਏ ਹਨ ਅਤੇ ਇਲਾਕਾਵਾਰ ਕਾਰਜਕਾਰੀ ਇੰਜੀਨੀਅਰ ਜੀ ਵੱਲੋ ਤਖਮੀਨੇ ਤਸਦੀਕ ਕੀਤੇ ਗਏ ਹਨ ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

S.No.	Constituency	Amount (Rs in lakhs)
1	North	520.17
2	West	580.00
3	Central	553.67
4	Cantt	510.38
5	Kartarpur	100
	Total Amount	2264.22

ਇਹ ਤਖਮੀਨੇ ਮਾਨਯੋਗ ਡਿਪਟੀ ਕਮਿਸ਼ਨਰ, ਜਲੰਧਰ ਜੀ ਦੇ ਹਵਾਲੇ ਅਧੀਨ ਪੱਤਰ ਦੀ ਪਾਲਣਾ ਹਿੱਤ ਤਿਆਰ ਕੀਤੇ ਗਏ ਹਨ ਜਿਨਾਂ ਦੀ ਮੰਜੂਰੀ ਦਿੱਤੀ ਜਾਵੇ । ਨਿਗਰਾਨ ਇੰਜੀਨਿਅਰ (ਬੀ ਐਂਡ ਆਰ) ਨੇ ਮਿਤੀ 2.2.2019 ਰਾਹੀਂ ਸਿਫਾਰਸ਼ ਕੀਤੀ ਹੈ । ਵਧੀਕ ਕਮਿਸ਼ਨਰ ਜੀ ਨੈ ਮਿਤੀ 5.2.2019 ਰਾਹੀਂ ਇਹਨਾਂ ਤਖ਼ਮੀਨਿਆਂ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਮੰਜੂਰੀ ਹਿੱਤ ਭੇਜਣ ਦੀ ਸਹਿਮਤੀ ਪ੍ਰਗਟਾਈ ਹੈ ਅਤੇ ਨਾਲ ਦੇ ਨਾਲ ਇਹਨਾਂ ਤਖ਼ਮੀਨਿਆਂ ਦੀ ਹਾਊਸ/ਵਿੱਤ ਅਤੇ ਠੇਕਾ ਕਮੇਟੀ ਪਾਸੋਂ ਮੰਜੂਰੀ ਲੈਣ ਹਿੱਤ ਵੀ ਸਹਿਮਤੀ ਹਸਤਾਖ਼ਰ ਕੀਤੇ ਹਨ । ਮੇਅਰ ਜੀ ਨੇ ਮਿਤੀ 6.3.2019 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਇੰਜੀਨਿਅਰ-ਇਨ-ਚੀਫ ਵੱਲੋ ਪੱਤਰ ਨੰ: ਈ.ਆਈ.ਸੀ./2019/10297 ਮਿਤੀ 25-02-2019 ਦੇ ਹਵਾਲੇ ਸਬੰਧੀ ਬੀ.ਐਂਡ.ਆਰ ਸ਼ਾਖਾ ਜਿਸ ਨਾਲ ਸਹਾਇਕ ਇੰਜੀਨੀਅਰ ਅਤੇ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਨੇ ਸਿਫਾਰਿਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇੰਜੀਨਿਅਰ-ਇਨ-ਚੀਫ ਨੂੰ ਪੱਤਰ ਨੰ: SE(B&R)/A-2031 ਮਿਤੀ 21-02-2019 ਰਾਹੀਂ ਅਧਿਕਾਰਿਤ ਕਾਲੋਨੀਆਂ ਸਬੰਧੀ ਸਰਟੀਫੀਕੇਟ ਜਾਰੀ ਕੀਤਾ ਗਿਆ। ਇੰਜੀਨਿਅਰ-ਇਨ-ਚੀਫ ਵੱਲੋ ਆਪਣੇ ਪੱਤਰ ਨੰ: ਈ.ਆਈ.ਸੀ./2019/10297 ਮਿਤੀ 25-02-2019, ਪੱਤਰ ਨੰ: ਸੀ.ਈ./2019/38283 ਮਿਤੀ 29-08-19, ਸੀ.ਈ./2019/40729 ਮਿਤੀ 12-9-2019, ਸੀ.ਈ./2019/40731 ਮਿਤੀ 12-09-2019 ਅਤੇ ਸੀ.ਈ./2019/40923 ਮਿਤੀ 16-09-2019 ਰਾਹੀਂ ਅਧਿਕਾਰਿਤ ਕਾਲੋਨੀਆਂ ਦੇ ਤਖਮੀਨਿਆ ਵੈਟਿੰਗ ਕਰਨ ਉਪਰੰਤ ਭੇਜੇ ਗਏ ਹਨ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:-

Sr. No.	Name of work	Vetted Amount (Rs. in Lakhs
North Constituency (A)		
1	P/L of W.B.M, B.M & PC Jinda Pind main road bath sons to Amrit Vihar	12.49
2	Development of park at Gadaipur	3.47
3	Const. of CC flooring in street near Shamshan Bhumi in Industrial Estate	16.67
4	Const. of CC flooring in street in Halt wali gali Mohindru Mohalla	5.57
5	Const. of CC flooring in streets in Muglan Dhikky	1.37
6	Const. of CC flooring in streets in Quilla mohalla	10.87
7	Const. of CC flooring in streets near Khingra Gate	9.34
8	Const. of CC flooring in Rasta Mohalla	14.14
9	Const. of CC flooring in mohalla Kallowni	12.27
10	Const. of CC flooring in Street at Partap Bagh	13.3
11	Const. of CC flooring in Street in Mohalla Shivrajgarh	7.96
12	Const. of CC flooring in street in Quazi Mohalla	19.97
13	Const. of CC flooring in mohalla Kishanpura	18.07
14	Const. of CC flooring near Baba Punnu wali gali in Santokhpura	5.47
15	Const of cc flooring in streets of Preet Nagar	4.26
16	P/L SDBC on roads in Amar Nagar near Preet Nagar & Basant Nagar.	16.61
17	Const of cc streets at Globe colony	18.59

18	Const of cc streets at Laathimaar Mohalla and Saipur	5.48
19	Const. of CC Streets at Neela Mahal	11.48
20	Const. of CC streets at Sangran mohalla	8.39
21	Const of cc streets at Arya Nagar	6.08
22	P/L 25mm th.SDBC on road near Sant Garh Gurudwara	5.4
23	Const. of cc roads near Jinda road.	4.12
24	Const. of Boundary wall at Burlton Park	10.85
25	Const. of CC streets in Ashok Vihar	3.28
26	Const. of CC roads in Bank Colony	19.47
27	Const. of CC street near Jinda Pind	9.17
28	Const. of CC street near Salempur Muslmana	3.88
29	Const. of CC road at New Amardass Nagar near Gill property	14.68
30	P/L SDBC in New Guru Amardass Nagar in front of Secular Public School.	4.43
31	Const. of CC streets in Sanjay Gandhi Nagar	18.54
32	Const. of CC roads in Gadaipur	18.67
33	Const. of CC flooring in Sarabha Nagar on Pathankot road	8.80
34	Const. of CC streets in Baba Deep Singh Nagar	18.39
35	Const. of CC flooring in Sunder Nagar	6.45
36	Const. of CC flooring in near Asha Electricals Gulmarg Colony	4.01
37	Const. of CC flooring in Prem Nagar near Lamba Pind Chowk	20.30
38	Const. of CC streets at Tobri mohalla	19.84
39	Const of cc streets at Baba Balak Nath Nagar	14.08
40	Const. of CC streets at BSF Colony & Gopal Nagar	10.95
41	Const. of CC streets at Gopal Nagar	7.36
42	P/L SDBC on roads of Jain Colony near Gulab Devi road.	2.60
43	Const. of CC streets at New Jawala Nagar	11.89
44	Const. of CC streets at Amar Nagar	14.04
45	Const of CC streets at New Sudarshan Park	28.90
46	Development of park at Anand Nagar Back side Gurudwara	8.70
	Total	**510.65**
West Constituency (B)		
1	P/L PC chapali chowk to bhargo camp adda	11.47
2	Boundary wall shamshan ghat ward no. 76	3.32
3	Const. of Shivpuri Model House	5.66
4	Boundary wall shamshan ghat ward no. 72	11.41
5	Renovation & development of shivpuri basti danishmanda	7.42
6	Development of Shamshan Ghat Jallowal Abadi	4.1
7	P/L of 80 mm I/L thick tiles streets in Major Singh Colony.	22.80
8	P/L of WBm, BM & PC on the main road of Hamilton Estate.	24.99
9	Const of various CC streets of geeta colony new vinod shoor	5.92
10	P/L WBM , BM&PC Geeta colony main road near park geeta colony	20.88
11	Const. of cc street in Anoop nagar back side Apeejay school ground.	3.73
12	P/L of M-30 C.Conc. In Shastri Nagar Adj. Area of Park	11.03
13	Const. of cc streets mithu basti near guru nanak nagar.	23.15
14	Const of various CC streets of new madhuban colony gali no. 1	19.15
15	Const of various CC streets of new madhuban colony jag wali kothi	4.44
16	Const of CC streets near service station on Baba Budha Ji Pully	13.00
17	Const. of street inDarona garden	18.38
18	Const. of various streets Raja garden	7.09
19	Const. of various cc streets of Maharaja garden	23.00
20	P/L of WBM BM ,PC main street at Pannu vihar	28.50
21	P/L of M-30 C.Conc. Near MS Farm	11.16
22	Const. of street in rajan nagar near sewa kendra	6.59
23	Const of various streets of Guru Nanak Nagar	66.67
24	Const. of various streets of Rajan Nagar	23.66

	Total	**377.52**
Cantt Constituency (C)		
1	Const. of streets with BMPC in village Sansarpur	32.54
2	Const. of streets with interlocking tiles in village Aladinpur	20.79
3	Const. of streets with interlocking tiles in Deep Nagar	30.03
4	Const. of streets with interlocking tiles in village Khambra	35.34
5	Const. of streets Mithapur (Inner) with interlocking tiles	16.42
6	Concrete road near Gill Hospital	15.6
7	Urban Estate Inner Streets with BMPC	28.71
8	Park Opp. Hardeep Workshop	8.00
	Total	**187.43**
Central Constituency (D)		
1	P/F Interlocking tiles in balance streets of Datar Nagar	20.55
2	P/F interlocking tiles in beant nagar part-1	28.62
3	P/L BM & PC on main road part of village Birring	20.52
4	P/L RMC in Ramesh colony	18.55
5	Const. of foothoath on main road New Jawahar Nagar	1.15
6	P/L CC in Park at KOT pakshian mohalla	0.92
7	P/F Interlocking tiles in kabir Avenue ward no.-8	16.51
8	P/L WBM , BM & PC on the streets of Silver Enclave	16.91
9	P/L BM & PC on the balance streets of Sunshine colony & dhaliwal enclave	33.72
10	P/F Interlocking tiles in Kohinoor Enclave Ward No.-8	22.71
11	P/L WBM , BM & PC on main road Park Avenue Ward no-8	19.86
12	P/F Interlocking tiles in Moti Bagh	23.65
13	P/l WBM BM & PC on streets in New dashmesh nagar phase-2	40.92
14	P/L WBM BM & PC on the streets on Tarun enclave	34.56
15	P/L WBM , BM & PC in New defence colony phase-1	22.45
16	P/F Interlocking tiles in Bhullar Enclave Dakoha	29.09
17	P/F interlocking tiles in Baba Budha ji Extension ward no.-12	33.00
18	Renovation of Dr. BR Ambedkar Community hall Ramamandi	4.35
19	P/L BM PC on the road of New Model town	1.34
	Total	**389.38**
Kartarpur Constituency (E)		
1	P/L of BM & PC in streets of Tower Enclave Ph 2.	36.05
2	Const of CC streets near Cricket Academy in Tower Enclave.	27.63
3	P/L of 20mm in main street Jalandhar Kunj.	19.36
4	Development of CC road in Raja Garden	11.42
	Total	**94.46**
	Grand Total A+B+C+D+E	**1559.44**

ਇਹ ਕੇਸ ਮਾਨਯੋਗ ਨਗਰ ਨਿਗਮ ਹਾਊਸ ਦੀ ਜਾਣਕਾਰੀ ਹਿੱਤ ਭੇਜਣ ਦੀ ਸ਼ਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨਿਅਰ (ਬੀ.ਐਂਡ ਆਰ.) ਨੇ ਉਪਰੋਕਤ ਤਖ਼ਮੀਨਿਆਂ ਦੀ ਪ੍ਰਵਾਨਗੀ ਲਈ ਹਾਊਸ ਵਿਚ ਰੱਖਣ ਦੀ ਸ਼ਿਫਾਰਸ਼ ਕੀਤੀ ਹੈ।ਮਾਨਯੋਗ ਮੇਅਰ ਜੀ ਨੇ ਉਪਰੋਕਤ ਤਖ਼ਮੀਨਿਆਂ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਖ਼ਮੀਨੇ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 82

ਵਿਸ਼ਾ:- ਬੀ.ਐਂਡ ਆਰ ਦੇ ਤਖਮੀਨੇ ਜਿਹਨਾਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਗਈ।

ਕਾਰਜਕਾਰੀ ਇੰਜੀਨੀਅਰ 1,2,3 ਅਤੇ 4 (ਬੀ.ਐਂਡ ਆਰ.) ਵਲੋਂ ਸ਼ਹਿਰ ਦੇ ਵੱਖ-ਵੱਖ ਥਾਂਵਾ /ਕਲੋਨੀਆਂ ਪਾਰਕਾਂ ਦੇ ਮੋਕੇ ਵੇਖਣ ਉਪਰੰਤ, ਹੇਠ ਲਿਖੇ ਤਖਮੀਨਿਆਂ ਨੂੰ ਤਿਆਰ ਕੀਤਾ ਹੈ। ਇਹਨਾਂ ਤਖਮੀਨਿਆਂ ਨੂੰ ਪ੍ਰਵਾਨ ਕਰਨ ਬਾਰੇ ਨਿਗਰਾਨ ਇੰਜੀਨੀਅਰ ਵੱਲੋ ਵੱਖ-ਵੱਖ ਸਮੇਂ ਤੇ ਸਿਫਾਰਸ਼ਾਂ ਕੀਤੀਆਂ ਗਈਆਂ ਹਨ।ਜਿਸ ਨਾਲ ਕਮਿਸ਼ਨਰ ਜੀ ਨੇ ਵੀ ਸਹਿਮਤੀ ਹਸਤਾਖਰ ਕੀਤੇ ਹਨ।ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹਨਾਂ ਤਖਮੀਨਿਆਂ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਵੱਖ ਵੱਖ ਮੰਜੂਰੀ ਦਿੱਤੀ ਹੈ।ਇਹ ਤਖਮੀਨੇ ਅੰਤਿਮ ਪ੍ਰਵਾਨਗੀ ਹਿੱਤ ਨਗਰ ਨਿਗਮ ਹਾਊਸ ਦੀ ਮੀਟਿੰਗ ਵਿਚ ਪੇਸ਼ ਹਨ:-

ਲੜੀ ਨੰ:	ਕੰਮ ਦਾ ਨਾਮ	ਵਾਰਡ ਨੰ:	ਤਖਮੀਨਾ ਰਾਸ਼ੀ (ਲੱਖਾਂ ਵਿਚ)
1	Repair & Renovation of Mayor Camp Office Model Town.	Gen	10.72
2	P/L BC on main road from Shastri Chowk to Madan Flour Mill	Gen	51.38
3	S/Fixing of outdoor Gym in New Jawahar Nagar. (M.P.Grant Case)	21	2.00
4	S/L of bench and Gazebos concrted at New Jawahar Nagar (M.P.Grant Case)	21	2.00
5	Const. of CC streets of Sidharth Nagar.	39	46.60
6	P/L of BM & SDBC on road from BMC Chowk to Shri Ram Chowk.	Gen	76.00
7	Const. of Centre for compost pits, MRF and Boundary Wall including sheds in Village Barring, G.T.Road (Swach Bharat Mission Grant)	Gen	39.74
8	Repair of Garbage Dump near Vikas Puri on Tanda Road (Swach Bharat Mission Grant)	60	12.91
9	Const. of "Centre for Collection" of Garbage at Partap Bagh. (Swach Bharat Mission Grant)	Gen	16.10
10	Const. of "Centre for composting" including MRF and compost pits in Nangal Shama Village. (Swach Bharat Mission Grant)	Gen	43.95
11	Const. of Centre for composting including MRF and compost pits in Dakoha Village. (Swach Bharat Mission Grant)	Gen	67.00
12	Const. of Centre for composting including MRF and compost pits in Dhannowali. (Swach Bharat Mission Grant)	Gen	65.53
13	Submission of Draft Detailed Project Report for Green Spaces Jalandhar Children friendly Park old Ja wahar Nagar, Tanki Wala Park (Under AMRUT Scheme)	Gen	7.45
14	Construction of centre for composting i/c compost pit, MRF and Boundary wall at M.C. disposal in west constituency. (Swach Bharat Mission Grant)	Gen	44.16
15	Construction of centre for composting i/c compost pit, MRF and Boundary wall in Village Salempur Musalmana Near Shamshan Ghat (Swach Bharat Mission Grant)	Gen	20.19
16	Consruction of centre for composting i/c compost pit, MRF and Boundary near Leader factory. (Swach Bharat Mission Grant)	Gen	44.16
17	Consruction of centre for composting i/c compost pit, MRF and Boundary near hand tool office under maqsudan flyover. (Swach Bharat Mission Grant)	Gen	44.16
18	Construction of Centre for composting i/c compost pit, MRF and Boundary wall at STP Pholriwal. (Swach Bharat Mission Grant)	Gen	60.91
19	Const. of various CC streets of Tagore Nagar.	48	32.67
20	P/L of Cement CON M 30 in the street of Niva Suraaj Ganj.	49	46.28
21	P/L of R.M.C M-30 on the road of BSNL Exchange adjoining DC Office Complex	Gen	77.65
22	Construction of Centre for composting i/c compost pit, MRF and Boundary wall at village Salempur. (Swach Bharat Mission Grant)	Gen	84.46
23	Repair and renovation of area adjoining Sodal Mandir ahead of Sodal Mela	62	13.10
24	P/F of dustbin in Park opp.T.V.Centre (Swach Bharat Mission Grant)	49	3.27
25	Patch work on old G.T.Road	Gen	27.93
26	P & F M Sheet & Angle on Road Side of Lal Pahadi Wala Mandir.	Gen	4.37
27	Relaying of PC in various streets of Ashok Nagar & New Ashok Nagar	37	21.04

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 83

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਕਾਰਜਕਾਰੀ ਇੰਜੀਨੀਅਰ 1, 2, 3 ਅਤੇ 4 (ਬੀ.ਐਂਡ ਆਰ.) ਵਲੋਂ ਸ਼ਹਿਰ ਦੇ ਵੱਖ-ਵੱਖ ਥਾਂਵਾ / ਕਲੋਨੀਆਂ ਦੀਆਂ ਸੜਕਾਂ, ਗਲੀਆਂ, ਪਾਰਕਾਂ ਆਦਿ ਦੇ ਮੌਕੇ ਵੇਖਣ ਉਪਰੰਤ, ਹੇਠ ਲਿਖੇ ਤਖਮੀਨਿਆਂ ਨੂੰ ਤਿਆਰ ਕੀਤਾ ਹੈ। ਇਹਨਾਂ ਤਖਮੀਨਿਆਂ ਨੂੰ ਪ੍ਰਵਾਨ ਕਰਨ ਬਾਰੇ ਨਿਗਰਾਨ ਇੰਜੀਨੀਅਰ ਵੱਲੋਂ ਵੱਖ-ਵੱਖ ਸਮੇਂ ਤੇ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਵੀ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ :-

Sr. No.	Ward No.	**Name of work**	**Estimated Amount (in Lacs)**
1	7	P/F Interlocking Tiles in Kot Ram Dass.	30.34
2	8	P/F interlocking tiles in New Dashmesh Nagar.	16.09
3	8	Development of Park at Datar Nagar.	4.87
4	8	Construction of Varandha at Shamshan Ghat near Dog Compound Nangal Shama Chownk.	3.09
5	8	P/L WBM BM & PC on Revenue Road from Lahewali to Sunshine Colony Ward No. 8	28.39
6	8	Development of Shamshan Ghat at Village Nangal Shama Chowk Ward No. 8	16.00
7	8	P/F interlocking tiles on Revenue Road B/s GNDU University Ward No. 8	20.45
8	8	Development of Shamshan Ghat at Vill. Chokhan Ward no. 8	20.00
9	8	Development of Park at Kahinoor Enclave Ward No. 8	7.09
10	8	P/F Interlocking tiles in Lallewali and Ladhewali Opp. Krishna Sweet Shop.	8.51
11	9	P/L BM & PC on the streets of Gurdev Enclave Ward No. 9	34.06
12	9	P/L WBM BM&PC on Revenue road from Dhilwan to Dashemsh Nagar Ward N. 9	19.92
13	9	P/F interlocking tiles in Gulmarg Aveneu B/S Rajput Bhawan, Mehtab Nagar And Professor Colony . Ward No. 9	24.88
14	9	P/L BM & PC on the streets of Mohan Vihar Revenue Road.	13.00
15	9	P/L WBM BM & PC on Revenue road from Dhilwan Road to Nangal Shama Dashmesh Nagar Ward No. 9	27.86
16	9	P/L BM & PC on the streets of Dashmesh Nagar Phase 1 Ward No. 9	33.40
17	9	P/F interlocking tiles on the berms of Professor Colony Ward No. 9	44.85
18	9	Development of parks at Professor colony W. No. 9	15.86
19	9	P/L WBM, BM & PC on the streets of New Dashmesh Nagar . Ward No. 9	38.35
20	12	P/F Interlocking Tiles in Bazigar mohalla and Kaki pind.	34.37
21	13	P/F Interlocking Tiles in area of Beant Nagar Part-I	44.15
22	13	P/F Interlocking Tiles in area of Beant Nagar Part-II	72.75
23	13	P/F Interlocking tiles in the streets of Joginder Nagar Shukla Pharmacy wali Gali & Ward No. 13	26.63
24	15	P/L RMC in Rajinder Nagar, Ward No. 15	31.08
25	15	P/L RMC in Rajinder Nagar.	30.77
26	15	Renovation of Park at Rajinder Nagar	4.85
27	15	Construction of Footpath in Kirti Nagar Ward No. 15	27.97
28	15	P/L RMC in Sehgal Colony.	32.93
29	15	P/L PCC in Preet Nagar, Gali No. 4.	29.84
30	15	P/L PCC in Rajinder Nagar.	32.79
31	15	P/L PCC in Shamshanghat Ladowali Road Oppsite Krishna Engg. Works	27.11
32	19	P/L RMC on main Road in Central Town from Geeta Mandir to Bharat Shocker Repair.	31.47
33	19	P/L RMC on Road Snatam Dharam School to Danna Mandi.	14.97
34	19	P/L RMC in Branch Street on Central Town Gali No. 1,2	41.10

35	19	P/L RMC in Branch Street Oppo. Geeta Mandir Central Town.	56.63
36	19	P/L RMC on main road Central Town from Geeta Mandir to Bharat Shokcker repair.	33.32
37	32	Const. of CC streets near Lamberdar Chowk	12.35
38	32	Const. of CC in various streets in ward. 32	13.35
39	32	Renovation of Municipal Dispensary in Abadpura.	1.88
40	32	Const. of Side CC flooring Nakodar Road Bhagwan Valmiki Mandir to Shri Guru Ravidass Chowk.	21.09
41	38	Const. of CC streets in Kot Mohalla from Ghai Niwas to Chajju Ram	22.08
42	39	Const. of CC streets at Jallowal Abadi Part-1 .	35.94
43	41	Const. & Repair of Shivpuri in Kot Sadiq	6.85
44	42	Const. of CC Streets at Lasuri Mohalla.	14.29
45	47	Const. of CC Streets at Harbans Nagar	26.64
46	47	Const. of CC Streets at JP Nagar.	21.09
47	47	Widening of JP Nagar Main road in front of H.No. 680	1.10
48	48	P/F Bench, Children games & Physical Games in Basant Wala Park, Chuppati Park, MGN School Opp. Park.	23.45
49	48	P/F Bench, Children Games + Physical Game in New Vijay Nagar, Uppal Park, Adarsh Nagar, Dusshara Ground Park, Tagore Nagar Park.	22.90
50	49	P/L of Cement concrete M 30 in the street adjoining white House ward No. 49	15.27
51	49	Repair and maintenance of Tringular park in Sheed Udam Singh Nagar.	1.80
52	49	Repair and maintenance of park at Ajit Nagar.	2.69
53	49	Development of Green belt Sikka chowk to ESI Hospital.	6.24
54	49	Repair and maintance of Rock Garden in Saheed Udam Singh Nagar.	9.34
55	54	Const. of CC flooring near Tahli Wala Chowk in Rasta Mohalla	8.64
56	54	Const. of CC flooring in Kashmirian Gali in Rasta Mohalla	2.03
57	58	Const. of CC floaring in streets in Vinay Nagar.	3.90
58	63	Const. of Footpath & P/F Interlocking tiles on sides of Saipur road.	15.76
59	64	P/L SDBC on Roads at Dada Colony	19.54
60	64	Const. of CC road in Shiv Nagar Near Sodal Mandir.	5.42
61	69	Const. of CC street No. 8 of Kabir Nagar.	24.08
62	69	Construction of CC Street No. 6 in Kabir Nagar	20.38
63	69	Const. of CC streets in Arjun Nagar.	1.56
64	69	P/L SDBC on road in Arjun Nagar	7.14
65	69	Const. of CC Street at Kabir Nagar Gali No. 2	11.32
66	70	Construction of CC Roads in Ward No. 70	7.40
67	80	P/L SDBC on Road at Janta Colony.	24.36
68	80	P/L SDBC on Road at Anand Nagar,	28.67
69	44	Construction of CC Streets at Janak Nagar Ward No. 44	35.10
70	44	Construction of Street in Bania Mohalla Ward Ward No. 44	12.03
71	44	Construction of CC Street at Satra Mohalla Ward No. 44	5.40
72	44	P/F I/L tiles on 120' Road Jagjivan Ram Chowk Ward No. 44	25.65

ਫੈਸਲਾ:

ਪ੍ਰਵਾਨ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਲੜੀ ਨੰ: 70 ਅਤੇ 71 ਦੀ ਪਹਿਲਾਂ ਹੀ ਮੇਅਰ ਜੀ ਨੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਇਹਨਾਂ ਤਖਮੀਨਿਆ ਦੀ ਵੀ ਅੰਤਿਮ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸਹੀ/– ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 84

ਵਿਸ਼ਾ:- ਬੀ. ਐਂਡ ਆਰ. ਸ਼ਾਖਾ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਕਾਰਜਕਾਰੀ ਇੰਜੀਨੀਅਰ 1, 2, 3 ਅਤੇ 4 (ਬੀ.ਐਂਡ ਆਰ.) ਵਲੋਂ ਸ਼ਹਿਰ ਦੇ ਵੱਖ-ਵੱਖ ਥਾਂਵਾ / ਕਲੋਨੀਆਂ ਦੀਆਂ ਸੜਕਾਂ, ਗਲੀਆਂ, ਪਾਰਕਾਂ ਆਦਿ ਦੇ ਮੌਕੇ ਵੇਖਣ ਉਪਰੰਤ, ਹੇਠ ਲਿਖੇ ਤਖਮੀਨਿਆਂ ਨੂੰ ਤਿਆਰ ਕੀਤਾ ਹੈ। ਇਹਨਾਂ ਤਖਮੀਨਿਆਂ ਨੂੰ ਪ੍ਰਵਾਨ ਕਰਨ ਬਾਰੇ ਨਿਗਰਾਨ ਇੰਜੀਨੀਅਰ ਵੱਲੋਂ ਵੱਖ-ਵੱਖ ਸਮੇਂ ਤੇ ਸਿਫਾਰਸ਼ਾਂ ਕੀਤੀਆਂ ਗਈਆਂ ਹਨ। ਜਿਸ ਨਾਲ ਕਮਿਸ਼ਨਰ ਜੀ ਨੇ ਵੀ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ਾਂ ਨਾਲ ਇਹ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹਨ :-

Sr. No.	Ward No.	**Name of work**		**Estimated Amount (in Lacs)**
1	Gen	P/F Barbed Wire on Boundry wall of M.C.J. workshop near Lamba pind chowk.		6.90
2	Gen	Construction of Roads with BM-PC in Jamsher Diary Complex		40.42
3	Gen.	Construction of Roads in CC & Drain in Jamsher Dairy Complex		214.63
4	Gen	Const. of Platform for Charamandi and Const of Shed & Boundary Wall at Jamsher Dairy Complex.		63.60
5	Gen.	P/L paint and repair on occasion of Birth Anniversary of Shri Guru Ravi Dass Maharaj ji, Kabir Jayanti & various occasion in West Constituncy.		19.87
6	Gen.	Contruction of Dump Near Kapurthala Road.		16.97
7	Gen	Boundary Wall on MCJ land on 120' road near Babu Jagjivan Ram Chowk		17.22
8	Gen	Removal and repairing of old tree guards.		2.90
9	Gen	Const. of Room & Bath Room for Health Department, North Constituecy Under Dada Colony Zone.	20.10	42.39
10	53	Const. of New Room & Toilet Block for Health Department at Mast Ram Park In Chandan Nagar W. NO. 53	3.74	
11	54	Const. of New Room & Toilet Block for Health Department at Partap Bagh Park opp. Hari Bol Mandir W. NO. 54	3.74	
12	55	Const. of New Room & Toilet Block for Health Department at Park in Dhan Mohalla Ward No. 55	3.74	
13	58	Const. of New Room & Toilet Block for Health Department at Disposal in Moh. Kishanpura Ward No. 58	3.74	
14	60	Const. of New Room & Toilet Block for Health Department at Park in Mohalla Santokhpura Ward No. 60	3.74	
15	61	Const. of Hut & Bath Room near Preet Nagar Ward No. 61	3.59	

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 85

ਵਿਸ਼ਾ:- ਸ਼ਹਿਰ ਦੀਆਂ ਮੇਨ ਸੜਕਾਂ ਦੇ ਵਿਕਾਸ਼ ਦੇ ਕੰਮਾਂ ਦੇ ਤਖਮੀਨਿਆ ਦੀ ਪ੍ਰਵਾਨਗੀ ਅਤੇ ਟੈਂਡਰ ਲਗਾਉਣ ਸਬੰਧੀ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਬੀ.ਐਂਡ.ਆਰ) ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਮਾਨਯੋਗ ਮੇਅਰ ਸਾਹਿਬ ਦੀ ਅਗਵਾਈ ਹੇਠ ਮਿਤੀ:12/02/2019 ਨੂੰ ਮੀਟਿੰਗ ਕੀਤੀ ਗਈ ਜਿਸ ਵਿੱਚ ਸ਼ਹਿਰ ਦੀਆਂ ਮੇਨ ਸੜਕਾਂ ਦੀ ਮਾੜੀ ਹਾਲਤ ਬਾਰੇ ਵਿਚਾਰ ਕੀਤਾ ਗਿਆ।ਇਸ ਮੀਟਿੰਗ ਦੋਰਾਨ ਸ਼ਹਿਰ ਦੀਆਂ ਵੱਖ-ਵੱਖ ਮੁੱਖ ਸੜਕਾਂ ਦੇ ਤਖਮੀਨੇ ਬਨਾਉਣ ਦੀ ਹਦਾਇਤ ਕੀਤੀ ਗਈ ਸੀ। ਮਾਨਯੋਗ ਮੇਅਰ ਅਤੇ ਨਿਗਰਾਨ ਇੰਜੀਨਿਅਰ ਜੀ ਦੇ ਹੁਕਮਾਂ ਅਨੁਸਾਰ ਸ਼ਹਿਰ ਦੀਆਂ ਮੇਨ ਸੜਕਾਂ ਦੇ ਤਖਮੀਨੇ ਤਿਆਰ ਕੀਤੇ ਜਾ ਚੁੱਕੇ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:-

(ਰੁ. ਲੱਖਾਂ ਵਿੱਚ)

Sr. No.	Const.	W. No	Name of work	Estimated Amount (in Lacs)	Vetted Amt
1	West	Gen.	Const. of cc streets at Mithu Basti main road	12.73	20.00
2	West	Gen.	P/L of BM & PC from Ghas Mandi chowk to M.C.J limit	59.00	59.00
3	West	Gen.	Const. of main road RCC M-30 Jagjivan Ram chowk to Kadi wala chowk	56.01	56.01
4	West	Gen.	P/L of 25mm thick SDBC on Leather Complex road	24.78	24.66
5	West	Gen.	Const. of main road RCC M-30 Babrik chowk to Valmiki Mandir	57.25	57.25
6	North	64	P/L 25mm thick SDBC on road in Industrial area Ward No. 64 (Sodal Chowk to Sodal Phatak to Ram Nagar)	58.62	58.62
7	North	Gen.	P/L DBM & BC on road from DAV flyover to Maqsudan flyover	640.72	612.69
8	North	Gen.	P/L SDBC Gulab Devi road	31.24	33.43
9	North	Gen.	Laying SDBC on Circular road from adda Hoshiarpur chowk to Patel chowk	48.01	48.10
10	North	Gen.	Laying SDBC on Tanda road from MAX chowk to Pathankot chowk	59.29	59.29
11	North	Gen.	Const. of Interlocking tiles road at New Railway road	76.09	44.74
12	Cantt	Gen.	Const. of road from Saheed Kapil Vinayak Chowk to Divider end, Opp. Kidney Hospital Cool Road	59.13	59.13
13	Central	Gen.	P/L BC on main road Alaska chowk to Madan Floor mill chowk	51.57	51.57
14	Cantt.	Gen.	Const. of main road from Guru Ravidass Chowk to Manbro Supermarket to BSNL Exchange	55.89	55.89
15	West	Gen.	Repair & Renovation & Paint on Central Verge, Chowks, Footpaths etc. on the occasion of Birth anniversary of Shri Guru Ravidass Maharaj Ji.	9.58	8.50
			Total	**1299.91**	**1248.88**

ਉਕਤ ਕੰਮ ਨਗਰ ਨਿਗਮ ਦੀ ਹਦੂਦ ਅੰਦਰ ਹੀ ਕਰਵਾਏ ਜਾਣੇ ਹਨ ਅਤੇ ਇਹ ਕੰਮ ਅਤਿ ਜਰੂਰੀ ਹਨ ਇਸ ਲਈ ਇਹਨਾਂ ਤਖਮੀਨਿਆਂ ਦੇ ਟੈਂਡਰ ਲਗਾਉਣ ਲਈ ਮਾਨਯੋਗ ਮੇਅਰ ਜੀ ਵੱਲੋ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਲੋੜੀਦੀਂ ਹੈ। ਨਿਗਰਾਨ ਇੰਜੀਨੀਅਰ (ਬੀ.ਐਂਡ.ਆਰ) ਨੇ ਮਿਤੀ : 25.02.2019 ਰਾਹੀ ਉਕਤ ਤਖ਼ਮੀਨਿਆਂ ਦੀ ਪ੍ਰਵਾਨਗੀ ਅਤੇ ਟੈਂਡਰ ਲਗਾਉਣ ਲਈ ਹਾਊਸ ਦੀ ਪ੍ਰਵਾਨਗੀ ਲਈ ਸਿਫਾਰਿਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ : 26.02.2019 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦੇਣ ਲਈ ਲਿਖਿਆ ਹੈ।ਮਾਣਯੋਗ ਮੇਅਰ ਜੀ ਨੇ ਮਿਤੀ : 26.02.2019 ਰਾਹੀ ਉਕਤ ਕੰਮਾਂ ਦੇ ਤਖ਼ਮੀਨਿਆਂ ਦੀ ਪ੍ਰਵਾਨਗੀ ਅਤੇ ਟੈਂਡਰ ਲਗਾਉਣ ਲਈ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜ਼ੂਰੀ ਦਿੱਤੀ ਹੈ।

ਤਜਵੀਜ਼ ਹਾਊਸ ਵਿੱਚ ਅੰਤਿਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 86

ਵਿਸ਼ਾ:- ਸਟਰੀਟ ਲਾਈਟ ਨਾਲ ਸਬੰਧਤ ਕੰਮਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਦੇ ਸਟਰੀਟ ਲਾਈਟ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਨੂੰ ਮੁੱਖ ਰਖਦੇ ਹੋਏ ਅਤੇ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਅਤੇ ਮਾਨਯੋਗ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ, ਜਿਸ ਦੀ ਪ੍ਰਵਾਨਗੀ ਹਾਊਸ ਤੋਂ ਲੋਂੜੀਦੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ:-

ਲੜੀ ਨੰ:	ਕੰਮ ਦਾ ਨਾਂ	ਵਾਰਡ ਨੰ:	ਤਖਮੀਨਾਂ (ਲੱਖਾਂ ਵਿੱਚ)
1	ਏ.ਪੀ.ਜੇ ਕਾਲਜ਼ ਦੇ ਸਾਹਮਣੇ ਟੀ-ਪੁਆਇੰਟ ਤੇ ਲੱਗੀਆਂ ਬਲਿਕਿੰਗ ਲਾਇਟਾ ਦੀ ਜਗ੍ਹਾ ਟ੍ਰੈਫਿਕ ਸਿਗਨਲ ਲਾਇਟਾਂ ਲਗਾਉਣ ਸਬੰਧੀ।	ਜਨਰਲ	7,46,178/-
2	ਬਸਤੀਆਂ ਰੋਡ ਤੇ ਝੰਡੀਆਂ ਵਾਲਾ ਪੀਰ ਵਿਖੇ ਚੋਂਕ ਵਿੱਚ ਟ੍ਰੈਫਿਕ ਸਿਗਨਲ ਲਾਈਟਾ ਲਗਾਉਣ ਬਾਰੇ।	ਜਨਰਲ	9,86,370/-
3	ਬੇਅੰਤ ਨਗਰ ਅਤੇ ਨਿਊ ਬੇਅੰਤ ਨਗਰ ਵਿਖੇ ਨਵੀਆਂ ਸਟਰੀਟ ਲਾਈਟਾਂ ਲਗਾਉਣ ਬਾਰੇ।	9	4,86,900/-
4	ਪ੍ਰੋਫੈਸਰ ਕਲੋਨੀ ਅਤੇ ਨਿਊ ਦਸ਼ਮੇਸ਼ ਨਗਰ ਵਿਖੇ ਨਵੀਆਂ ਸਟਰੀਟ ਲਾਈਟਾਂ ਲਗਾਉਣ ਬਾਰੇ।	9	4,74,600/-
5	ਗੁਰਦੇਵ ਨਗਰ ਅਤੇ ਗੁਲਮਾਰਗ ਐਵੀਨਿਊ ਵਿਖੇ ਨਵੀਆਂ ਸਟਰੀਟ ਲਾਇਟਾਂ ਲਗਾਉਣ ਬਾਰੇ।	9	5,61,500/-
6	ਇਨਫਾਰਸਟਰਕਚਰ ਫਾਰ ਨਿਊ ਐਲ.ਈ.ਡੀ. ਸਟਰੀਟ ਲਾਈਟ ਪੁਆਇੰਟ ਨੈਸ਼ਨਲ ਹਾਈਵੇ-1 ਅੰਮ੍ਰਿਤਸਰ ਰੋਡ ਕੈਨਾਲ ਟੂ ਭਗਤ ਸਿੰਘ ਕਲੋਨੀ ਕੈਨਾਲ ਸਾਇਡ ਵਾਰਡ ਨੰਬਰ 2 ਦਾਦਾ ਕਲੋਨੀ। **(ਇਸ ਦੀ ਮੰਜੂਰੀ ਮਾਨਯੋਗ ਮੇਅਰ ਜੀ ਵਲੋਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ 4.9.19 ਨੂੰ ਦਿੱਤੀ ਹੈ)**	64	86,200/-
7	ਇਨਫਾਰਸਟਰਕਚਰ ਫਾਰ ਨਿਊ ਐਲ.ਈ.ਡੀ. ਸਟਰੀਟ ਲਾਈਟ ਪੁਆਇੰਟ ਇਨ ਜਨਤਾ ਕਲੋਨੀ ਮੇਨ ਰੋਡ ਟੂ ਅਮਨ ਨਗਰ ਰੋਡ ਇਨ ਵਾਰਡ ਨੰਬਰ 80 ਜ਼ੋਨ ਨੰਬਰ 2 ਦਾਦਾ ਕਲੋਨੀ। **(ਇਸ ਦੀ ਮੰਜੂਰੀ ਮਾਨਯੋਗ ਮੇਅਰ ਜੀ ਵਲੋਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮਿਤੀ 4.9.19 ਨੂੰ ਦਿੱਤੀ ਹੈ)**	80	1,55,200/-

ਫੈਸਲਾ:

ਪ੍ਰਵਾਨ ਹੈ।ਇਹ ਵੀ ਦੱਸਿਆ ਜਾਂਦਾ ਹੈ ਕਿ ਲੜੀ ਨੰ: 6 ਅਤੇ 7 ਦੀ ਪਹਿਲਾਂ ਹੀ ਮੇਅਰ ਜੀ ਨੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਇਹਨਾਂ ਤਖਮੀਨਿਆ ਦੀ ਵੀ ਅੰਤਿਮ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 87

ਵਿਸ਼ਾ:- ਸ਼ਹਿਰ ਵਿੱਚ ਲਗੀਆਂ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਬਾਬਤ ਜ਼ੋਨ ਵਾਇਜ਼ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਨਗਰ ਨਿਗਮ ਜਲੰਧਰ ਸ਼ਹਿਰ ਦੇ ਅੰਦਰ ਲਗੀਆਂ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ 7-ਜ਼ੋਨਾਂ ਵਾਇਜ਼ ਵਿੱਚ ਵੰਡਿਆ ਹੋਇਆ ਹੈ। ਜ਼ੋਨ ਵਾਇਜ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ ਆਉਟ ਸੋਰਸ ਰਾਹੀਂ ਠੇਕੇ ਤੇ ਕਰਵਾਇਆ ਜਾ ਹਿਰਾ ਹੈ। ਇਹਨਾਂ ਕੰਮਾਂ ਤੇ ਤਖਮੀਨਿਆਂ ਦੀ ਮਿਆਦ ਮਿਤੀ 31.10.19 ਨੂੰ ਖਤਮ ਹੋ ਰਹੀ ਹੈ। ਸ਼ਹਿਰ ਦੇ ਸਟਰੀਟ ਲਾਇਟਾਂ ਦੇ ਕੰਮਾਂ ਨੂੰ ਸੁਚਾਰੂ ਢੰਗ ਅਤੇ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਹਨਾ ਕੰਮਾਂ ਦੇ ਵੱਖ-ਵੱਖ ਤਖਮੀਨੇ ਜ਼ੋਨ ਵਾਇਜ਼ ਤਿਆਰ ਕੀਤੇ ਗਏ ਹਨ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ:-

ਲੜੀ ਨੰ:	ਕੰਮ ਦਾ ਨਾਂ/ਜਗਾਂ ਦਾ ਸਪਸ਼ਟ ਵੇਰਵਾ	ਤਖਮੀਨਾ ਰੁਪਏ
1	ਜ਼ੋਨ ਨੰ: 1 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਨਵਾਂ ਵਾਰਡ ਨੰ: 17,50,51,52,53,54,55,56,65 ਅਤੇ 66 ਕੁੱਲ ਵਾਰਡ 10)	50,13,332/-
2	ਜ਼ੋਨ ਨੰ: 2 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਨਵਾਂ ਵਾਰਡ ਨੰ: 1,2,3,62,63,64,69,70,71,79 ਅਤੇ 80 ਕੁੱਲ ਵਾਰਡ 11)	55,50,464/-
3	ਜ਼ੋਨ ਨੰ: 3 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਨਵਾਂ ਵਾਰਡ ਨੰ: (20- ਪਾਰਟ) 46,47,48,49,68,72,73,75,76,77 ਅਤੇ 78 ਕੁੱਲ ਵਾਰਡ 11)	53,34,204/-
4	ਜ਼ੋਨ ਨੰ: 4 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ।(ਨਵਾਂ ਵਾਰਡ ਨੰ: 20,29,30,31,33,34,35,37,38,39,40,41,43,44,48,74 ਅਤੇ 75 ਕੁੱਲ 17 ਵਾਰਡ)	81,00,727/-
5	ਜ਼ੋਨ ਨੰ: 5 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਨਵਾਂ ਵਾਰਡ ਨੰ: 7,8,9,10,11,12,13,14,15,16,18 ਅਤੇ 19 ਕੁੱਲ ਵਾਰਡ 12)	60,07,476/-
6	ਜ਼ੋਨ ਨੰ: 6 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਨਵਾ ਵਾਰਡ ਨੰ: ਹਾਫ ਪਾਰਟ-20) 21,22,23,24,25,26,27,28 ਅਤੇ 29 ਕੁੱਲ ਵਾਰਡ 9)	51,80,684/-
7	ਜ਼ੋਨ ਨੰ: 7 ਅਧੀਨ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਦੇ ਰੱਖ ਰੱਖਾਵ ਦੇ ਸਲਾਨਾ ਤਖਮੀਨੇ ਬਾਰੇ। (ਨਵਾਂ ਵਾਰਡ ਨੰ: 4,5,6,57,58,59,60 ਅਤੇ 61 ਕੁੱਲ ਵਾਰਡ 8)	41,03,295/-

ਫੈਸਲਾ:

ਦੱਸਿਆ ਜਾਂਦਾ ਹੈ ਕਿ ਕੰਮ ਜਰੂਰੀ ਹੋਣ ਕਰਕੇ ਇਹਨਾਂ ਤਖਮੀਨਿਆ ਨੂੰ ਪਹਿਲਾਂ ਹੀ ਮੇਅਰ ਜੀ ਨੇ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ। ਇਹਨਾਂ ਤਖਮੀਨਿਆ ਦੀ ਅੰਤਿਮ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 88

ਵਿਸ਼ਾ:- ਨਗਰ ਨਿਗਮ ਦੇ ਸਾਰੇ 80 ਵਾਰਡਾਂ ਵਿੱਚ ਵੱਖ-ਵੱਖ ਥਾਵਾਂ ਤੇ 30 ਵਾਟ ਦੀਆਂ ਨਵੀਆਂ ਐਲ.ਈ.ਡੀ ਸਟਰੀਟ ਲਾਇਟਾਂ ਲਗਾਉਣ ਬਾਰੇ ਤਖਮੀਨੇ ਦੀ ਪ੍ਰਵਾਨਗੀ ਬਾਰੇ।

ਤਖਮੀਨਾ ਰੁਪਏ: 46,67,190/-

ਪੜਿਆ ਨੋਟ ਕਾਰਜਕਾਰੀ ਇੰਜੀਨੀਅਰ (ਲਾਇਟ) ਮਿਤੀ 30.10.18 ਕਿ ਨਗਰ ਨਿਗਮ ਹਾਊਸ ਦੀ ਮਿਤੀ 18.10.2018 ਨੂੰ ਹੋਈ ਮੀਟਿੰਗ ਦੇ ਜੀਰੋ ਆਵਰ ਵਿੱਚ ਡਿਪਟੀ ਮੇਅਰ ਸ੍ਰੀ ਹਰਸਿਮਰਨਜੀਤ ਸਿੰਘ ਬੰਟੀ ਵੱਲੋਂ ਮੇਅਰ ਜੀ ਪਾਸੋ ਮੰਗ ਕੀਤੀ ਗਈ ਕਿ ਦੀਵਾਲੀ ਦੇ ਤਿਉਹਾਰ ਤੇ ਪਰੰਪਰਾ ਰਹੀ ਹੈ ਕਿ ਕੋਂਸਲਰਾਂ ਨੂੰ ਬਤੌਰ ਗਿਫਟ ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਂਦੇ ਹਨ ਅਤੇ ਉਹ ਮੰਗ ਕਰਦੇ ਹਨ ਕਿ ਹਰੇਕ ਕੋਂਸਲਰ ਨੂੰ 25-25 ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਣ। ਮਾਨਯੋਗ ਮੇਅਰ ਜੀ ਨੇ ਮੰਨਿਆ ਕਿ ਇਹ ਪੁਰਾਣੀ ਪ੍ਰਥਾ ਰਹੀ ਹੈ ਕਿ ਦੀਵਾਲੀ ਵੇਲੇ ਹਰੇਕ ਕੋਂਸਲਰ ਨੂੰ ਬਤੌਰ ਗਿਫਟ ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਂਦੇ ਹਨ ਅਤੇ ਇਸ ਲਈ ਉਹਨਾਂ ਕਮਿਸ਼ਨਰ ਜੀ ਨੂੰ ਇਸ ਸਬੰਧੀ ਜੱਲਦ ਕਾਰਵਾਈ ਕਰਨ ਲਈ ਕਿਹਾ। ਸ੍ਰੀਮਤੀ ਸੁਰਿੰਦਰ ਕੌਰ, ਸੀਨਿਅਰ ਡਿਪਟੀ ਮੇਅਰ ਨੇ ਕਿਹਾ ਕਿ ਲੇਡੀਜ਼ ਕੋਂਸਲਰਾਂ ਨੂੰ 25 ਦੀ ਬਜਾਏ 30 ਸਟਰੀਟ ਲਾਇਟ ਪੁਆਇੰਟਸ ਦਿੱਤੇ ਜਾਣ ਜਿਸ ਤੇ ਮੇਅਰ ਜੀ ਨੇ ਉਹਨਾਂ ਦੀ ਇਹ ਮੰਗ ਮੰਜੂਰ ਕੀਤੀ।

ਉਪਰੋਕਤ ਤਜਵੀਜ਼ ਤੇ ਮਾਨਯੋਗ ਮੇਅਰ ਜੀ ਦੇ ਜੁਬਾਨੀ ਹੁਕਮਾ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਦੇ ਸਾਰੇ ਵਾਰਡਾਂ ਵਿੱਚ ਵੱਖ-ਵੱਖ ਥਾਵਾਂ ਤੇ 30 ਵਾਟ ਦੀਆਂ ਨਵੀਆਂ ਐਲ.ਈ.ਡੀ ਸਟਰੀਟ ਲਾਇਟਾਂ ਲਗਾਉਣ ਲਈ ਰੁਪਏ 46,67,190/- ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਜਿਸ ਦੀ ਨਗਰ ਨਿਗਮ ਹਾਊਸ ਤੋ ਪ੍ਰਵਾਨਗੀ ਲੋੜੀਂਦੀ ਹੈ। ਪ੍ਰਵਾਨਗੀ ਉਪਰੰਤ ਟੈਂਡਰ ਲਗਾ ਕੇ ਲੋ-ਐਸਟ ਅਜੰਸੀ ਤੋ ਇਹ ਕੰਮ ਕਰਵਾਇਆ ਜਾਵੇਗਾ। ਇਹ ਨਵੇ ਸਟਰੀਟ ਲਾਇਟ ਪੁਆਇੰਟ ਵਾਰਡ ਕੋਂਸਲਰ ਦੀ ਇੱਛਾ ਅਨੁਸਾਰ ਢੁਕਵੀਂ ਜਗ੍ਹ ਤੇ ਲਗਾਏ ਜਾਣਗੇ।

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਤੇ ਦੀ ਤਜਵੀਜ਼ ਹੇਠ ਲਿਖੇ ਅਨੁਸਾਰ ਤਿਆਰ ਕਰਕੇ ਹਾਊਸ ਦੀ ਪ੍ਰਵਾਨਗੀ ਲਈ ਭੇਜੀ ਜਾਂਦੀ ਹੈ।

ਲੜੀ ਨੰ:	ਕੰਮ ਦਾ ਨਾਂ/ ਜਗਾਂ ਦਾ ਸਪਸ਼ਟ ਵੇਰਵਾ	ਵਾਰਡ ਨੰ:	ਤਖਮੀਨਾ ਰੁਪਏ	ਕਿਸ ਅਧਿਕਾਰੀ ਵੱਲੋਂ ਤਕਨੀਕੀ ਪ੍ਰਵਾਨਗੀ ਦਿੱਤੀ ਗਈ ਹੈ।	ਇਹ ਕੰਮ ਓਰੀਜਨਲ ਵਰਕਸ ਦਾ ਹੈ ਜਾਂ ਮੇਨਟੀਨੈਂਸ ਦਾ	ਜੇਕਰ ਕੰਮ ਸਲਾਨਾ ਮੇਨਟੀਨੈਂਸ ਦਾ ਹੈ ਤਾਂ ਪਿਛਲੇ ਸਾਲ ਮੇਨਟੀਨੈਂਸ ਤੇ ਕਿੰਨਾ ਖਰਚ ਹੋਇਆ ਹੈ।	ਇਹ ਕੰਮ ਨਗਰ ਨਿਗਮ ਵੱਲੋ ਕੀਤਾ ਜਾਣਾ ਹੈ। ਸੀਵਰੇਜ਼ ਬੋਰਡ ਵੱਲੋ
1	ਨਗਰ ਨਿਗਮ ਦੇ ਸਾਰੇ 80 ਵਾਰਡਾਂ ਵਿੱਚ ਵੱਖ-ਵੱਖ ਥਾਵਾਂ ਤੇ 30 ਵਾਟ ਦੀਆਂ ਨਵੀਆਂ ਐਲ.ਈ.ਡੀ ਸਟਰੀਟ ਲਾਇਟਾਂ ਲਗਾਉਣ ਬਾਰੇ ਤਖਮੀਨੇ ਦੀ ਪ੍ਰਵਾਨਗੀ ਬਾਰੇ।	ਜ	46,67,190/-	ਨਿਗਰਾਨ ਇੰਜੀਨੀਅਰ ਲਾਇਟ	ਓਰੀਜਨਲ	N.A	ਨਗਰ ਨਿਗਮ ਜਲੰਧਰ

ਤਖਮੀਨਾ ਉਪਰੋਕਤ ਅਨੁਸਾਰ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੇ ਨੋਟ ਮਿਤੀ 30.10.18 ਰਾਹੀਂ ਲਿਖਿਆ ਹੈ ਕਿ ਉਪਰੋਕਤ ਤਜਵੀਜ਼ ਨਗਰ ਨਿਗਮ ਹਾਊਸ ਦੀ ਮੀਟਿੰਗ ਮਿਤੀ 18.10.18 ਦੇ ਜੀਰੋ ਆਵਰ ਦੌਰਾਨ ਮੰਜੂਰ ਕੀਤੀ ਗਈ ਸੀ। ਪਰੰਤੂ ਇਸ ਤਜਵੀਜ਼ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਹਾਊਸ ਤੋ ਲੈਣੀ ਲੋੜੀਂਦੀ ਹੈ। ਸੋ ਉਕਤ ਅਨੁਸਾਰ ਰੁਪਏ 46,67,190/- ਦਾ ਤਖਮੀਨਾ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ। ਕੰਮ ਦੀ ਮਹੱਤਤਾ ਨੂੰ ਦੇਖਦੇ ਹੋਏ ਪ੍ਰਵਾਨਗੀ ਹਾਊਸ ਦੀ ਇਨਐਂਟੀਸਿਪੇਸ਼ਨ ਵਿੱਚ ਦਿੱਤੀ ਜਾਵੇ । ਇਸ ਤੇ ਸਯੁੰਕਤ ਕਮਿਸ਼ਨਰ (ਆਰ) ਅਤੇ ਕਮਿਸ਼ਨਰ ਜੀ ਨੇ ਮਿਤੀ 31.10.18 ਨੂੰ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 01.11.18 ਰਾਹੀਂ ਉਪਰੋਕਤ ਤਖਮੀਨੇ ਦੀ ਇਨਐਂਟੀਸਿਪੇਸ਼ਨ ਅਪਰੂਵਲ ਆਫ ਹਾਊਸ ਪ੍ਰਵਾਨਗੀ ਦਿੱਤੀ ਹੈ। ਇਸ ਕੰਮ ਦੇ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਨੇ ਪ੍ਰਵਾਨ ਕਰ ਲਏ ਹਨ।

ਤਖਮੀਨਾ ਅੰਤਿਮ ਪ੍ਰਵਾਨਗੀ ਲਈ ਨਗਰ ਨਿਗਮ ਹਾਊਸ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 89

ਵਿਸ਼ਾ:- ਸ਼ਹਿਰੀ ਵਾਤਾਵਰਨ ਸੁਧਾਰ ਪ੍ਰੋਗਰਾਮ ਅਧੀਨ ਅਰਬਨ ਲੋਕਲ ਬਾਡੀਜ਼ ਨੂੰ ਸਬੰਧਤ ਡਿਪਟੀ ਕਮਿਸ਼ਨਰਾਂ ਰਾਹੀਂ ਪੀ.ਆਈ.ਡੀ.ਬੀ ਵੱਲੋਂ ਜਾਰੀ ਕੀਤੇ ਜਾਣ ਵਾਲੇ ਫੰਡਜ਼ ਅਧੀਨ ਵਿਧਾਨ ਸਭਾ ਹਲਕਾ ਜਲੰਧਰ ਸੈਂਟਰਲ ਦੇ ਵੱਖ-ਵੱਖ ਵਾਰਡਾਂ ਵਿੱਚ ਲਗਾਈਆਂ ਜਾਣ ਵਾਲੀਆਂ ਐਲ.ਈ.ਡੀ ਲਾਇਟਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਸਬੰਧੀ।

ਪੜ੍ਹਿਆ ਨੋਟ ਸਹਾਇਕ ਸਿਹਤ ਅਫਸਰ ਮਿਤੀ 24.9.2019 ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਐਚ) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿਚ ਦੱਸਿਆ ਜਾਂਦਾ ਹੈ ਕਿ ਮਿਤੀ 10.8.2019 ਨੂੰ ਮਾਨਯੋਗ ਮੇਅਰ ਸਾਹਿਬ ਜੀ ਦੀ ਪ੍ਰਧਾਨਗੀ ਹੇਠ ਏ.ਬੀ.ਸੀ. ਪ੍ਰੋਗਰਾਮ/ ਅਵਾਰਾ ਪਸ਼ੂਆਂ ਸਬੰਧੀ ਮੀਟਿੰਗ ਹੋਈ। ਜਿਸ ਵਿਚ ਸੰਯੁਕਤ ਕਮਿਸ਼ਨਰ (ਐਚ) ਜੀ, ਡਾ. ਅਨੁਭਵ ਖਜੂਰੀਆ (ਡਾਗ ਸਰਜਨ), ਹੈਲਥ ਸ਼ਾਖਾ ਦਾ ਸਟਾਫ ਡਾ. ਵਰਿੰਦਰ ਕੁਮਾਰ, ਸਹਾਇਕ ਸਿਹਤ ਅਫਸਰ, ਡਾ. ਰਾਜ ਕਮਲ, ਸਹਾਇਕ ਸਿਹਤ ਅਫਸਰ ਅਤੇ ਕੌਂਸਲਰ ਸਾਹਿਬਾਨ ਹਾਜਰ ਹੋਏ। ਜਿਸ ਵਿਚ ਇਹ ਫੈਸਲਾ ਲਿਆ ਗਿਆ ਕਿ ਘਰਾਂ ਵਿਚ ਰੱਖੇ ਗਏ ਕੁੱਤਿਆਂ ਦੀ ਰਜਿਸਟ੍ਰੇਸ਼ਨ ਸੁਰੂ ਕੀਤੀ ਜਾਵੇ। ਜਿਸ ਦੀ ਫੀਸ ਸਾਰੇ ਸਮੇਂ ਵਾਸਤੇ 100/- ਰੁਪਏ ਰੱਖੀ ਗਈ ਹੈ। ਇਸ ਤੋਂ ਇਲਾਵਾ ਹੋਰ ਕੋਈ ਚਾਰਜਿਜ ਨਹੀਂ ਲਏ ਜਾਣਗੇ। ਜਿਸ ਦੀ ਮੰਜੂਰੀ ਹਾਊਸ ਤੋਂ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 1.10.2019 ਰਾਹੀਂ ਲਿਖਿਆ ਹੈ ਕਿ They should not take their dogs outside to attend call of nature. It will be liable to fined.

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 1.10.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਅਤੇ ਫੈਸਲੇ ਹਿਤ ਪੇਸ਼ ਹੈ ਜੀ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
29.11.2019

ਮਤਾ ਨੰ: 106

ਵਿਸ਼ਾ : ਨਗਰ ਨਿਗਮ ਜਲੰਧਰ ਦੇ ਵੱਖ-ਵੱਖ ਸੈਕੰਡਰੀ ਡੰਪਾਂ ਤੋਂ ਕੂੜਾ ਚੁੱਕਣ ਲਈ ਗੱਡੀਆਂ/ਮਸ਼ੀਨਰੀ Tipping Fees ਰਾਹੀਂ ਕਿਰਾਏ ਤੇ ਲੈਣ ਸਬੰਧੀ।

ਪੜ੍ਹਿਆ ਨੋਟ ਸੈਨਟਰੀ ਇੰਸਪੈਕਟਰ, ਹੈਲਥ ਸ਼ਾਖਾ ਜਿਸ ਦੀ ਸ਼ਿਫਾਰਸ਼ ਸਿਹਤ ਅਫਸਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜ਼ਾਦਾ ਹੈ ਕਿ ਨਗਰ ਨਿਗਮ ਜਲੰਧਰ ਦੇ ਹੈਲਥ ਐਂਡ ਸੈਨੀਟੇਸ਼ਨ ਸ਼ਾਖਾ ਵਿਖੇ 6 ਪ੍ਰਾਇਵੇਟ ਟਿੱਪਰਾਂ ਅਤੇ 2 ਜੇ.ਸੀ.ਬੀ. ਮਸ਼ੀਨਾਂ ਕਿਰਾਏ ਤੇ ਚੱਲ ਰਹੀਆਂ ਹਨ , ਜਿਸ ਦਾ ਠੇਕਾ ਜਲਦ ਖਤਮ ਹੋ ਜਾਵੇਗਾ।ਨਗਰ ਨਿਗਮ ਵੱਲੋਂ ਕੂੜਾ ਚੁੱਕਣ ਵਾਲੀ ਮਸ਼ੀਨਰੀ ਕਾਫੀ ਪੁਰਾਣੀ ਅਤੇ ਘੱਟ ਹੈ। ਜੇਕਰ ਇਹ ਟਿੱਪਰ/ਜੇ.ਸੀ.ਬੀ. ਕਿਰਾਏ ਤੇ ਨਹੀਂ ਲਏ ਜਾਂਦੇ ਤਾਂ ਸ਼ਹਿਰ ਦੀ ਸਾਫ-ਸਫਾਈ ਕਰਵਾਉਣ ਲਈ ਬਹੁਤ ਮੁਸ਼ਕਿਲ ਆਵੇਗੀ। ਕੌਂਸਲਰ ਸਾਹਿਬਾਨ ਅਤੇ ਆਮ ਜ਼ਨਤਾ ਵੱਲੋਂ ਕੂੜਾ ਚੁਕਣ ਸਬੰਧੀ ਰੋਜਾਨਾ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਹਨ। ਠੇਕੇਦਾਰ ਦੇ 10 ਟਾਇਰੀ ਟਿੱਪਰਾਂ ਵੱਲੋਂ ਲਗਭਗ 125 ਤੋਂ 130 ਟਨ ਕੂੜਾ ਰੋਜਾਨਾ ਵੱਖ-ਵੱਖ ਸੈਕੰਡਰੀ ਡੰਪਾਂ ਤੋਂ ਚੁਕਿਆ ਜਾਂਦਾ ਹੈ। ਠੇਕਾ ਮਸ਼ੀਨਰੀ ਦਾ ਕਿਰਾਇਆ, ਜੀ.ਪੀ.ਐਸ. ਸਿਸਟਮ ਅਤੇ ਤੇਲ ਦੀ ਐਵਰੇਜ਼ ਦੇ ਹਿਸਾਬ ਨਾਲ ਦਿੱਤਾ ਗਿਆ ਹੈ। ਜਿਸ ਨੂੰ ਮਨਟੇਨ ਕਰਨਾ ਕਾਫੀ ਮੁਸ਼ਕਿਲ ਹੈ। ਇਥੇ ਇਹ ਦਸੱਣਯੋਗ ਹੈ ਕਿ ਨਗਰ ਨਿਗਮ ਜਲੰਧਰ ਵਿਖੇ 2014 ਵਿੱਚ JITF ਕੰਪਨੀ ਵੱਲੋਂ 315/-ਰੁ. per ton tipping fees ਰਾਹੀਂ ਵੱਖ-ਵੱਖ ਸੈਕੰਡਰੀ ਡੰਪਾਂ ਤੋਂ ਕੂੜਾ ਚੁਕਦੀ ਰਹੀ ਹੈ। ਟਿਪਿੰਗ ਫੀਸ ਦੇ ਹਿਸਾਬ ਨਾਲ ਸਿਰਫ ਅਤੇ ਸਿਰਫ ਕੂੜੇ ਨੂੰ ਸ਼ਹਿਰ ਦੇ ਡੰਪਿੰਗ ਪੁਆਇੰਟ ਤੋਂ ਚੁਕ ਕੇ ਧਰਮਕੰਡਾ ਤੋਂ ਤੋਲ ਕੇ ਵਰਿਆਣਾ ਡੰਪ ਤੇ ਲੈ ਜਾਣਾ ਹੁੰਦਾ ਹੈ ਅਤੇ ਇਸ ਨਾਲ ਰੋਜਾਨਾ ਬਿਲ ਦੇਖਿਆ ਜਾ ਸਕਦਾ ਹੈ। ਜਿਸ ਨੂੰ ਮਨਟੇਨ ਕਰਨਾ ਬਹੁਤ ਹੀ ਆਸਾਨ ਹੈ।ਹੁਣ ਫਿਰ ਇਸ ਟਿਪਿੰਗ ਫੀਸ ਦੇ ਹਿਸਾਬ ਨਾਲ ਠੇਕਾ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।। ਟਿਪਿੰਗ ਫੀਸ ਵਾਸਤੇ ਦੋ Analysis ਦਿੱਤੇ ਗਏ ਹਨ। Analysis ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

Analysis-I

For the cost of tipping fees to be paid to the contractor for C&T from Different SCPs within the limit of the MC Jalandhar.

(Analysis made on the basis of rent of the existing machinery and O&M Cost of the machinery) maintained by the contractor.

(A) Type of Machinery

1. No. of tipper 6 (10 tyers) 14.5 Cum copesty
   No. of JCB 2 (3 DX)

(B) Tonage of Garbage to be lifted per year

6 Tipper x 7.5 ton per day x 3trip = 135 ton per day
135 ton per day x 30 days = 4050 ton per month
4050 ton per month x 12 month = **48600** ton per year

(C) Diesel consumption per year

40 lt per tipper x 6 tipper = 240 lt per day
40 lt per JCB x 2 JCB = 80 lt
320 lt per day

320 lt per day x 65/- lt x 365 days = **7592000/-**

(D) Rent for the Machinery (6 Tipper + 2 JCBs per year)

2. 4400 per tipper x 6 = 26400/-
   3300 per JCB x 2 = 6600/-
   33000/-per day
   33000 x 365 days = 1,20,45000/-

(E) Total Expenditure for Diesel and Rent of machinery for one year
7592000 + 1,20,45,000 = Rs. 1,96,37,000/-

(F) Tipping fees per ton
7592000 + 82, 80,000 = 1,96,37,000 }
48600 } = 404/- per ton tipping fees

Analysis-II

For the cost of tipping fees to the paid to the contractor for C&T from Different SCPs within the limit of the MC Jalandhar.

(**Analysis made from the CSR rates of the machinery)**

(A) Type of Machinery

No. of tipper 6 (10 tyers) 14.5 Cum copesty
No. of JCB 2 (3 DX)

(B) Tonage of Garbage to be lifted per year

6 Tipper x 7.5 ton per day x 3trip = 135 ton per day
135 ton per day x 30 days = 4050 ton per month
4050 ton per month x 12 month = **48600** ton per year

(C) **CSR Rates**

1. "CSR rate of 5.5 Cum Tipper = 300 per hour"
   14.5 Cum Tipper = 790 per hour
   13% premium on 790/- = 102/-
   790+102= 892/- per hr.
   6 tipper x 8 hr x 892 per hr= 42816/- per day.
   42816 x 365 days = **15,627,840/-**

2. 2 JCB (3DX) x 8hr x 500 per hr = 8000/- per day
   2 JCB x 365 days x 8000/- = **58, 40,000/-**

(D) Total Cost of CSR Rates

15627840 + 5840000 =21467840/-

(E) Tipping fees per ton

15627840 + 5840000 = 21467840/- } 441.72/- per ton tipping fees
48600

Analysis-1 ਦੇ ਹਿਸਾਬ ਨਾਲ Tipping Fees 404/–ਰੁਪਏ ਪ੍ਰਤੀ ਟਨ ਬਣਦੀ ਹੈ।
Analysis-II ਦੇ ਹਿਸਾਬ ਨਾਲ Tipping Fees 441.72/–ਰੁਪਏ ਪ੍ਰਤੀ ਟਨ ਬਣਦੀ ਹੈ।
ਇਸ ਤਰ੍ਹਾਂ Analysis-1 ਦੀ Tipping Fees 404/–ਰੁਪਏ ਪ੍ਰਤੀ ਟਨ ਅਤੇ Analysis-II ਦੀ Tipping Fees 441.72/–ਰੁਪਏ ਨਾਲੋਂ ਘੱਟ ਹੈ।ਇਸ ਕਰਕੇ Analysis-1 ਦੇ ਹਿਸਾਬ ਨਾਲ ਹੇਠ ਲਿਖੇ ਅਨੁਸਾਰ ਐਸਟੀਮੇਟ ਤਿਆਰ ਕੀਤਾ ਜਾ ਰਿਹਾ ਹੈ।

Estimate on the basis of Analysis-1

6 Tipper x 7 ton per tipper × 3 trips = 126 ton per day
126 ton× @Rs 404/- Ton Tipping Fees = 50904/- per day
50904/– Per day x 180 days = Rs.91,62,720/-

ਇਹ ਅਤਿ ਜਰੂਰੀ ਕੰਮ ਹੈ ਅਤੇ ਇਸ ਨਾਲ ਸ਼ਹਿਰ ਵਿੱਚ ਕੂੜੇ ਦੀ ਸਾਂਭ ਸੰਭਾਲ ਕੀਤੀ ਜਾਣੀ ਹੈ। ਇਹ ਕੰਮ ਨਾ ਕਰਨ ਨਾਲ ਸ਼ਹਿਰ ਦੀ ਸਿਹਤ ਸਬੰਧੀ ਸੇਵਾਵਾਂ ਤੇ ਮਾੜਾ ਅਸਰ ਪੈ ਸਕਦਾ ਹੈ।ਇਸ ਸਬੰਧੀ ਕੂੜਾ ਚੁੱਕਣ ਵਾਲੀਆਂ ਗੱਡੀਆਂ ਨੂੰ 404/–ਰੁਪਏ ਪ੍ਰਤੀ ਟਨ Tipping Fees ਰਾਹੀਂ Analysis-1 ਦੇ ਅਨੁਸਾਰ ਰੁਪਏ 91,62,720/– ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਨਜੂਰੀ ਦਿੱਤੀ ਜਾਵੇ। ਜਿਸ ਨਾਲ ਕਾਰਜਕਾਰੀ ਇੰਜੀਨੀਅਰ ਅਤੇ ਨਿਗਰਾਨ ਇੰਜੀਨੀਅਰ (ਵਰਕਸ਼ਾਪ) ਨੇ ਸਹਿਮਤੀ ਹਸਤਾਖਰ ਕੀਤੇ ਹਨ। ਕਮਿਸ਼ਨਰ ਜੀ ਨੇ ਮਿਤੀ 10.10.2019 ਰਾਹੀਂ ਐਟੀਸ਼ੁਪੇਸ਼ਨ ਆਫ ਹਾਊਸ ਲਈ ਲਿਖਿਆ ਹੈ। ਮਾਨਯੋਗ ਮੇਅਰ ਜੀ ਨੇ ਮਿਤੀ 15.10.2019 ਰਾਹੀਂ ਉਕਤ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/– ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 107

ਵਿਸ਼ਾ:– Stitching of Rap-Kurti Under Swachh Bharat Mission against IEC Grant ਵਿਚੋ ਕੰਮ ਕਰਵਾਉਣ ਬਾਰੇ।

ਪੜ੍ਹਿਆ ਦਫਤਰੀ ਨੋਟ ਸੁਪਰਡੰਟ ਸਟੋਰ ਜਿਸ ਦੀ ਸ਼ਿਫਾਰਸ਼ ਸੰਯੁਕਤ ਕਮਿਸ਼ਨਰ (ਵੀ) ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਹੈਲਥ ਸ਼ਾਖਾ ਵੱਲੋ ਸਵੱਛ ਭਾਰਤ ਮਿਸ਼ਨ ਦੌਰਾਨ ਸ਼ਹਿਰ ਦੇ ਵੱਖ ਵੱਖ ਵਾਰਡਾਂ ਵਿੱਚ ਕੰਮ ਕਰ ਰਹੇ ਰੈਗ ਕੀਪਰਾ/ਕਰਮਚਾਰੀਆ ਨੂੰ ਵਰਦੀ /ਕੁਰਤੀਆ ਪਾਉਣ ਲਈ ਕਿਹਾ ਜਾ ਰਿਹਾ ਹੈ।ਇਸ ਸਬੰਧ ਵਿੱਚ ਵਿਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਸੀ। ਜਿਹੜਾ ਕਪੜਾ ਨਗਰ ਨਿਗਮ ਦੇ ਜਨਰਲ ਸਟੋਰ ਵਿਚ ਪਿਆ ਹੈ। ਉਸ ਕਪੜੇ ਦੀਆਂ ਰੈਗ ਕੀਪਰਾਂ ਨੂੰ ਕੁਰਤੀਆ ਸਿਲਾਈ ਕਰਵਾ ਕੇ ਦਿੱਤੀਆ ਜਾਣ। ਇਸ ਸਬੰਧ ਵਿੱਚ M/s Kanya Maha Vidyalaya, Jalandahr ਵਲੋ ਕੁਰਤੀਆ ਤਿਆਰ ਕਰਵਾਈਆ ਗਈਆ ਸਨ ਪਰ 500 ਕੁਰਤੀਆ ਹੋਰ ਤਿਆਰ ਕਰਨ ਲਈ 1250 ਮੀਟਰ ਕਪੜੇ ਦੀ ਜਰੁਰਤ ਹੈ, ਪਰ ਜਨਰਲ ਸਟੋਰ ਵਿੱਚ ਹੋਰ ਕਪੜਾ ਉਪਲਬਧ ਨਹੀ ਹੈ। ਇਸ ਲਈ ਉਕਤ ਖਾਕੀ ਕਪੜੇ ਦੀ ਖਰੀਦ ਕਰਨ ਲਈ ਹੇਠ ਲਿਖੇ ਅਨੁਸਾਰ ਐਸਟੀਮੇਟ ਕੁਟੇਸ਼ਣ ਮੰਗਵਾਈ ਗਈ। ਜਿਸ ਦਾ ਵੇਰਵਾ ਹੇਠ ਅਨੁਸਾਰ ਹੈ :–

ਸਮਾਨ :–Stitching of Rap-Kurti for Cloths
M/s Randhawa Pagri Centre, Rainak Bazar, Jal

Cloths 500Nos x 2.50	= 1250/- Mitter
1250 Mitter @190/-	= 2,37,500/-
Total	**= 2,37,500/-**

ਉਪਰੋਕਤ ਕੁਟੇਸ਼ਨਾ ਦੇ ਅਨੁਸਾਰ M/s Randhawa Pagri Centre, rainak Bazar, Jal ਦਾ ਪਾਇਆ ਗਿਆ।ਇਸ ਲਈ 1250 ਮੀਟਰ ਉਕਤ ਖਾਕੀ ਕਪੜੇ ਦੀ ਖਰੀਦ ਕਰਨ ਲਈ ਲੱਗਭੱਗ ਰੂ: 2,37,500/– ਖਰਚ ਆਵੇਗਾ। ਇਹ ਕਪੜੇ ਦੀ ਸਪਲਾਈ ਈ–ਟੈਂਡਰਿੰਗ ਰਾਹੀ ਕਰਵਾਈ ਜਾਵੇਗੀ। ਇਸ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਪਾਸੋ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 23.10.2019 ਰਾਹੀਂ ਇਸ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦੇਣ ਲਈ ਲਿਖਿਆ ਹੈ। ਮਾਨਯੋਗ ਮੇਅਰ ਜੀ ਨੇ ਮਿਤੀ 23.10.2019 ਰਾਹੀਂ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਹਾਊਸ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ ।

ਸਹੀ/– ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 108

ਵਿਸ਼ਾ:- ਪੈਨਸ਼ਨ ਸ਼ਾਖਾ ਲਈ ਕੰਮਪਿਉਟਰ, ਪ੍ਰਿੰਟਰ ਆਦਿ ਦੀ ਖਰੀਦ ਕਰਨ ਸਬੰਧੀ।

ਪੜ੍ਹਿਆਂ ਨੋਟ ਸਿਸਟਮ ਮੈਨੇਜਰ ਕਿ ਮਾਨਯੋਗ ਕਮਿਸ਼ਨਰ ਜੀ ਦੇ ਹੁੱਕਮ ਮਿਤੀ: 27.09.2019 ਅਨੁਸਾਰ, ਡੀ.ਸੀ.ਐਫ.ਏ ਜੀ ਦੇ ਨੋਟ ਮਿਤੀ: 26.09.2019, ਪੈਨਸ਼ਨ ਸ਼ਾਖਾ ਦੇ ਉਪ ਸਹਾਇਕ ਵੱਲੋ ਲਿਖਿਆ ਗਿਆ ਹੈ ਕਿ ਪੈਨਸ਼ਨ ਸ਼ਾਖਾ ਵਿੱਚ ਇੱਕ ਕੰਮਪਿਉਟਰ ਹੈ।ਪੈਨਸ਼ਨ ਸ਼ਾਖਾ ਦੇ ਸਟਾਫ ਦਾ ਜਾਇਦਾ ਕੰਮ ਕੰਮਪਿਉਟਰ ਤੇ ਹੁੰਦਾ ਹੈ, ਇੱਕ ਕੰਮਪਿਉਟਰ ਨਾਲ ਕੰਮ ਚਲਾਉਣ ਲਈ ਬਹੁਤ ਮੁਸ਼ਕਲ ਆਉਦੀ ਹੈ।ਇਸ ਲਈ ਪੈਨਸ਼ਨ ਸ਼ਾਖਾ ਨੂੰ ਇੱਕ ਕੰਮਪਿਉਟਰ ਸੈਟ ਸਮੇਤ ਪ੍ਰਿੰਟਰ, ਯੂ.ਪੀ.ਐਸ ਦੀ ਮੰਗ ਕੀਤੀ ਹੈ। ਵਿਸ਼ੇ ਤੇ ਖਰੀਦ ਕਰਨ ਲਈ ਭਾਰਤ ਸਰਕਾਰ ਦੇ ਜੈਮ ਪੋਰਟਲ ਤੋਂ ਉਕਤ ਦੀ ਖਰੀਦ ਕਰਨ ਲਈ ਤਖਮੀਨਾ ਲਿਤਾ ਗਿਆ ਜ਼ੋ ਕਿ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ	ਵੇਰਵਾ	ਸੰਖਿਆ	ਰੇਟ (ਪ੍ਰਤੀ ਸਾਮਾਨ)	ਜੈਮ ਪੋਰਟਲ ਕੁਲ ਕੀਮਤ
1.	ਕੰਮਪਿਉਟਰ ਵਿਦ ਓ.ਐਸ.	1	44990	44990
2.	ਮਲਟੀਫੰਕਸ਼ਨਰ ਪ੍ਰਿੰਟਰ	1	19000	19000
3.	ਆਫ-ਲਾਈਨ ਯੂ.ਪੀ.ਐਸ਼	1	3000	3000
			ਕੁਲ ਕੀਮਤ	**66990**

ਉਪਰੋਕਤ ਦੀ ਖਰੀਦ ਜੈਮ ਪੋਰਟਲ ਤੇ ਕਰਨ ਅਤੇ ਉਸ ਉਪਰੰਤ ਇਸ ਦੀ ਅਦਾਇਗੀ ਰੁਪਏ: 66990/- ਕਰਨ ਦੀ ਮੰਜੂਰੀ ਹਿੱਤ ਭੇਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਕਤ ਸਮਾਨ ਦੀ ਖਰੀਦ ਜਿਸ ਦੀ ਕੀਮਤ 66990/- ਰੁਪੈ ਦੀ ਤਜਵੀਜ ਨਗਰ ਨਿਗਮ ਹਾਊਸ ਦੀ ਬੈਠਕ ਵਿੱਚ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। ਡੀ.ਸੀ.ਐਫ.ਏ ਵੱਲੋ ਮਿਤੀ: 10.10.2019 ਨੂੰ ਤਜਵੀਜ ਹਾਉਸ ਵਿੱਚ ਰੱਖਣ ਲਈ ਸਿਫਾਰਸ਼ ਕੀਤੀ ਹੈ।ਕਮਿਸ਼ਨਰ ਜੀ ਨੇ ਮਿਤੀ: 11.10.2019 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ: 15.10.2019 ਰਾਹੀਂ ਤਜਵੀਜ ਹਾਉਸ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 109

ਵਿਸ਼ਾ:- ਤਜਵੀਜ ਗੁੜ ਮੰਡੀ ਵਿਖੇ ਖੋਖਿਆਂ ਨੂੰ ਮਾਲਕਾਂ ਦੇ ਨਾਮ ਤੇ ਰੈਗੂਲਰ ਕਰਨ ਬਾਰੇ।

ਤਜ਼ਵੀਜ਼ ਵਲੋਂ ਸ੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ਜਿਸ ਦੀ ਪੁਸ਼ਟੀ ਸ੍ਰੀ ਮਨਮੋਹਣ ਸਿੰਘ, ਕੌਂਸਲਰ ਨੇ ਕੀਤੀ ਹੈ ਕਿ ਗੁੜ ਮੰਡੀ ਵਿਖੇ ਕੁਝ ਲੋਕ ਗੁੜ-ਖੰਡ ਆਦਿ ਦੇ ਖੋਖੇ ਲਗਾ ਕੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਰਹੇ ਹਨ। ਕਿਉਂ ਜ਼ੋ ਜਦੋਂ ਭਾਰਤ ਪਾਕਿਸਤਾਨ ਦੀ ਵੰਡ ਹੋਈ ਸੀ ਉਸ ਸਮੇਂ ਇਹ ਲੋਕ ਪਾਕਿਸਤਾਨ ਤੋਂ ਉੱਜੜ ਕੇ ਜਲੰਧਰ ਆਏ ਸੀ ਅਤੇ ਉਹਨਾਂ ਨੂੰ ਗੁੜ ਮੰਡੀ ਦੇ ਕੋਲ ਖੋਖੇ ਖੋਲਣ ਲਈ ਤਹਿਬਜ਼ਾਰੀ ਫੀਸ ਦੇ ਆਧਾਰ ਤੇ ਮੰਜੂਰੀ ਦਿੱਤੀ ਗਈ ਸੀ ਤਾਂ ਜ਼ੋ ਉਹ ਆਪਣੇ ਘਰਾਂ ਦਾ ਗੁਜਾਰਾ ਚਲਾ ਸਕਣ । ਇਹਨਾਂ ਲੋਕਾਂ ਨੂੰ ਇੰਨਾਂ ਖੋਖਿਆਂ ਵਿਚ ਦੁਕਾਨਾਂ ਕਰਦਿਆਂ ਨੂੰ ਲੱਗਭੱਗ 74 ਸਾਲ ਹੋ ਚੁੱਕੇ ਹਨ। ਪਰੰਤੂ ਇਹਨਾਂ ਖੋਖਿਆਂ ਦੇ ਪੱਕੇ ਕਬਜੇ ਇਹਨਾਂ ਲੋਕਾਂ ਨੂੰ ਨਹੀਂ ਦਿੱਤੇ ਗਏ ਹਨ। ਹਰ ਸਮੇਂ ਹੀ ਇਹਨਾਂ ਖੋਖਿਆ ਦੀ ਪੱਕੀ ਮਲਕੀਤੀ ਨਾ ਹੋਣ ਕਾਰਨ ਮਾਨਸਿਕ ਤੌਰ ਤੇ ਪ੍ਰੇਸ਼ਾਨੀ ਰਹਿੰਦੀ ਹੈ। ਕਈ ਵਾਰ ਇਹਨਾਂ ਖੋਖਿਆ ਨੂੰ ਹਟਾਉਣ ਲਈ ਹੁਕਮ ਆਉਂਦੇ ਰਹਿੰਦੇ ਹਨ। ਅਸੀਂ ਮੰਗ ਕਰਦੇ ਹਾਂ ਕਿ ਇਹਨਾਂ ਖੋਖਿਆਂ ਵਾਲੀ ਥਾਂ ਦੀ ਪੱਕੀ ਅਲਾਟਮੈਂਟ ਇਹਨਾਂ ਖੋਖਿਆਂ ਵਾਲਿਆਂ ਨੂੰ ਕਰ ਦਿੱਤੀ ਜਾਵੇ। ਇਸ ਸਬੰਧੀ ਇਹ ਲੋਕ ਜਗ੍ਹਾਂ ਦੀ ਕੀਮਤ ਦੇਣ ਨੂੰ ਤਿਆਰ ਹਨ ਅਤੇ ਰਜਿਸਟਰੀਆਂ ਉਹਨਾਂ ਦੇ ਨਾਮ ਤੇ ਕਰ ਦਿੱਤੀਆਂ ਜਾਣ।

ਕੁਝ ਸਮਾਂ ਪਹਿਲਾਂ ਸਰਕਾਰ ਵਲੋਂ ਸਥਾਨਕ ਸਰਕਾਰ ਇਕਾਈਆਂ ਅਧੀਨ ਕਿਰਾਏਦਾਰਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਜਿਸ ਅਨੁਸਾਰ ਕਾਫੀ ਸਮੇਂ ਤੋਂ ਵੱਧ ਦੇ ਕਿਰਾਏਦਾਰ ਹਨ ਤਾਂ ਉਹਨਾਂ ਦੁਕਾਨਾਂ/ਪਲਾਟਾਂ ਦੀਆਂ ਰਜਿਸਟਰੀਆਂ ਮਾਲਕਾਂ ਦੇ ਨਾਮ ਤੇ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਪਰੰਤੂ ਇਸ ਪਾਲਸੀ ਵਿਚ ਇਹ ਖੋਖੇ ਕਵਰ ਨਹੀਂ ਹੁੰਦੇ। ਇਸ ਲਈ ਤਜ਼ਵੀਜ਼ ਕੀਤਾ ਜਾਂਦਾ ਹੈ ਕਿ ਇਹਨਾਂ ਖੋਖਿਆ ਸਬੰਧੀ ਪੋਲਸੀ ਬਣਾ ਕੇ ਇਹ ਖੋਖਿਆ ਵਾਲੀ ਜਗਾ ਦੀ ਇਹਨਾਂ ਨੂੰ ਪੱਕੀ ਮਲਕੀਤੀ ਦਿੱਤੀ ਜਾਵੇ ਇਸ ਸਬੰਧੀ ਜ਼ੋ ਵੀ ਫੀਸ (ਖਰਚਾ) ਹੋਵੇਗੀ ਉਹ ਇਹ ਲੋਕ ਜਮਾਂ ਕਰਵਾਉਣ ਲਈ ਤਿਆਰ ਹਨ ।

ਤਜ਼ਵੀਜ਼ ਮਾਨਯੋਗ ਮੇਅਰ ਜੀ ਹੁਕਮ ਮਿਤੀ 9.10.19 ਰਾਹੀਂ ਹਾਊਸ ਵਿੱਚ ਵਿਚਾਰ ਵਟਾਂਦਰੇ ਅਤੇ ਫੈਸਲੇ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 110

ਵਿਸ਼ਾ :- ਸੁੱਚੀ ਪਿੰਡ ਵਿੱਚ ਪੈਂਦੇ ਮੁਹੱਲਾ ਸੰਤ ਨਗਰ (ਨਜ਼ਦੀਕ ਵਿਰਦੀ ਜਠੇਰੇ, ਵਾਰਡ ਨੰ: 7) ਦਾ ਮਤਾ ਪਵਾਉਣ ਸਬੰਧੀ।

ਤਜਵੀਜ਼ ਵੱਲੋ ਸ਼੍ਰੀਮਤੀ ਨੀਲਮ ਕੌਂਸਲਰ ਵਾਰਡ ਨੰ: 7, ਜਿਸ ਦੀ ਪੁਸ਼ਟੀ ਸ੍ਰੀ ਰਜਿੰਦਰ ਬੇਰੀ ਜੀ ਐਮ.ਐਲ.ਏ ਸੈਂਟਰਲ ਹਲਕਾ ਅਤੇ ਸ਼੍ਰੀ ਨਿਰਮਲ ਸਿੰਘ, ਕੌਂਸਲਰ ਵਾਰਡ ਨੰ: 6 ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਮੁਹੱਲਾ ਸੰਤ ਨਗਰ (ਨਜਦੀਕ ਵਿਰਦੀ ਜਠੇਰੇ, ਵਾਰਡ ਨੰ: 7) ਜ਼ੋ ਕਿ ਤਕਰੀਬਨ 25 ਸਾਲ ਪਹਿਲਾ ਵਸਿਆ ਹੋਇਆ ਹੈ, ਦਾ ਨਾਮ ਨਗਰ ਨਿਗਮ ਦੇ ਹਾਊਸ ਵਿੱਚ ਪਾਸ ਕਰਾਉਣ ਸਬੰਧੀ ਦੱਸਿਆ ਜਾਂਦਾ ਹੈ ਕਿ ਇਸ ਮੁਹੱਲੇ ਦਾ ਨਾਮ ਸੰਤ ਨਗਰ ਇਸ ਲਈ ਰੱਖਿਆ ਗਿਆ ਸੀ ਕਿਉਂਕਿ ਇਹ ਸ਼੍ਰੀ ਸੰਤ ਰਾਮ ਵਿਰਦੀ ਜ਼ੋ ਕਿ ਇੱਕ ਧਾਰਮਿਕ ਵਿਚਾਰਾਂ ਦੇ ਵਿਅਕਤੀ ਸਨ ਅਤੇ ਉੱਘੇ ਸਮਾਜ ਸੇਵਕ ਸਨ, ਇਸ ਕਰਕੇ ਪਿੰਡ ਦੇ ਲੋਕਾ ਅਤੇ ਇਸ ਮੁਹੱਲਾ ਨਿਵਾਸੀਆਂ ਦੀ ਮੰਗ ਤੇ ਇਨ੍ਹਾਂ ਸੰਤਾਂ ਦੇ ਨਾਮ ਤੇ ਇਸ ਮੁਹੱਲੇ ਦਾ ਨਾਮ ਸੰਤ ਨਗਰ ਰੱਖਿਆ ਗਿਆ ਸੀ।ਮੁਹੱਲਾ ਨਿਵਾਸੀਆਂ ਕੋਲ ਆਈ.ਡੀ. ਪਰੂਫ ਜਿਵੇਂ ਕਿ ਵਾਰਡ ਨੰ: 7 ਦੀ ਵੋਟਰ ਲਿਸਟ, ਲੋਕਾਂ ਦੇ ਆਧਾਰ ਕਾਰਡ, ਸਕੂਲ ਸਰਟੀਫਿਕੇਟ ਪਾਸਪੋਰਟ ਮਕਾਨਾਂ ਦੀਆਂ ਰਜਿਸਟਰੀਆਂ ਆਦਿ ਵੀ ਸੰਤ ਨਗਰ, ਸੁਚੀ ਪਿੰਡ ਜਿਲ੍ਹਾ ਜਲੰਧਰ ਦੇ ਨਾਮ ਤੇ ਹਨ। ਜਿਨ੍ਹਾਂ ਦੀਆਂ ਫੋਟੋ ਕਾਪੀਆਂ ਵੀ ਦਿੱਤੀਆਂ ਹਨ। ਪਿੰਡ ਅਤੇ ਮੁਹੱਲਾ ਨਿਵਾਸੀਆਂ ਵੱਲੋ ਇਸ ਨਗਰ ਦਾ ਨਾਮ ਸੰਤ ਨਗਰ ਰੱਖਣ ਲਈ, ਨਗਰ ਨਿਗਮ ਜਲੰਧਰ ਦੇ ਹਾਊਸ ਵਿੱਚ ਮਤਾ ਪਵਾਉਣ ਲਈ ਬੇਨਤੀ ਕੀਤੀ ਗਈ ਹੈ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ : 24.10.2019 ਰਾਹੀ ਉਕਤ ਤਜਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 111
ਵਿਸ਼ਾ :- ਕੱਚੇ ਫਿਟਰ ਕੁਲੀਆਂ ਨੂੰ ਪੱਕਾ ਕਰਨ ਸਬੰਧੀ ।

ਨਗਰ ਨਿਗਮ, ਜਲੰਧਰ ਦੀ ਵਾਟਰ ਸਪਲਾਈ ਸ਼ਾਖਾ ਵਿੱਚ ਕੰਮ ਕਰ ਰਹੇ ਫਿਟਰ ਕੁਲੀਆਂ ਵੱਲੋ ਮਾਨਯੋਗ ਐਮ.ਐਲ.ਏ. ਸਾਹਿਬਾਨ ਜੀ ਨੂੰ ਬਿਨੈ-ਪੱਤਰ ਦਿੱਤਾ ਗਿਆ ਹੈ।ਜਿਸ ਵਿਚ ਲਿਖਿਆ ਹੈ ਕਿ ਨਗਰ ਨਿਗਮ, ਜਲੰਧਰ ਦੀ ਵਾਟਰ ਸਪਲਾਈ ਸ਼ਾਖਾ ਵਿੱਚ 64 ਫਿਟਰ ਕੁਲੀ ਕੰਮ ਕਰਦੇ ਹਨ।ਸ਼ਹਿਰ ਵਿਚ ਜਦੋਂ ਵੀ ਪਾਣੀ ਦੀ ਦਿੱਕਤ ਆਉਂਦੀ ਹੈ ਤਾਂ ਇਹ ਕਰਮਚਾਰੀ ਉਸੇ ਵਕਤ ਉਸ ਦਿਕਤ ਦਾ ਹੱਲ ਕਰਦੇ ਹਨ।ਇਹਨਾਂ ਕਰਮਚਾਰੀਆਂ ਨੂੰ ਆਪਣੀਆਂ ਸੇਵਾਵਾ ਨਿਭਾਉਂਦੇ ਹੋਏ 8 ਤੋਂ 10 ਸਾਲ ਦਾ ਸਮਾਂ ਹੋ ਚੁੱਕਾ ਹੈ। ਤਨਖਾਹ ਥੋੜੀ ਹੋਣ ਕਾਰਨ ਉਨ੍ਹਾਂ ਦੇ ਪਰਿਵਾਰ ਦਾ ਗੁਜ਼ਾਰਾ ਨਹੀਂ ਹੁੰਦਾ। ਇਸ ਲਈ ਮੰਗ ਕੀਤੀ ਜਾਂਦੀ ਹੈ ਕਿ ਇਨ੍ਹਾਂ 64 ਫਿਟਰ ਕੁੱਲੀਆਂ ਨੂੰ ਪੱਕਾ ਕੀਤਾ ਜਾਵੇ।ਇਸ ਬਿਨੈਪੱਤਰ ਤੇ ਸ਼੍ਰੀ ਰਜਿੰਦਰ ਬੇਰੀ ਜੀ, ਐਮ.ਐਲ.ਏ. ਸੈਂਟਰਲ ਹਲਕਾ ਅਤੇ ਸ੍ਰੀ ਅਵਤਾਰ ਸਿੰਘ ਜੂਨੀਅਰ ਹੈਨਰੀ ਜੀ, ਐਮ.ਐਲ.ਏ. (ਨਾਰਥ) ਨੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.09.2019 ਰਾਹੀਂ ਤਜਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਇਹ ਮੱਦ ਲੰਬਿਤ ਰੱਖੀ ਜਾਂਦੀ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 112

ਵਿਸ਼ਾ:- ਸਟਰੀਟ ਲਾਈਟ ਨਾਲ ਸਬੰਧਤ ਕੰਮਾਂ ਦੇ ਤਖਮੀਨਿਆਂ ਦੀ ਪ੍ਰਵਾਨਗੀ ਬਾਰੇ।

ਸ਼ਹਿਰ ਦੇ ਵੱਖ-ਵੱਖ ਵਾਰਡਾਂ/ਇਲਾਕਿਆਂ ਦੇ ਸਟਰੀਟ ਲਾਈਟ ਦੇ ਤਖਮੀਨੇ ਇਲਾਕਾ ਕੌਂਸਲਰ ਅਤੇ ਐਮ.ਐਲ.ਏ ਸਾਹਿਬਾਨ ਦੀ ਮੰਗ ਨੂੰ ਮੁੱਖ ਰਖਦੇ ਹੋਏ ਅਤੇ ਵਿਭਾਗੀ ਤੋਰ ਤੇ ਕਰਵਾਏ ਜਾਣ ਵਾਲੇ ਤਖਮੀਨੇ ਤਿਆਰ ਕੀਤੇ ਗਏ ਹਨ, ਇਹਨਾਂ ਵੱਖ-ਵੱਖ ਤਖਮੀਨਿਆਂ ਤੇ ਨਿਗਰਾਨ ਇੰਜੀਨਿਅਰ (ਓ.ਐਂਡ ਐਮ.) ਅਤੇ ਮਾਨਯੋਗ ਕਮਿਸ਼ਨਰ ਜੀ ਨੇ ਵੀ ਹਾਊਸ ਵਿਚ ਵਿਚਾਰਨ ਹਿੱਤ ਸਹਿਮਤੀ ਹਸਤਾਖਰ ਕੀਤੇ ਹਨ, ਜਿਸ ਦੀ ਪ੍ਰਵਾਨਗੀ ਹਾਊਸ ਤੋਂ ਲੋੜੀਦੀ ਹੈ। ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਹੇਠ ਲਿਖੇ ਤਖਮੀਨੇ ਹਾਊਸ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹਨ:-

ਲੜੀ ਨੰ:	ਕੰਮ ਦਾ ਨਾਂ	ਵਾਰਡ ਨੰ:	ਤਖਮੀਨਾਂ (ਲੱਖਾਂ ਵਿੱਚ)
1	ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ ਤੇ ਬਸਤੀ ਬਾਵਾ ਖੇਲ ਕਨਾਲ ਤੋਂ ਬਸਤੀ ਬਾਵਾ ਖੇਲ ਗੰਦੇ ਨਾਲੇ ਤੱਕ ਰੋਡ ਤੇ 500 ਵਾਟ ਦੀਆਂ ਹੈਲੋਜਨ ਫਲੱਡ ਲਾਈਟਾ ਆਰਜੀ ਤੌਰ ਤੇ ਲਗਵਾਉਣ ਬਾਰੇ । **(ਮਾਨਯੋਗ ਮੇਅਰ ਜੀ ਨੇ ਮਿਤੀ 17.10.2019 ਰਾਹੀਂ ਇਸ ਦੀ ਪ੍ਰਵਾਨਗੀ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਦਿੱਤੀ ਹੈ)**	ਜ	2.40
2	P/F of pole light at 6vi Patshahi road nea Babu Jagjivgan Ram Chowk.	44	1.87
3	ਜਨਤਾ ਕਲੋਨੀ ਮੇਨ ਰੋਡ ਤੋਂ ਵਿਧੀਪੁਰ ਮੇਨ ਰੋਡ ਤੇ ਨਵੀਆਂ ਐਲ.ਈ.ਡੀ.60 ਵਾਟ ਲਾਈਟਾਂ ਲਗਾਉਣ ਬਾਰੇ ।	80	2.13
4	ਵਾਰਡ ਨੰ: 15 ਦੀਆਂ ਵੱਖ-ਵੱਖ ਪਾਰਕਾਂ ਵਿਖੇ ਨਵੀਆਂ ਸਟਰੀਟ ਲਾਈਟਾਂ ਲਗਾਉਣ ਬਾਰੇ।	15	0.82

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:113

ਵਿਸਾ:– Estimate for Providing Sewerage Scheme in Village i.e. Sansarpur, Aladinpur, Nangal Karar Khan, Khusropur, Rehmanpur, Pholriwal, Dhina & Part of Sansarpur, Deep Nagar, Subhana, Alipur, Sofi Pind & Khambra at Jalandhar

App. Cost Rs. 51.48 Cr.

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ(ਓ ਐਂਡ ਐਮ) ਮਿਤੀ 22.10.19 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਡਵੀਜਨ ਨੰਬਰ 1 ਜਲੰਧਰ ਵਲੋਂ ਆਪਣੇ ਪੱਤਰ ਨੰਬਰ 4682 ਮਿਤੀ 18.10.2019 ਰਾਹੀਂ ਲਿਖਿਆ ਹੈ ਕਿ ਵਿਸ਼ੇ ਅਧੀਨ ਪਿੰਡ ਜ਼ੋ ਕਿ ਹੁਣ ਨਗਰ ਨਿਗਮ ਦੀ ਹਦੂਦ ਵਿੱਚ ਆ ਗਏ ਹਨ, ਇਨ੍ਹਾਂ ਪਿੰਡਾ ਵਿੱਚ ਪਹਿਲ ਦੇ ਅਧਾਰ ਤੇ ਸੀਵਰੇਜ਼ ਪਾਉਣ ਵਾਸਤੇ ਮਹਿਕਮਾਂ ਸੀਵਰੇਜ ਬੋਰਡ ਨੂੰ ਫੰਡਜ ਜਾਰੀ ਕੀਤੇ ਜਾਣ। ਇਸ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਇਨ੍ਹਾਂ ਪਿੰਡਾ ਵਿੱਚ ਸੀਵਰੇਜ਼ ਮੁਹਈਆ ਕਰਵਾਉਣ ਵਾਸਤੇ ਇਹ ਕੰਮ AMRUT Scheme ਅਧੀਨ ਕਰਵਾਇਆ ਜਾਣਾ ਹੈ, ਜਿਸ ਸਬੰਧੀ ਮਹਿਕਮਾਂ ਸੀਵਰੇਜ ਬੋਰਡ ਵਲੋਂ ਭੇਜੇ ਗਏ ਤਖਮੀਨੇ ਰੁਪਏ 51.48 ਕਰੋੜ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਲੋੜੀਂਦੀ ਹੈ।

ਮਾਨਯੋਗ ਕਮਿਸ਼ਨਰ ਨਗਰ ਨਿਗਮ ਜਲੰਧਰ ਜੀ ਵਲੋਂ ਜੁਬਾਨੀ ਆਦੇਸ਼ ਦਿੱਤੇ ਗਏ ਹਨ ਕਿ ਇਹ ਕੰਮ ਕਰਵਾਉਣ ਲਈ ਕੇਸ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇ। ਇਸ ਲਈ ਉਪਰੋਕਤ ਤਖਮੀਨੇ ਦੀ ਮੰਜੂਰੀ ਲਈ ਕੇਸ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।ਨਿਗਰਾਨ ਇੰਜੀਨਿਅਰ(ਓ ਐਂਡ ਐਮ) ਨੇ ਮਿਤੀ 22.10.19 ਰਾਹੀਂ ਤਖ਼ਮੀਨੇ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 22.10.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਨੇ ਮਿਤੀ 12.11.19 ਰਾਹੀਂ ਉਕਤ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਖ਼ਮੀਨਾ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/– ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 114

ਵਿਸਾ:- Detailed Project report for Extension of Storm Water Sewer from Petrol Pump to Dairy Complex near Jamsher at Jalandhar

App. Cost Rs. 6730.71 Lac

ਪੜਿਆ ਨੋਟ ਕਾਰਜਕਾਰੀ ਇੰਜੀਨਿਅਰ(ਓ ਐਂਡ ਐਮ) ਮਿਤੀ 22.10.19 ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਡਵੀਜਨ ਨੰਬਰ 1 ਜਲੰਧਰ ਵਲੋਂ ਆਪਣੇ ਪੱਤਰ ਨੰਬਰ 4585 ਮਿਤੀ 16.10.2019 ਰਾਹੀਂ ਰੁਪਏ 6730.71 ਲੱਖ ਦੀ ਡੀ.ਪੀ.ਆਰ ਨਗਰ ਨਿਗਮ ਹਾਊਸ ਦੀ ਪ੍ਰਵਾਨਗੀ ਲਈ ਇਸ ਦਫਤਰ ਨੂੰ ਭੇਜੀ ਗਈ ਹੈ, ਜਿਸ ਵਿੱਚ ਪੈਟਰੋਲ ਪੰਪ ਤੋਂ ਲੈ ਕੇ ਜਮਸ਼ੇਰ ਡੈਅਰੀ ਕੰਪਲੈਕਸ ਓਪਨ ਡਰੇਨ ਨੂੰ ਕਵਰ ਕਰਕੇ ਸਟਾਰਮ ਵਾਟਰ ਸੀਵਰ AMRUT Scheme ਅਧੀਨ ਪਾਇਆ ਜਾਣਾ ਹੈ। ਇਥੇ ਇਹ ਦਸਿਆ ਜਾਂਦਾ ਹੈ ਕਿ ਇਹ ਡੀ.ਪੀ.ਆਰ Shah Technical Consultant Pvt. Ltd. ਵਲੋਂ ਤਿਆਰ ਕੀਤੀ ਗਈ ਹੈ ਅਤੇ ਇਸ ਡੀ.ਪੀ.ਆਰ ਨੂੰ ਟੈਕਨੀਕਲ ਸਬ-ਕਮੇਟੀ ਦੀ 43ਵੀਂ ਮੀਟਿੰਗ ਮਿਤੀ 26.06.2019 ਵਿੱਚ ਪ੍ਰਵਾਨ ਕੀਤਾ ਗਿਆ ਹੈ। ਇਸ ਪੂਰੇ ਪ੍ਰੋਜੈਕਟ ਤੇ ਲਗਭਗ ਰੁਪਏ 6730.71 ਲੱਖ ਦਾ ਖਰਚਾ ਆਵੇਗਾ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋਂ ਪ੍ਰਵਾਨਗੀ ਲੋੜੀਂਦੀ ਹੈ।

ਮਾਨਯੋਗ ਕਮਿਸ਼ਨਰ ਨਗਰ ਨਿਗਮ ਜਲੰਧਰ ਜੀ ਵਲੋਂ ਜੁਬਾਨੀ ਆਦੇਸ਼ ਦਿੱਤੇ ਗਏ ਹਨ ਕਿ ਇਹ ਕੰਮ ਕਰਵਾਉਣ ਲਈ ਕੇਸ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇ। ਇਸ ਲਈ ਉਪਰੋਕਤ ਤਖਮੀਨੇ ਦੀ ਮੰਜੂਰੀ ਲਈ ਕੇਸ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਨਿਗਰਾਨ ਇੰਜੀਨਿਅਰ(ਓ ਐਂਡ ਐਮ) ਨੇ ਮਿਤੀ 22.10.19 ਰਾਹੀਂ ਤਖ਼ਮੀਨੇ ਨੂੰ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦੇਣ ਦੀ ਸਿਫਾਰਸ਼ ਕੀਤੀ ਹੈ । ਕਮਿਸ਼ਨਰ ਜੀ ਨੇ ਮਿਤੀ 22.10.19 ਰਾਹੀਂ ਸਹਿਮਤੀ ਹਸਤਾਖ਼ਰ ਕੀਤੇ ਹਨ ।

ਮਾਨਯੋਗ ਮੇਅਰ ਜੀ ਨੇ ਮਿਤੀ 12.11.19 ਰਾਹੀਂ ਉਕਤ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ ।

ਤਖ਼ਮੀਨਾ ਅੰਤਮ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:115

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਦੀ ਜਾਣਕਾਰੀ ਹਾਊਸ ਨੂੰ ਦੇਣ ਸਬੰਧੀ।

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀਆਂ ਮੀਟਿੰਗਾਂ ਵੱਖ-ਵੱਖ ਮਿਤੀਆਂ ਨੂੰ ਹੇਠ ਅਨੁਸਾਰ ਹੋਈਆਂ ਹਨ, ਜਿਹਨਾਂ ਦੀਆਂ ਕਾਰਵਾਈਆਂ ਨਗਰ ਨਿਗਮ ਜਲੰਧਰ ਦੀ ਵੈਬਸਾਈਟ www.mcjalandhar.in ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ, ਹਾਊਸ ਵਿੱਚ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਜੀ।

ਲੜੀ ਨੰ:	ਮੀਟਿੰਗ ਦੀ ਮਿਤੀ	ਮੀਟਿੰਗ ਵਿੱਚ ਵਿਚਾਰੇ ਗਏ ਮਤਾ ਨੰਬਰ
1	26.9.2019	137 ਤੋਂ 168 ਤੱਕ
2	8.11.2019	169 ਤੋਂ 183 ਤੱਕ
3	21.11.2019	184 ਤੋਂ 197 ਤੱਕ

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ: 116

ਵਿਸ਼ਾ:- ਬੀ.ਐਡ.ਆਰ ਸ਼ਾਖਾ ਦੇ ਦਰਜਾ -4 ਕਰਮਚਾਰੀਆ ਨੂੰ ਵੱਧੇ ਹੋਏ ਰੇਟਾ ਨਾਲ ਗਰਮ ਅਤੇ ਠੰਡੀਆਂ ਵਰਦੀਆਂ ਦੀ ਅਦਾਇਗੀ ਕਰਨ ਬਾਰੇ।

ਪੜਿਆ ਨੋਟ ਸਟੋਰ ਸ਼ਾਖਾ ਜਿਸ ਨਾਲ ਸੰਯੁਕਤ ਕਮਿਸ਼ਨਰ (ਵ) ਨੇ ਸਿਫਾਰਸ਼ ਕੀਤੀ ਹੈ ਕਿ ਨਗਰ ਨਿਗਮ ਜਲੰਧਰ ਦੇ ਬੀ.ਐਡ.ਆਰ ਸ਼ਾਖਾ ਵਿੱਚ ਕੰਮ ਕਰ ਰਹੇ ਦਰਜਾ-4 ਕਰਮਚਾਰੀਆਂ ਬੀ.ਐਡ.ਆਰ ਸ਼ਾਖਾ ਵਿੱਚ ਕੰਮ ਕਰ ਰਹੇ ਕਰਮਚਾਰੀਆ ਨੂੰ ਗਰਮ ਅਤੇ ਠੰਡੀਆਂ ਵਰਦੀਆਂ ਲੈ ਕੇ ਦੇਣ ਲਈ। ਬਿਲ ਕਲਰੱਕ ਵਲੋ ਰਿਪੋਰਟ ਕੀਤੀ ਗਈ ਹੈ ਕਿ ਪਹਿਲਾ ਇਨ੍ਹਾਂ ਕਰਮਚਾਰੀਆਂ ਨੂੰ ਸਾਲ 2015 ਨੂੰ ਗਰਮ ਅਤੇ ਠੰਡੀਆਂ ਵਰਦੀਆਂ ਦੇ ਪੈਸੇ ਦਿੱਤੇ ਗਏ ਸਨ। ਹੁਣ 10/2018 ਤੋ ਬੀ.ਐਡ.ਆਰ ਸ਼ਾਖਾ ਵਿੱਚ ਕੰਮ ਕਰ ਰਹੇ 161 ਮੁਲਾਜਮ ਜਿਵੇ ਕਿ ਬੇਲਦਾਰ, ਮਾਲੀ ਅਤੇ ਹੋਰ ਕਰਮਚਾਰੀਆਂ ਨੂੰ ਵਰਦੀਆਂ ਦੇ ਪੈਸੇ ਦੇਣੇ ਬਣਦੇ ਹਨ ਜਿਸ ਦਾ ਵੇਰਵਾ ਹੇਠ ਅਨੁਸਾਰ ਹੈ:-

ਕੁੱਲ ਜ਼ੋੜ 161

ਲੜੀ ਨੰ:	ਵਰਦੀਆਂ	ਰੇਟ	ਸਮਾਂ
1	ਗਰਮੀਆਂ ਦੀਆਂ ਵਰਦੀਆਂ	594/-	3 ਸਾਲ
2	ਸਰਦੀਆਂ ਦੀਆ ਵਰਦੀਆਂ	500/-	3 ਸਾਲ
3	ਸਲਾਈ ਸਰਦੀਆਂ ਦੀ ਵਰਦੀਆਂ	232/-	3 ਸਾਲ
4	ਜ਼ਰਸੀਆਂ	113/6	1 ਸਾਲ
5	ਬੂਟਾਂ ਦੇ ਰੇਟ 96.37×3=	289/-	1 ਸਾਲ
	ਜ਼ੋੜ	1728	

ਜਿਸ ਨੂੰ ਪੰਜਾਬ ਸਰਕਾਰ ਨੇ ਅਪਣੇ ਪੱਤਰ ਨੰਬਰ ਅੰ.ਵਿ.ਪੋ. ਨੰ: 7/4/94-1ਸ/277-280 ਮਿਤੀ 20-06-2012 ਰਾਹੀ ਪੰਜਾਬ ਸਰਕਾਰ ਦੇ ਗਰੁਪ ਡੀ (ਦਰਜਾ-4 ਕਰਮਚਾਰੀਆਂ ਦੀਆਂ ਵਰਦੀਆਂ ਦੇ ਰੇਟ ਦੁੱਗਣਾ ਵਾਧਾ ਕੀਤਾ ਹੈ। ਇਥੇ ਇਹ ਵਰਨਣ ਯੋਗ ਹੈ ਕਿ ਉਪਰੋਕਤ ਕਰਮਚਾਰੀਆਂ ਨੂੰ ਬਿਲ ਕਲਰਕ ਦੀ ਰਿਪੋਰਟ ਅਨੁਸਾਰ ਪਹਿਲਾਂ ਠੰਡੀਆਂ ਅਤੇ ਗਰਮ ਵਰਦੀਆਂ ਦੀ ਅਦਾਇਗੀ ਸਾਲ 2015 ਨੂੰ ਕੀਤੀ ਗਈ ਸੀ। ਸਰਕਾਰ ਦੀਆਂ ਹਦਾਇਤਾ ਅਨੁਸਾਰ ਹਰੇਕ ਤਿਨਾਂ ਸਾਲਾ ਬਾਅਦ ਗਰਮ ਅਤੇ ਠੰਡੀਆਂ ਵਰਦੀਆ ਦੀ ਅਦਾਇਗੀ ਕੀਤੀ ਜਾਂਦੀ ਹੈ। ਨਿਗਰ ਨਿਗਮ ਜਲੰਧਰ ਦੇ ਦਫਤਰੀ ਸੇਵਾਦਾਰਾ /ਦਰਜਾ-4 ਕਰਮਚਾਰੀਆਂ ਨੂੰ ਸਾਲ 10/2018 ਵਿੱਚ ਵਰਦੀਆਂ ਦੇਣੀਆਂ ਬਣਦੀਆਂ ਹਨ। ਇਸ ਲਈ ਨਗਰ ਨਿਗਮ ਦੇ ਜਲੰਰਧ ਸ਼ਾਖਾਂ ਦੇ ਦਰਜਾ-4 ਦੇ ਕਰਮਚਾਰੀਆਂ ਦੀ ਗਰਮ ਅਤੇ ਠੰਡੀਆਂ ਵਰਦੀਆਂ ਰਕਮ ਰੂ: 1728×2=3456 ×161= 5,56,416/- ਦਾ ਖਰਚਾ ਆਵੇਗਾ। ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਤੋ ਲੋੜੀਂਦੀ ਹੈ। ਕਮਿਸ਼ਨਰ ਜੀ ਨੇ ਮਿਤੀ 23.10.2019 ਰਾਹੀਂ ਇਸ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕਰਨ ਦੀ ਸਿਫਾਰਸ਼ ਕੀਤੀ ਹੈ । ਮਾਨਯੋਗ ਮੇਅਰ ਜੀ ਨੇ ਮਿਤੀ 23.10.2019 ਰਾਹੀਂ ਇਸ ਤਖ਼ਮੀਨੇ ਨੂੰ ਨਗਰ ਨਿਗਮ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰ ਕੀਤਾ ਹੈ ।

ਤਖ਼ਮੀਨਾ ਅੰਤਮ ਪ੍ਰਵਾਨਗੀ ਹਿੱਤ ਹਾਊਸ ਵਿੱਚ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:117

ਵਿਸ਼ਾ:- ਇੰਮਪਲੀਮਨਟੇਂਸ਼ਨ ਆਫ ਨਿਊ ਵਾਟਰ ਟੈਰਿਫ ਇਨ ਯੂ.ਐਲ.ਬੀਜ਼।

ਹਵਾਲਾ:- ਪੰਜਾਬ ਮਿਉਂਸਪਲ ਇੰਨਫ੍ਰਾਸਟਰਕਚਰ ਡਿਵੈਲਪਮੈਂਟ ਕੰਪਨੀ (ਪੀ.ਐਮ.ਆਈ.ਡੀ.ਸੀ.) ਸਥਾਨਕ ਸਰਕਾਰ ਡਿਪਾਰਟਮੈਂਟ ਪੰਜਾਬ ਦੀ ਈਮੇਲ ਮਿਤੀ :- 16-10-2019 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

ਪੜ੍ਹਿਆ ਨੋਟ ਸੰਯੁਕਤ ਕਮਿਸ਼ਨਰ (ਆਰ) ਮਿਤੀ 18.10.2019 ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਨੇ ਸ਼ਿਫਾਰਸ਼ ਕੀਤੀ ਹੈ ਕਿ ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਪੰਜਾਬ ਸਰਕਾਰ ਸਥਾਨਕ ਸਰਕਾਰ ਵੱਲੋ ਇੱਕ ਈਮੇਲ (ਨਾਲ ਨੱਥੀ ਅਨੁਸਾਰ) ਜਾਰੀ ਕੀਤੀ ਗਈ ਹੈ। ਜਿਸ ਦੇ ਮੁਤਾਬਕ ਅਰਬਨ ਲੋਕਲ ਬਾਡੀਜ਼ ਅਤੇ ਪੀ.ਐਮ.ਆਈ.ਡੀ.ਸੀ. ਵੱਲੋ ਪਾਣੀ/ਸੀਵਰੇਜ਼ ਦੇ ਬਿੱਲਾਂ ਦੀ ਮੀਟਰ ਪਾਲਿਸੀ ਲਾਗੂ ਕੀਤੀ ਜਾਣੀ ਹੈ। ਸਥਾਨਕ ਸਰਕਾਰ ਵੱਲੋ ਹਦਾਇਤ ਕੀਤੀ ਗਈ ਹੈ ਕਿ ਇਸ ਪਾਲਿਸੀ ਨੂੰ ਮਤੇ ਦੇ ਰੂਪ ਵਿੱਚ ਅਡਾਪਟ ਕਰਨ ਦੀ ਕਾਰਵਾਈ ਮੁਕੰਮਲ ਕੀਤੀ ਜਾਵੇ ਤਾਂ ਜ਼ੋ ਇਸ ਪਾਲਿਸੀ ਨੂੰ ਲਾਗੂ ਕੀਤਾ ਜਾ ਸਕੇ। ਕੇਸ ਨਗਰ ਨਿਗਮ ਦੀ ਬੈਠਕ ਵਿੱਚ ਰੱਖਣ ਦੀ ਪ੍ਰਵਾਨਗੀ ਦਿੱਤੀ ਜਾਵੇ।ਕਮਿਸ਼ਨਰ ਜੀ ਨੇ ਮਿਤੀ 5.11.2019 ਰਾਹੀਂ ਲਿਖਿਆ ਹੈ ਕਿ The draft for Taiff structure may kindly be perused. The tariff structure needs to be rationalized for better management of water supply and meet the O&M expenditure. This is vital for implementation of surface water project. The same is submitted for approval of house.

ਮਾਣਯੋਗ ਮੇਅਰ ਜੀ ਦੇ ਆਦੇਸ਼ ਮਿਤੀ 12.11.2019 ਰਾਹੀਂ ਤਜਵੀਜ਼ ਨਗਰ ਨਿਗਮ ਹਾਊਸ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

Municipal Resolution

The annual deficit in water supply and sewage O & M expenditure in [Municipal Corporation Jalandhar] has been approximately Rs [52.43 Cr./year] on an average between the years 2014-15 and 2018-19. The water charges/ tax recover only [30.35%] of the total cost of O & M. The deficit has been subsidised from the municipal budget. Moreover, due to the flat monthly tariff, water wastage has been increasing putting a strain on the water supply infrastructure.

In this regard, the council has considered the suggestions made by the Consultative Group of the Government of Punjab on Water Tariff and also the Government Order dated [No. 2/2/2003-31.GIV/6510 Dt. Chandigarh 2nd May, 2003]. Considering the need to improve the quality of service through adequate O & M expenditure on water supply and sewage; and the need to reduce water wastage, the council resolves as follows;

1. **Subsidy for Water Supply & Sewage (WSS):** 2.5/ 11 of the GST receipts shared by Government of Punjab with the municipal corporation will be allocated as water supply and sewage (WSS) subsidy in the municipal budget from the year 2019-20 onwards and will be transferred to the WSS account as and when the funds are received from Government of Punjab. In addition, the 2% surcharge on electricity bills being collected by the electricity distribution company will also be allocated to the WSS budget. Any subsidies over and above required for the O & M of water supply and sewage department will be calculated during the course of the year and will be provided from the municipal budget.

2. **WSS operational information and disclosure:** The Superintending Engineer of the water supply and sewage department will cause to maintain the following information in electronic form for disclosure

   i. Database of each property (including exempt properties) with plot area, built up area, connection type and status for water supply and sewage, source of supply if no ULB water connection is taken and estimated water consumption from own source. Linked to GIS database where available
   ii. Monthly record of billing and collection property-wise
   iii. Monthly record of electricity consumption and bills received towards WSS, record to be maintained for each instalment
   iv. Record of staff for water and sewage separately; Details of ULB staff and outsourced/ contracted / daily wage staff to be maintained separately
   v. Electricity bills payable for each month; actual payments made; adjustments by power utility against 2% cess collected; unpaid electricity bills for the month; outstanding electricity bills payable
   vi. Details of all O & M payments made for WSS
   vii. Bill-wise details of O & M payments pending

3. **Financial report:** By July 1 of each financial year, the municipal corporation will publish an annual financial report for water supply. The report will include

   i. Yearly income and expenditure statement of WSS.
   ii. Deficit in WSS and subsidy from municipal budget towards WSS
   iii. Prevailing water tariff with sample actual water bills for different categories
   iv. Report on Service Level benchmarks for water supply and sewage as per the format of Ministry of Housing and Urban Affairs, Government of India

4. **Metering:** With effect from the date of this resolution, metering will be applicable as follows:

   i. All non domestic properties and domestic connections in plot size 500 square yards and above will be installed with water meters as per specification below.
   Water meter½”orabove shallbe provided, installed and maintained by the consumer at his own cost after getting tested from the Municipal Corporation. No water meter rent will be charged by the Municipal Corporation. A consumer may, upon written application to the Municipal corporation/Council, have the

water meter tested for accuracy and registration. Each of such application shall be accompanied by a deposit of fee for testing water meter set out in the policy. **Meter shall be of "ISI mark (IS-779), Class "B", Multijet, Inferential Type, Magnetically Coupled, Brass/Bronze body, 2(Two) year guarantee/ warranty (preferably IP-68) accompanied by copy of test certificate meeting out the above specification shall be essential part of packing of water meter**. No person shall tamper with the meter in any manner; provided that any member of the corporation staff may authorized by the Commissioner in his behalf access to the meter. The owner/consumer shall make provision and install the water meters in a horizontal position and as prescribed in IS-779. If an inspection indicates that the installation has not been carried out as prescribed, the owner shall correct/ modify the installation at his expense. Water meter shall be placed in a chamber with removable cover. **The meter box shall conform to IS-2104-(specification for water meters boxes).** The meter shall be fitted beyond stop cock with union to facilitate periodic changing of meter. When the meter shall fix underground a suitable water tight brick chamber is constructed and covered with an iron surface box.

ii. While providing new connections to all customers, both domestic and non domestic, the municipal corporation will install water meters at the cost of the customer.

iii. All customers in plots above 25 square yards will be metered within a period of three years

iv. All customers will be metered within a period of five years

v. Irrespective of the above, in the case of switchover to surface water supply, all connections will be metered prior to the commissioning of the surface water supply system.

5. Water charges

i. The water charges will include charges for a) supply of piped water and b) sewerage. The water charges, the provision for automatic revision of water charges prevailing rates after each financial year.

ii. The water charges will be revised annually. Notwithstanding these provisions, the water charges will also be subject to revision based on periodic review of income and expenditure in water supply and sewage. In the case of provision of surface water supply and or 24 x 7 water supply, the Corporation will review the projected costs and income from WSS and revise the tariff structure and conditions accordingly.

Annexure 2

TARIFF STRUCTURE

In exercise of the powers under Section 95 of the Punjab Municipal Corporation Act, and as per Municipal Resolution [ ], dated [ ], the water charges leviable in the Municipal Corporation of [ ] from [ ] shall be as follows

1. The water charges payable will be the sum of charges for piped water supply (Item A in Table 1 or Table 2 below) and the charges for sewerage (Item B in Table 1 or Table 2 below).

Table 1: Domestic Connections

Sr. No.	Size of plot	A. Charges for piped water Supply Per month	B. Charges for Sewerage Per month
1	Up to 50 Sq.Yds (Single storey)	Rs. 150. Exempt if the monthly water consumption is below 10 Kl/ month as per meters installed by the Municipal Corporation.	100% of charges for piped water supply. Exemption applicable as for piped water supply.
2	Above 50 Sq.Yds upto 125 Sq.Yds	Rs. 150.	100% of charges for piped water supply.
3	Above 125 Sq.Yds upto 250 Sq.Yds	Rs. 175.	100% of charges for piped water supply.
4	Above 250 Sq.Yds upto less than 500 Sq.Yds	Rs. 250.	100% of charges for piped water supply.
5	500 Sq.Yds. and above.	As mentioned in table No.2 below.	As mentioned in table No.2 below.
Domestic consumer eligible for, and willing to avail of the exemption available for properties with area less than 50 square yards, will provide all co-operation for installation of water meter at the cost of the municipal corporation, failing which water charges will be levied as per the next higher slab for domestic connections; applicable sewage charges will also be levied.			

Table 2: All domestic connections, non-domestic connections with plot size 500 Sq. Yds. and above 500 Sq. Yds. and all metered connections

	A. Charges for piped water supply		B. Charges for Sewage
	Domestic connections	**Non domestic connections**	
a. Monthly fixed charges	Rs 150 per month	Rs. 300 per month	100% of charges for piped water supply
b. Consumption charges based on meter reading			
For the first 10 KL	Rs 2 per KL	Rs 4 per KL	100% of charges for piped water supply
For consumption from 11 KL to 20 KL	Rs 20 + Rs 5 per KL above 10 KL	Rs 40 + Rs 10 per KL above 10 KL	
For consumption from 21KL to 30 KL	RS 70 + Rs 8 per KL above 20 KL	Rs 140 + Rs 16 per KL above 20 KL	
For consumption more than 30 KL	Rs 150 + Rs 15 per KL above 30 KL	Rs 300 + Rs 30 per KL above 30 KL	

- All non domestic properties and domestic connections in plot size 500 square yards and above will be installed with water meters as per the specification mention below. The meters shall be installed by the consumers at their own cost within a period of six months from the date of this resolution.
- In case the consumer fails to install water meter within a period of six months, then for 500 square yard plot, Municipal Corporation will levy water charges at twice the rate applicable for the highest slab of domestic connection and for non domestic connections, four times the rate applicable for highest slab of domestic connection, until a meter is installed by the consumer or by the municipal corporation at the cost of the customer. For Plots above 500 square yards, for additional area above 500 sq yd, Rs. 1 per sq yd and Rs.2 per sq yd will be charged from the domestic connection and non domestic connections respectively.

a. For properties with more than one floor/ or with basement, the carpet area of all the floors/ basements other than ground floor will be added to the plot size to determine a) if the property is eligible for exemption, b) the slab rate to be levied for the property or c) the requirement for installing meters for the property.

b. In case each household in a domestic property is desirous of availing a separate connection, the slab rate will be calculated based on the undivided

share of plot area of each household or the built up area of the household whichever is higher. Each property may also avail of metered connections if feasible.

c. In case of multi-storeyed apartments, the charges will be levied on each apartment based on the undivided share of plot area or the built up area of the apartment whichever is higher. Each apartment may also avail of a metered connection if feasible.

d. All mixed use properties will be metered connections only.

e. All new connections given on or after 1st April, 2020 will be metered connections only.

f. In the case of switchover to surface water supply, all connections will be metered and charges as per Table 2 will apply irrespective of whether the connection is domestic or non domestic.

g. In case a domestic property has own source of water supply and does not have a municipal water connection, but the area is notified by the municipal Corporation as having infrastructure for piped water supply, monthly infrastructure charges in lieu of charges for piped water supply will be leviable, at the rate of 50% of the slab as per Table 1

h. In case a non domestic property has own source of water supply and does not have a municipal water connection, but the area is notified by the municipal Corporation as having infrastructure for piped water supply, monthly infrastructure charges in lieu of charges for piped water supply will be leviable, at the rate of 100% of the slab as per Table 1.

i. For cases g) and h) above, sewage charges will be leviable for both domestic and non domestic properties as per water consumption and discharge estimated by the municipal corporation based on rates in Table 2.

j. All rates in Table 1 and Table 2 will be subject to revision as follows:

   i. At the rate of 5% of the prevailing rate on April 1 of each financial year.

   ii. A revision to offset a) any revision in electricity tariff applicable for municipal water supply by the electricity regulator in Punjab or other competent authority or b) a revision or levy of indirect tax rates related to municipal water supply. Such revision will be effected automatically on the 1st day of the month following such revision and shall be in addition to the annual revision in a) above.

   iii. The tariff thus calculated will be rounded off to the next highest five rupees (i.e Rs 257.5 to Rs 260 or Rs 291.5 to Rs 295).

k. If 24 x7 water supply is planned in any city, the water tariff structure and rates will be revised after considering the projected income and expenditure of such supply.

l. Interest at the rate of 12% per annum will be leviable for late payment of water charges.

m. The water meter shall be as per the specifications below:

Water meter ½" or above shall be provided, installed and maintained by the consumer at his own cost after getting tested from the Municipal Corporation. No water meter rent will be charged by the Municipal Corporation. A consumer may, upon written application to the Municipal corporation/Council, have the water meter tested for accuracy and registration. Each of such application shall be accompanied by a deposit of fee for testing water meter set out in the policy.

Meter shall be of "ISI mark (IS-779), Class "B", Multijet, Inferential Type, Magnetically Coupled, Brass/Bronze body, 2(Two) year guarantee/warranty (preferably IP-68) accompanied by copy of test certificate meeting out the above specification shall be essential part of packing of water meter. No person shall tamper with the meter in any manner; provided that any member of the corporation staff may authorized by the Commissioner in his behalf access to the meter. The owner/consumer shall make provision and install the water meters in a horizontal position and as prescribed in IS-779. If an inspection indicates that the installation has not been carried out as prescribed, the owner shall correct/ modify the installation at his expense. Water meter shall be placed in a chamber with removable cover. **The meter box shall conform to IS-2104-(specification for water meters boxes).** The meter shall be fitted beyond stop cock with union to facilitate periodic changing of meter. When the meter shall fix underground a suitable water tight brick chamber is constructed and covered with an iron surface box.

n. **Charges in case meter is tampered/removed or does not record**:

(i) The proper working of water meter shall entirely rest with the consumer who shall be intimated of its being defective through remarks on the water bill itself. Such Consumer shall be required to replace or repair their water meter within a maximum period of 1 month from the date of issue of last bill bearing the remarks that the meter is defective. The charges for the period for which the meter remains defective will be on the basis of average of last three bills and thereafter if the meter is not got repaired or replaced by the consumer at his own cost the rate shall be 3 times of average charges of the last three months. Thereafter, if the consumer fails to replace the meter, the Water Supply shall be disconnected without any further notice.

(ii) Where it is found that the Water Meter has been tampered/damaged intentionally, the water charges shall be levied at five times of the three

previous bills average and if the water meter is not got replaced within 1 month of the notice; the water supply connection will be disconnected without any further notice.

ਫੈਸਲਾ:

ਨਗਰ ਨਿਗਮ ਮਹਿਸੂਸ ਕਰਦੀ ਹੈ ਕਿ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਸਰਫੇਸ ਵਾਟਰ ਸਿਸਟਮ ਲਾਗੂ ਕਰਨਾ ਸਮੇਂ ਦੀ ਲੋੜ੍ਹ ਹੈ ਅਤੇ ਪਾਣੀ ਅਤੇ ਸੀਵਰੇਜ਼ ਦੀ ਦੇਖ਼ਭਾਲ ਖ਼ਰਚ ਨੂੰ ਪੂਰਾ ਕਰਨ ਲਈ ਪਾਣੀ ਦੇ ਰੇਟ ਯੁਕਤੀਸੰਗਤ ਵੀ ਬਨਾਉਣ ਦੀ ਲੋੜ੍ਹ ਹੈ । ਇਸ ਤਜ਼ਵੀਜ਼ ਵਿੱਚ ਸੁਝਾਏ ਗਏ ਰੇਟ ਅਤੇ ਕੁਝ ਵਿਰੋਧਤਾਈ ਤੱਥਾਂ ਨੂੰ ਸੱਪਸ਼ਟ ਕਰਨ ਲਈ ਫੈਸਲਾ ਕੀਤਾ ਜਾਂਦਾ ਹੈ ਕਿ ਹੇਠ ਲਿਖੀ ਗਈ ਕਮੇਟੀ ਇਸ ਪੂਰੀ ਤਜ਼ਵੀਜ਼ ਤੇ ਆਪਣੀ ਰਿਪੋਰਟ ਤੁਰੰਤ ਦੇਵੇ ਤਾਂ ਕਿ ਅੰਤਿਮ ਮਤਾ ਪਾਸ ਕਰਕੇ ਸਰਕਾਰ ਨੂੰ ਭੇਜਿਆ ਜਾ ਸਕੇ:-

1. ਸ੍ਰੀ ਜਗਦੀਸ਼ ਕੁਮਾਰ ਦਕੋਹਾ, ਕੋਂਸਲਰ ਵਾਰਡ ਨੰ: 12
2. ਸ੍ਰੀ ਬਲਰਾਜ ਠਾਕੁਰ, ਕੋਂਸਲਰ ਵਾਰਡ ਨੰ: 28
3. ਸ੍ਰੀ ਨਿਰਮਲ ਸਿੰਘ, ਕੋਂਸਲਰ ਵਾਰਡ ਨੰ: 6
4. ਸ੍ਰੀਮਤੀ ਸੁਨੀਤਾ ਰਿੰਕੂ, ਕੋਂਸਲਰ ਵਾਰਡ ਨੰ: 42
5. ਸ੍ਰੀ ਮਨਜਿੰਦਰ ਸਿੰਘ ਚੱਠਾ, ਕੋਂਸਲਰ ਵਾਰਡ ਨੰ: 14

ਸਹੀ/- ਜਗਦੀਸ ਰਾਜ ਰਾਜਾ, ਮੇਅਰ
29.11.2019

ਇਸ ਉਪਰੰਤ ਹਾਊਸ ਦੀ ਸਹਿਮਤੀ ਅਤੇ ਮੇਅਰ ਜੀ ਦੀ ਆਗਿਆ ਨਾਲ
ਮੱਦ ਨੰ: 118 ਤੋਂ ਮੱਦ ਨੰ:122 ਤੱਕ ਅਜੰਡੇ ਦੇ ਬਾਹਰੋਂ ਲਈਆਂ ਗਈਆਂ ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
29.11.2019

ਮਤਾ ਨੰ:118
ਵਿਸ਼ਾ:- ਤਜਵੀਜ

ਤਜਵੀਜ ਸ੍ਰੀ ਰਜਿੰਦਰ ਬੇਰੀ, ਐਮ.ਐਲ.ਏ., ਜਲੰਧਰ ਸੈਂਟਰਲ ਜਿਸ ਦੀ ਪੁਸ਼ਟੀ ਸ੍ਰੀਮਤੀ ਉਮਾ ਬੇਰੀ, ਕੌਂਸਲਰ ਅਤੇ ਸ੍ਰੀ ਮਨਮੋਹਣ ਸਿੰਘ, ਕੌਂਸਲਰ ਨੇ ਕੀਤੀ ਹੈ ਕਿ ਆਮ ਲੋਕਾਂ ਦੀਆਂ ਸਹੂਲਤਾਂ ਅਤੇ ਪ੍ਰਸ਼ਾਸ਼ਨਿਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਤਜਵੀਜ ਕੀਤਾ ਜਾਂਦਾ ਹੈ ਕਿ ਜਲੰਧਰ ਸ਼ਹਿਰ ਦੇ ਮਾਸਟਰ ਪਲੈਨ ਵਿਚ ਅੰਦਰੂਨੀ ਬਜਾਰਾਂ ਵਿਚ ਕਾਰੋਬਾਰੀ ਨਕਸ਼ਾ ਪਾਸ ਕਰਾਉਣ ਲਈ ਘੱਟੋ-ਘੱਟ 33 ਫੁੱਟ ਚੌੜੀ ਸੜਕ ਅਤੇ ਬਾਹਰੀ ਇਲਾਕਿਆਂ ਵਿਚ 60 ਫੁਟ ਚੌੜੀ ਸੜਕ ਹੋਣੀ ਜਰੂਰੀ ਹੈ। ਜਲੰਧਰ ਸ਼ਹਿਰ ਦੇ ਅੰਦਰੂਨੀ ਬਜਾਰਾਂ ਦਾ ਅਧਿਐਨ ਕਰੀਏ ਤਾਂ ਇਹ ਬਜਾਰ ਦੇਸ਼ ਦੀ ਵੰਡ ਤੋਂ ਪਹਿਲਾਂ ਵਿਕਸਤ ਹੋਏ ਹਨ ਅਤੇ ਇਨ੍ਹਾਂ ਬਜਾਰਾਂ ਵਿਚ 33 ਫੁਟ ਚੌੜੀ ਸੜਕ ਨਹੀਂ ਹੈ। ਇਥੇ ਤੱਕ ਕਿ ਕੋਈ ਵਿਅਕਤੀ ਕਈ ਦਹਾਕਿਆਂ ਤੋਂ ਚੱਲ ਰਹੀਆਂ ਪੁਰਾਣੀਆਂ ਦੁਕਾਨਾਂ/ ਕਾਰੋਬਾਰੀ ਉਸਾਰੀ ਢਾਹ ਕੇ ਨਵੀਂ ਉਸਾਰੀ ਕਰਨਾ ਚਾਹੁੰਦਾ ਹੈ ਫਿਰ ਵੀ ਨਕਸ਼ਾ ਪਾਸ ਨਹੀਂ ਹੁੰਦਾ, ਇਹਨਾਂ ਬਜਾਰਾਂ ਵਿਚ ਪਹਿਲਾਂ ਹੀ 99% ਕਾਰੋਬਾਰੀ ਉਸਾਰੀਆਂ ਹੀ ਕੀਤੀਆਂ ਹੋਈਆ ਹਨ। ਇਸ ਲਈ ਜ਼ੋ ਵਿਅਕਤੀ ਨਕਸ਼ਾ ਪਾਸ ਵੀ ਕਰਵਾਉਣਾ ਚਾਹੁੰਦਾ ਹੈ ਤਾਂ ਵੀ ਨਹੀਂ ਕਰਵਾ ਸਕਦਾ। ਜਿਸ ਦੇ ਕਾਰਨ ਅਣਅਧਿਕਾਰਤ ਉਸਾਰੀਆਂ ਵਿਚ ਵਾਧਾ ਹੋ ਰਿਹਾ ਹੈ ਅਤੇ ਸਰਕਾਰ ਨੂੰ ਆਮਦਨ ਵਿਚ ਵੀ ਕਮੀ ਹੁੰਦੀ ਹੈ। ਇਸ ਲਈ ਤਜਵੀਜ ਦਿੱਤੀ ਜਾਂਦੀ ਹੈ ਕਿ ਸ਼ਹਿਰ ਦੇ ਅੰਦਰੂਨੀ ਬਜਾਰ ਜ਼ੋ ਕਿ ਹੇਠ ਲਿਖੇ ਹਨ, ਉਹਨਾਂ ਵਿਚ ਮੌਜੂਦਾ ਫਾਇਲ ਬੁਕ ਰਿਕਾਰਡ ਵੀ ਬਣੇ ਹੋਏ ਹਨ ਅਤੇ ਸਾਰੇ ਅੰਦਰੂਨੀ ਸ਼ਹਿਰ ਵਿਚ ਵਿਕਾਸ ਦੇ ਕੰਮ ਵੀ ਇਹਨਾਂ ਫਾਇਲ ਬੁਕਾਂ ਦੇ ਅਧਾਰ ਤੇ ਕੀਤੇ ਜਾਂਦੇ ਹਨ।ਇਸ ਲਈ ਸੁਝਾਅ ਦਿੱਤਾ ਜਾਂਦਾ ਹੈ ਕਿ ਇਸ ਦੇ ਅਨੁਸਾਰ ਹੀ ਨਕਸ਼ੇ /ਰਾਜੀਨਾਮੇ ਪਾਸ ਕੀਤੇ ਜਾਣੇ ਚਾਹੀਦੇ ਹਨ।
ਬਜਾਰ/ਅੰਦਰੂਨੀ ਸ਼ਹਿਰ ਦੇ ਵੇਰਵੇ:
1. ਗੁਡ ਮੰਡੀ ਬਜਾਰ
2. ਰੈਣਕ ਬਜਾਰ
3. ਇਮਾਮਨਾਸਰ ਬਜਾਰ
4. ਅਟਾਰੀ ਬਜਾਰ
5. ਬਰੈਂਡਰੈਥ ਰੋਡ, ਆਦਿ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:
ਪ੍ਰਵਾਨ ਹੈ ।
ਸਹੀ/- ਜਗਦੀਸ ਰਾਜ ਰਾਜਾ, ਮੇਅਰ
29.11.2019

ਮਤਾ ਨੰ:119

ਵਿਸ਼ਾ:- ਤਜਵੀਜ

ਤਜ਼ਵੀਜ ਵਲੋਂ ਸ੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ., ਜਿਸ ਦੀ ਪੁਸ਼ਟੀ ਸ੍ਰੀਮਤੀ ਉਮਾ ਬੇਰੀ, ਕੋਂਸਲਰ ਨੇ ਕੀਤੀ ਹੈ ਕਿ ਜਲੰਧਰ ਵੈਸਟ ਵਿਚ ਪੈਂਦੇ ਇਲਾਕਿਆਂ ਵਿਚ ਜਿਹੜੀਆਂ ਦੁਕਾਨਾਂ ਵਪਾਰਕ ਅਦਾਰੇ 60 ਫੁੱਟ ਤੋਂ ਘੱਟ ਚੌੜੀਆਂ ਸੜਕਾਂ ਤੇ ਪੈਂਦੇ ਹਨ, ਜ਼ੋਨਿੰਗ ਸਕੀਮ ਤਹਿਤ ਦੁਕਾਨਾਂ ਦੇ ਨਕਸ਼ੇ ਪਾਸ ਕਰਵਾਉਣ ਸਬੰਧੀ ਮਾਸਟਰ ਪਲਾਨ ਵਿਚ ਇਹ ਤਜਵੀਜ ਵੀ ਹੈ ਅਤੇ ਇਹ ਸਾਰੇ ਇਲਾਕੇ ਸੁਰੂ ਤੋਂ ਹੀ ਵਸੇ ਹੋਏ ਹਨ ਸਾਰੀਆਂ ਸੜਕਾਂ ਅਤੇ ਇਮਾਰਤਾਂ ਪੁਰਾਣੀਆਂ ਹਨ। ਇਹਨਾਂ ਹੇਠ ਲਿਖੀਆਂ ਸੜਕਾਂ/ਇਮਾਰਤਾਂ ਨੂੰ ਨਗਰ ਨਿਗਮ ਜਲੰਧਰ ਹਾਊਸ ਵਿਚ ਪ੍ਰਵਾਨਗੀ ਦੇਣ ਦੀ ਸ਼ਿਫਾਰਸ਼ ਕੀਤੀ ਜਾਂਦੀ ਹੈ ਜੀ:

1. ਬਾਬੂ ਲਾਭ ਸਿੰਘ ਨਗਰ ਪੁਲ ਤੋਂ ਨਾਗਰਾ ਰੋਡ ਗੰਦਾਂ ਨਾਲਾ ਪੁੱਲ ਤੱਕ।
2. ਬਸਤੀ ਬਾਵਾ ਖੇਲ ਨਹਿਰ ਤੋਂ ਬਾਬੂ ਲਾਭ ਸਿੰਘ ਨਗਰ ਨਹਿਰ ਪੁੱਲ ਦੀ ਦੋਨੋਂ ਤਰਫਾ।
3. ਬਸਤੀ ਬਾਵਾ ਖੇਲ ਨਹਿਰ ਤੋਂ ਗਾਖਲਾਂ ਪੁੱਲ ਤੱਕ।
4. ਬਸਤੀ ਪੀਰਦਾਦ ਨਹਿਰ ਪੁੱਲ ਤੋਂ ਗੰਦਾ ਨਾਲਾ ਲੈਦਰ ਕੰਪਲੈਕਸ ਤੱਕ।
5. ਰਾਜ ਨਗਰ ਮੋੜ ਤੋਂ ਮਧੂਬਨ ਕਲੋਨੀ ਮੋੜ ਤੱਕ।
6. ਬਸਤੀ ਪੀਰਦਾਦ ਗੁਰਦੁਆਰਾ ਤੋਂ ਬਸਤੀ ਬਾਵਾ ਖੇਲ ਅੱਡੇ ਤੱਕ।
7. ਗੁਰੂਦੁਆਰਾ ਬਸਤੀ ਪੀਰਦਾਦ ਤੋਂ ਸ਼ੇਰ ਸਿੰਘ ਕਲੋਨੀ ਪੁੱਲ ਤੱਕ।
8. ਗੁਰੂਦੁਆਰਾ ਆਦਰਸ਼ ਨਗਰ ਤੋਂ ਜੇ.ਪੀ. ਨਗਰ, ਹਰਬੰਸ ਨਗਰ, 120 ਫੁਟੀ ਰੋਡ ਤੱਕ।
9. ਝੰਡੀਆਂ ਵਾਲਾ ਪੀਰ ਚੌਂਕ ਤੋਂ ਆਦਰਸ਼ ਨਗਰ ਗੁਰੂਦੁਆਰਾ ਕ੍ਰਿਸ਼ਨਾ ਨਗਰ ਬਸਤੀ ਮਿਠੂੰ ਨਹਿਰ ਰੋਡ ਤੱਕ।
10. ਝੰਡੀਆਂ ਵਾਲੇ ਪੀਰ ਚੌਂਕ ਤੋਂ ਕਾਰ ਬਜਾਰ ਅਵਤਾਰ ਨਗਰ, ਨਕੋਦਰ ਰੋਡ ਤੱਕ।
11. ਫੁੱਟਬਾਲ ਚੌਂਕ ਤੋ ਬਸਤੀ ਨੌ, ਬਸਤੀ ਗੁਜਾ, ਬਾਬੂ ਜਗਜੀਵਨ ਰਾਮ ਚੌਂਕ ਤੱਕ।
12. ਬਾਬੂ ਜਗਜੀਵਨ ਰਾਮ ਚੌਂਕ ਤੋਂ ਬਸਤੀ ਦਾਨਿਸਮੰਦਾਂ ਗਾਖਲਾਂ ਪੁੱਲ ਤੱਕ।
13. ਸ਼ੇਰ ਸਿੰਘ ਪੁਲ ਤੋਂ ਕੁਟੀਆਂ ਰੋਡ ਬਸਤੀ ਦਾਨਿਸ਼ਮੰਦਾਂ ਰੋਡ ਤੱਕ।
14. ਇਵਨਿੰਗ ਕਾਲਜ (ਬਸਤੀ ਨੌ) ਤੋਂ ਬਬਰੀਕ ਚੌਂਕ ਤੱਕ।
15. ਬਬਰੀਕ ਚੌਂਕ ਤੋਂ ਬਸਤੀ ਸ਼ੇਖ ਮਾਡਲ ਹਾਊਸ ਰਵੀਦਾਸ ਚੌਂਕ ਤੱਕ।
16. ਘਾਹ ਮੰਡੀ ਮੋਡ ਬਸਤੀ ਸ਼ੇਖ ਤੋਂ ਕਾਲਾ ਸਿੰਘਾ ਰੋਡ ਧਾਲੀਵਾਲ ਪੁਲੀ ਤੱਕ।
17. ਘਈ ਨਗਰ ਮੋਡ ਤੋਂ ਸਹਿਨਸ਼ਾ ਪੈਲਸ ਰੋਡ, ਸਿਥਾਰਥ ਨਗਰ, ਨਕੋਦਰ ਰੋਡ ਤੱਕ।
18. ਬਸਤੀ ਸ਼ੇਖ ਅੱਡੇ ਤੋਂ ਸ਼ਿਹਨਾਈ ਪੈਲ ਚੋਂਕ ਤੱਕ।
19. ਪਰਸੂਰਾਮ ਭਵਨ ਮੋੜ ਤੋਂ ਬਸਤੀ ਮਿਠੂੰ ਮੋੜ ਤੱਕ।
20. ਰਤਨ ਬ੍ਰਦਰ ਮੋੜ ਨਾਹਲਾਂ ਪੁਲ ਤੱਕ।
21. ਘਾਹ ਮੰਡੀ ਚੂੰਗੀ ਤੋਂ ਦਸ਼ਮੇਸ਼ ਨਗਰ, ਨਾਖਾ ਵਾਲੇ ਬਾਗ ਤੱਕ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:120
ਵਿਸ਼ਾ:- ਤਜਵੀਜ।

ਤਜਵੀਜ਼ ਸ਼੍ਰੀ ਅਵਤਾਰ ਸਿੰਘ ਜੂਨੀਅਰ (ਹੈਨਰੀ) ਐਮ.ਐਲ.ਏ. ਜਲੰਧਰ ਨੋਰਥ ਜਿਸ ਦੀ ਪੁਸ਼ਟੀ ਸ਼੍ਰੀਮਤੀ ਰਜਨੀ ਬਾਹਰੀ ਕੌਂਸਲਰ, ਸ਼੍ਰੀਮਤੀ ਵੰਦਨਾ ਕੌਂਸਲਰ, ਸ਼੍ਰੀਮਤੀ ਰੀਟਾ ਸ਼ਰਮਾਂ ਕੌਂਸਲਰ, ਸ਼੍ਰੀ ਸੁਸ਼ੀਲ ਕਾਲੀਆ ਕੌਂਸਲਰ, ਸ਼੍ਰੀ ਦੀਪਕ ਸ਼ਾਰਦਾ ਕੌਂਸਲਰ ਅਤੇ ਨਿਰਮਲ ਸਿੰਘ ਕੌਂਸਲਰ ਨੇ ਕੀਤੀ ਹੈ ਕਿ ਆਮ ਲੋਕਾਂ ਦੀ ਸਹੂਲਤ ਅਤੇ ਪ੍ਰਸ਼ਾਸਨਿਕ ਹਿੱਤਾ ਨੂੰ ਮੁੱਖ ਰੱਖਦੇ ਹੋਏ ਤਜਵੀਜ ਕੀਤਾ ਜਾਂਦਾ ਹੈ ਕਿ ਜਲੰਧਰ ਸ਼ਹਿਰ ਦੇ ਮਾਸਟਰ ਪਲੈਨ ਵਿਚ ਅੰਦਰੂਨੀ ਬਜਾਰਾਂ ਵਿਚ ਕਾਰੋਬਾਰੀ ਨਕਸ਼ਾ ਪਾਸ ਕਰਾਉਣ ਲਈ ਘੱਟੋ-ਘੱਟ 33 ਫੁੱਟ ਚੌੜੀ ਸੜਕ ਅਤੇ ਬਾਹਰੀ ਇਲਾਕਿਆਂ ਵਿਚ 60 ਫੁਟ ਚੌੜੀ ਸੜਕ ਹੋਣੀ ਜਰੂਰੀ ਹੈ। ਜਲੰਧਰ ਸ਼ਹਿਰ ਦੇ ਅੰਦਰੂਨੀ ਬਜਾਰਾਂ ਦਾ ਅਧਿਐਨ ਕਰੀਏ ਤਾਂ ਇਹ ਬਜਾਰ ਦੇਸ਼ ਦੀ ਵੰਡ ਤੋਂ ਪਹਿਲਾਂ ਵਿਕਸਤ ਹੋਏ ਹਨ ਅਤੇ ਇਨ੍ਹਾਂ ਬਜਾਰਾਂ ਵਿਚ 33 ਫੁਟ ਚੌੜੀ ਸੜਕ ਨਹੀਂ ਹੈ। ਇਥੋ ਤੱਕ ਕਿ ਕੋਈ ਵਿਅਕਤੀ ਕਈ ਦਹਾਕਿਆਂ ਤੋਂ ਚੱਲ ਰਹੀਆਂ ਪੁਰਾਣੀਆਂ ਦੁਕਾਨਾਂ/ ਕਾਰੋਬਾਰੀ ਉਸਾਰੀ ਢਾਹ ਕੇ ਨਵੀਂ ਉਸਾਰੀ ਕਰਨਾ ਚਾਹੁੰਦਾ ਹੈ ਫਿਰ ਵੀ ਨਕਸ਼ਾ ਪਾਸ ਨਹੀਂ ਹੁੰਦਾ, ਇਹਨਾਂ ਬਜਾਰਾਂ ਵਿਚ ਪਹਿਲਾਂ ਹੀ 99% ਕਾਰੋਬਾਰੀ ਉਸਾਰੀਆਂ ਹੀ ਕੀਤੀਆਂ ਹੋਈਆ ਹਨ। ਇਸ ਲਈ ਜ਼ੋ ਵਿਅਕਤੀ ਨਕਸ਼ਾ ਪਾਸ ਵੀ ਕਰਵਾਉਣਾ ਚਾਹੁੰਦਾ ਹੈ ਤਾਂ ਵੀ ਨਹੀਂ ਕਰਵਾ ਸਕਦਾ। ਜਿਸ ਦੇ ਕਾਰਨ ਅਣਅਧਿਕਾਰਤ ਉਸਾਰੀਆਂ ਵਿਚ ਵਾਧਾ ਹੋ ਰਿਹਾ ਹੈ ਅਤੇ ਸਰਕਾਰ ਨੂੰ ਆਮਦਨ ਵਿਚ ਤਜਵੀਜ ਦਿੱਤੀ ਜਾਂਦੀ ਹੈ ਕਿ ਸ਼ਹਿਰ ਦੇ ਅੰਦਰੂਨੀ ਬਜਾਰ ਜ਼ੋ ਕਿ ਹੇਠ ਲਿਖੇ ਹਨ, ਉਹਨਾਂ ਮੌਜੂਦਾ ਫਾਇਲ ਬੁਕ ਰਿਕਾਰਡ ਬੁੱਕਾ ਦੇ ਆਧਾਰ ਤੇ ਕੀਤੇ ਜਾਂਦੇ ਹਨ।ਇਸ ਲਈ ਸੁਝਾਅ ਦਿੱਤਾ ਜਾਂਦਾ ਹੈ ਕਿ ਇਸ ਦੇ ਅਨੁਸਾਰ ਹੀ ਨਕਸ਼ੇ /ਰਾਜੀਨਾਮੇ ਪਾਸ ਕੀਤੇ ਜਾਣੇ ਚਾਹੀਦੇ ਹਨ।

ਬਜਾਰ/ਅੰਦਰੂਨੀ ਸ਼ਹਿਰ ਦੇ ਵੇਰਵੇ:

1. ਵਰਕਸ਼ਾਪ ਚੌਂਕ ਤੋਂ ਰੇਲਵੇ ਸਟੇਸ਼ਨ
2. ਵਰਕਸ਼ਾਪ ਚੌਂਕ ਤੋਂ ਗੁਲਾਬ ਦੇਵੀ ਰੋਡ
3. ਅੱਡਾ ਹੁਸ਼ਿਆਰਪੁਰ ਫਾਟਕ ਤੋਂ ਲੰਮਾਂ ਪਿੰਡ ਚੌਂਕ
4. ਦਮੋਰੀਆ ਪੁੱਲ ਤੋਂ ਸੋਢਲ ਚੌਂਕ
5. ਸੋਢਲ ਚੌਂਕ ਤੋਂ ਕਨਾਲ ਰੋਡ
6. ਸੋਢਲ ਚੌਂਕ ਤੋਂ ਸੋਢਲ ਫਾਟਕ
7. ਵੇਰਕਾ ਮਿਲਕ ਪਲਾਂਟ ਤੋਂ ਗਦਾਈਪੁਰ
8. ਜੇ.ਐਮ.ਪੀ. ਚੌਂਕ ਤੋਂ ਗੁੱਜਾ ਪੀਰ ਰੋਡ
9. ਮਕਸੂਦਾ ਚੌਂਕ ਤੋਂ ਨੰਦਨਪੁਰ ਰੋਡ
10. ਮਕਸੂਦਾ ਚੌਂਕ ਤੋਂ ਨਾਗਰਾ ਰੋਡ
11. ਰਵੀਦਾਸ ਸਕੂਲ ਰੋਡ ਤੋਂ ਜੈਮਲ ਨਗਰ ਰੋਡ
12. ਭਗਤ ਸਿੰਘ ਚੌਂਕ ਤੋਂ ਅੱਡਾ ਹੁਸ਼ਿਆਰਪੁਰ ਰੋਡ

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ : 29.11.2019 ਰਾਹੀ ਉਪਰੋਕਤ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:121

ਵਿਸ਼ਾਂ:- ਚੌਂਕ ਦਾ ਨਾਮ ਮਾਤਾ ਕਲਸਾ ਦੇਵੀ ਜੀ ਦੇ ਨਾਮ ਤੇ ਰੱਖਣ ਸਬੰਧੀ।

ਤਜਵੀਜ ਸ੍ਰੀਮਤੀ ਜ਼ਸਪਾਲ ਕੌਰ ਭਾਟੀਆ, ਕੌਂਸਲਰ ਵਾਰਡ ਨੰ: 45 ਜਿਸ ਦੀ ਪੁਸ਼ਟੀ ਸ੍ਰੀ ਸੁਸ਼ੀਲ ਕੁਮਾਰ ਰਿੰਕੂ, ਐਮ.ਐਲ.ਏ., ਜਲੰਧਰ ਵੈਸਟ ਜੀ ਨੇ ਕੀਤੀ ਹੈ ਕਿ ਮੇਰੇ ਵਾਰਡ ਵਿਚ ਸ੍ਰੀ ਗੁਰੂ ਰਵਿਦਾਸ ਮੰਦਿਰ ਸਥਾਪਤ ਹੈ ਤੇ ਲੱਗਭੱਗ 50 ਸਾਲਾਂ ਤੋਂ ਪੁਰਾਣਾ ਹੈ। ਇਸ ਮੰਦਿਰ ਪ੍ਰਤੀ ਲੋਕਾਂ ਦੀ ਬਹੁਤ ਜ਼ਿਆਦਾ ਆਸਥਾ ਹੈ। ਮੰਦਰ ਕਮੇਟੀ ਅਤੇ ਇਲਾਕੇ ਦੀਆਂ ਸੰਗਤਾ ਦੀ ਪੁਰਜੋਰ ਮੰਗ ਹੈ ਕਿ ਇਸ ਦੇ ਨਾਲ ਲੱਗਦੇ ਚੌਂਕ ਦਾ ਨਾਮ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਾਤਾ ਜੀ ਦੇ ਮਾਤਾ ਕਲਸਾ ਦੇਵੀ ਜੀ ਚੌਂਕ ਰੱਖਿਆ ਜਾਵੇ।ਮੰਗ ਪੱਤਰ ਦੀ ਕਾਪੀ ਅਤੇ ਸਾਡੇ ਵਲੋਂ ਦਿੱਤੀ ਗਈ ਤਜਵੀਜ ਨੂੰ ਹਾਊਸ ਵਿਚ ਪ੍ਰਵਾਨਗੀ ਹਿਤ ਰੱਖਿਆ ਜਾਵੇ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਨਾਲ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019

ਮਤਾ ਨੰ:122

ਵਿਸ਼ਾ:- ਨਗਰ ਨਿਗਮ, ਜਲੰਧਰ ਵਿੱਚ ਸਫਾਈ ਸੇਵਕ ਰੱਖਣ ਸਬੰਧੀ।

ਤਜਵੀਜ ਸ੍ਰੀਮਤੀ ਬਲਵਿੰਦਰ ਕੌਰ, ਕੌਂਸਲਰ ਵਾਰਡ ਨੰ: 47 ਜਿਸ ਦੀ ਪੁਸ਼ਟੀ ਸ੍ਰੀਮਤੀ ਉਮਾ ਬੇਰੀ, ਕੌਂਸਲਰ ਅਤੇ ਸ੍ਰੀਪ ਮਨਮੋਹਣ ਸਿੰਘ, ਕੌਂਸਲਰ ਨੇ ਕੀਤੀ ਹੈ ਕਿ ਉਪਰੋਕਤ ਵਿਸ਼ੇ ਸਬੰਧੀ ਬੇਨਤੀ ਕੀਤੀ ਜਾਂਦੀ ਹੈ ਕਿ ਨਗਰ ਨਿਗਮ, ਜਲੰਧਰ ਦੇ ਮਾਨਯੋਗ ਹਾਊਸ ਵੱਲੋਂ ਸਮੇਂ-ਸਮੇਂ ਤੇ ਸਫਾਈ ਸੇਫਕਾਂ ਦੀ ਭਰਤੀ ਸਬੰਧੀ ਮਤੇ ਪ੍ਰਵਾਨ ਕੀਤੇ ਗਏ ਸਨ ਪਰ ਭਰਤੀ ਨਾ ਹੋਣ ਕਰਕੇ ਇਹਨਾਂ ਦੀ ਕੁੱਲ ਗਿਣਤੀ ਪ੍ਰਵਾਨਤ ਪੋਸਟਾਂ 2264 ਤੋਂ ਵੀ ਲਗਭਗ 300 ਸਫਾਈ ਸੇਵਕ ਘੱਟ ਕੰਮ ਕਰ ਰਹੇ ਹਨ। ਇਹ ਭਰਤੀ 2264 ਪ੍ਰਵਾਨਤ ਪੋਸਟਾਂ ਉਸ ਸਮੇਂ ਦੀਆਂ ਹਨ ਜਦੋਂ ਕਿ ਸ਼ਹਿਰ ਵਿੱਚ 55 ਵਾਰਡ ਸਨ। ਉਸ ਤੋਂ ਬਾਅਦ ਨਗਰ ਨਿਗਮ, ਜਲੰਧਰ ਵਿੱਚ 60 ਵਾਰਡ ਹੋਏ ਅਤੇ ਉਸ ਤੋਂ ਬਾਅਦ ਸਾਲ 2017 ਵਿੱਚ 80 ਵਾਰਡ ਕਰ ਦਿੱਤੇ ਗਏ। ਇਸ ਦੇ ਨਾਲ-ਨਾਲ ਹੀ ਸਰਕਾਰ ਦੀ ਨਵੀਂ ਨੋਟੀਫਿਕੇਸ਼ਨ ਅਨੁਸਾਰ ਕੈਂਟ ਵਿਧਾਨ ਸਭਾ ਹਲਕੇ ਵਿੱਚ ਪੈਂਦੇ 11 ਪਿੰਡ ਵੀ ਸ਼ਾਮਿਲ ਕਰ ਦਿੱਤੇ ਗਏ ਹਨ। ਇਸ ਤਰ੍ਹਾਂ 2017 ਵਿੱਚ 535 ਸਫਾਈ ਕਰਮਚਾਰੀਆਂ ਦੀ ਭਰਤੀ ਸਬੰਧੀ ਮਤਾ ਮਾਨਯੋਗ ਹਾਊਸ ਵੱਲੋਂ ਪ੍ਰਵਾਨ ਕੀਤਾ ਗਿਆ ਸੀ। ਪਰ ਇਸ ਤੇ ਵੀ ਕੋਈ ਵੀ ਅਗਲੇਰੀ ਕਾਰਵਾਈ ਨਹੀਂ ਹੋ ਸਕੀ। ਅੱਜ ਦੇ 80 ਵਾਰਡਾਂ ਨੂੰ ਮੁੱਖ ਰੱਖਦੇ ਹੋਏ ਅਤੇ 11 ਪਿੰਡਾਂ ਨੂੰ ਨਗਰ ਨਿਗਮ, ਜਲੰਧਰ ਵਿੱਚ ਸ਼ਾਮਿਲ ਕੀਤੇ ਨੂੰ ਧਿਆਨ ਵਿੱਚ ਰੱਖਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ 535 ਉਸ ਸਮੇਂ ਦੇ (ਪੁਰਾਣੇ ਮਤੇ ਅਨੁਸਾਰ) ਅਤੇ 25 ਸਫਾਈ ਕਰਮਚਾਰੀ ਪ੍ਰਤੀ ਪਿੰਡ 11 ਪਿੰਡਾਂ ਲਈ 275 ਅਤੇ ਕੁੱਲ 535+275= 810 ਸਫਾਈ ਕਰਮਚਾਰੀ ਭਰਤੀ ਕੀਤੇ ਜਾਣ ਅਤੇ ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਇਹ ਭਰਤੀ ਹਾਲ ਦੀ ਘੜੀ ਡੀ.ਸੀ. ਰੇਟਾਂ ਤੇ ਕਰ ਲਈ ਜਾਵੇ। ਇਸ ਦੇ ਨਾਲ-ਨਾਲ ਹੀ ਹਰ ਪਿੰਡ ਵਾਸਤੇ 1 ਸੁਪਰਵਾਈਜਰ 11 ਪਿੰਡਾਂ ਲਈ 11 ਸੁਪਰਵਾਈਜਰ ਵੀ ਭਰਤੀ ਕੀਤੇ ਜਾਣ। ਇਸ ਕੰਮ ਨੂੰ ਅਤਿ ਜਰੂਰੀ ਸਮਝਦੇ ਹੋਏ ਸਰਕਾਰ ਦੇ ਰੂਲਾਂ ਅਤੇ ਹਦਾਇਤਾਂ ਅਨੁਸਾਰ ਭਰਤੀ ਕਰਨ ਸਬੰਧੀ ਤਜਵੀਜ ਮਾਨਯੋਗ ਨਿਗਮ ਹਾਊਸ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 28.11.2019 ਰਾਹੀਂ ਤਜਵੀਜ ਹਾਊਸ ਵਿਚ ਵਿਚਾਰਣ ਹਿਤ ਪੇਸ਼ ਹੈ ।

ਫੈਸਲਾ:

ਪ੍ਰਵਾਨ ਹੈ ।

ਸਹੀ/- ਜਗਦੀਸ ਰਾਜ ਰਾਜਾ, ਮੇਅਰ

29.11.2019